ੴ

ਸਿੱਖ ਮਿਸ਼ਨਰੀ ਕਾਲਜ ਦਾ ਮਾਸਿਕ ਪੱਤਰ

ਸਿੱਖ ਫੁਲਵਾੜੀ

SIKH PHULWARI

ਦਸੰਬਰ-2005

ਜ਼ੁਲਮ ਦੇ ਅਗੇ ਸੀਸ ਅਸਾਡਾ,
ਨਾ ਝੁਕਿਐ, ਨਾ ਝੁਕਣੈ ਖਾਨਾਂ!
ਤੇਰੀਆਂ ਰੰਬੀਆਂ ਛਵੀਆਂ ਪਾਸੋਂ,
ਤੇਰੀਆਂ ਤੇਜ਼ ਕਟਾਰਾਂ ਪਾਸੋਂ,
ਗੋਬਿੰਦ ਸਿੰਘ ਦਾ ਲਹੂ ਅਣਖੀਲਾ
ਨਾ ਮੁਕਣੈ ਨਾ ਸੁਕਣੈ ਖਾਨਾਂ!

8 ਰੁਪਏ

ਸਿੱਖ ਫੁਲਵਾੜੀ

ਸਾਲ 26 ਦਸੰਬਰ 2005 ਨਾਨਕਸ਼ਾਹੀ ਸੰਮਤ ੫੩੮ ਅੰਕ 5

ਸੰਪਾਦਕੀ ਬੋਰਡ

ਪ੍ਰਿੰ: ਹਰਿਭਜਨ ਸਿੰਘ, ਲੁਧਿਆਣਾ (ਮੁੱਖ ਸੰਪਾਦਕ)
ਸ: ਹਰਜੀਤ ਸਿੰਘ, ਜਲੰਧਰ (ਸੰਪਾਦਕ)
ਸ: ਕਿਰਪਾਲ ਸਿੰਘ 'ਚੰਦਨ' (ਸਹਿ ਸੰਪਾਦਕ)
ਸ: ਗੁਰਮੀਤ ਸਿੰਘ, ਕੁਰਾਲੀ (ਸਹਿ ਸੰਪਾਦਕ)

ਸਿੱਖ ਫੁਲਵਾੜੀ ਡਾਇਰੈਕਟਰ, ਸਿੱਖਿਆ ਵਿਭਾਗ, ਪੰਜਾਬ ਵਲੋਂ ਸਭ ਸਕੂਲਾਂ, ਸਮਾਜਕ ਸਿੱਖਿਆ ਕੇਂਦਰਾਂ ਤੇ ਲਾਇਬਰੇਰੀਆਂ ਲਈ ਪੱਤਰ ਨੰਬਰ 332813-7-1981 ਰਾਹੀਂ ਪ੍ਰਵਾਨਿਤ ਹੈ।

ਚੰਦਾ ਭੇਜਣ ਦਾ ਪਤਾ

ਸਿੱਖ ਫੁਲਵਾੜੀ, 1051/14, ਫੀਲਡ ਗੰਜ, ਲੁਧਿਆਣਾ-141008
ਫੋਨ : 0161-5021815, ਫੈਕਸ : 0161-5021815

ਸਬ ਆਫਿਸ : C-135, ਮਾਨ ਸਰੋਵਰ ਗਾਰਡਨ,
ਨਵੀਂ ਦਿੱਲੀ-110015 ਫੋਨ : 011-55330502

ਜਲੰਧਰ ਸਬ ਆਫ਼ਿਸ : ਕੰਵਰ ਸਤਨਾਮ ਸਿੰਘ ਚੈਰੀਟੇਬਲ ਕੰਪਲੈਕਸ
ਮਾਡਲ ਹਾਊਸ ਰੋਡ, ਬਸਤੀ ਸ਼ੇਖ, ਜਲੰਧਰ-144 002
ਫੋਨ : 0181-2430547

ਜੰਮੂ ਸਬ ਆਫ਼ਿਸ : 36, ਗੁਰਦੁਆਰਾ ਸਿੰਘ ਸਭਾ ਕੰਪਲੈਕਸ, ਸੈਕਟਰ 2, ਗੁਰੂ ਨਾਨਕ ਨਗਰ, ਜੰਮੂ। ਫੋਨ : 0191-2439489

ਸਾਲਾਨਾ ਚੰਦਾ : ਦੇਸ਼ : 60 ਰੁ:, ਵਿਦੇਸ਼ : 600 ਰੁ: ($15)
ਲਾਈਫ ਮੈਂਬਰਸ਼ਿਪ : ਦੇਸ਼ : 600 ਰੁ: ਵਿਦੇਸ਼ : 6000 ਰੁ:($150)

ਇਕ ਕਾਪੀ : 8 ਰੁਪਏ

E-mail : smcludh@satyam.net.in

Website : www.sikhmissionarycollege.org
smclud.com
sikhphulwari.com

ਗੁਰਪੁਰਬ ਅਤੇ ਇਤਿਹਾਸਕ ਦਿਹਾੜੇ

ਜਨਮ ਦਿਨ ਸਾਹਿਬਜ਼ਾਦਾ ਫਤਹਿ ਸਿੰਘ ਜੀ........12 ਦਸੰਬਰ
ਸ਼ਹੀਦੀ ਵੱਡੇ ਸਾਹਿਬਜ਼ਾਦੇ (ਚਮਕੌਰ ਸਾਹਿਬ)........21 ਦਸੰਬਰ
ਸ਼ਹੀਦੀ ਛੋਟੇ ਸਾਹਿਬਜ਼ਾਦੇ (ਫਤਹਿਗੜ੍ਹ ਸਾਹਿਬ)..26-28 ਦਸੰਬਰ

ਤਤਕਰਾ

- ਜੀਵਨ ਮਰਨ ਦੀ ਜਾਚ...(ਸੰਪਾਦਕੀ)............2
- ਗਹੁ ਕਰਿ ਪਕਰੀ ਨ ਆਈ ਹਾਥਿ॥...............4
- ਸਵਾਲ ? ਜਵਾਬ.................................6
- ਪਾਠਕ ਲਿਖਦੇ ਹਨ..............................9
- ਸ਼ਹਾਦਤ ਦਾ ਸੰਕਲਪ : ਪ੍ਰਕਿਰਤੀ ਤੇ ਸਰੂਪ.........11
- ਚਾਰੇ ਸਾਹਿਬਜ਼ਾਦਿਆਂ ਦੀ ਸ਼ਹਾਦਤ.............13
- ਚਿੰਤਾ ਰੋਗ ਦਾ ਅਧਿਆਤਮਿਕ ਉਪਚਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ........................16
- ਸਿਦਕ ਦਾ ਭਰ ਵਗਦਾ ਦਰਿਆ : ਮਾਤਾ ਗੁਜਰੀ ਜੀ..18
- ਭਲਾ ਕਿਸ ਤਰ੍ਹਾਂ ਦਾ ਸੀ ਯੁੱਧ ਚਮਕੌਰ ਦਾ........20
- ਅਕਾਲੀ ਫੂਲਾ ਸਿੰਘ ਜੀ ਨਿਹੰਗ.................23
- ਦੋ ਖ਼ੁਸ਼ਨੁਮਾ ਗੁੰਚੇ (ਕਵਿਤਾ)......................25
- ਹੁਕਮ ਵਿਚ ਸਭ, ਨਾ ਸ਼ਕ ਕਰ ਤੂੰ (ਕਵਿਤਾ).......26
- ਛੋਟੇ ਬੱਚਿਆਂ ਲਈ ਸਾਂਵੀਂ-ਸੰਤੁਲਿਤ ਖ਼ੁਰਾਕ.....27
- ਕਰਿ ਕੀਰਤਨੁ ਹੋਇ ਉਧਾਰੁ-3....................29
- ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸੇਵਾ-ਸੰਭਾਲ ਵਿਚ ਹੋ ਰਹੀ ਕੁਤਾਹੀ.................30
- ਮਸਕੀਨ ਜੀ ਦਾ ਕੌਮ ਨੂੰ ਆਖ਼ਰੀ ਸੁਨੇਹਾ.......32
- ਗੁਰਬਾਣੀ ਵਿਚ ਪ੍ਰਭੂ-ਪ੍ਰੇਮ.........................33
- ਬਾਲ ਫੁਲਵਾੜੀ...................................36
- ਸਿੱਖ ਕੌਮ ਦੀ ਤ੍ਰਾਸਦੀ : ਬਹਾਰ ਤੋਂ ਪਤਝੜ ਵੱਲ.....39
- ਖ਼ਬਰਨਾਮਾ ਅਤੇ ਸਰਗਰਮੀਆਂ.....................40
- ਸਿੱਖ ਪੰਥ ਦੀ ਉਸਾਰੀ ਵਿਚ ਬੀਬੀਆਂ ਦਾ ਯੋਗਦਾਨ..........................42
- Concern for the Poor in Sikhism.....44
- ਵਰ ਰਿਸ਼ਤੇ ਦੀ ਲੋੜ...............................47

ਜੀਵਣ ਮਰਨ ਦੀ ਜਾਚ

ਜਨਮ ਤੇ ਮੌਤ ਜੀਵਨ-ਲੱਜ ਦੇ ਦੋ ਸਿਰੇ ਹਨ। ਜੰਮਣਾ ਤੇ ਮਰਨਾ ਮਨੁੱਖ ਦੇ ਆਪਣੇ ਵੱਸ ਨਹੀਂ, ਪ੍ਰਭੂ ਦੇ ਵੱਸ ਹੈ। ਹਾਂ, ਜੀਵਨ ਨੂੰ ਸੁਚੱਜੇ ਜਾਂ ਕੁਚੱਜੇ ਤੌਰ ਤੇ ਬਿਤਾਉਣਾ ਤਾਂ ਕਿਸੇ ਹੱਦ ਤੱਕ ਮਨੁੱਖ ਦੇ ਵੱਸ ਦੀ ਗੱਲ ਹੈ। ਲੋਕੀਂ ਆਪੋ-ਆਪਣੇ ਵਿਸ਼ਵਾਸਾਂ ਅਨੁਸਾਰ ਜੀਵਨ ਜੀਉਂਦੇ ਹਨ। ਜਿਹੜੇ 'ਖਾਓ, ਪੀਓ, ਕਰੋ ਅਨੰਦ' ਦੀ ਵਿਚਾਰਧਾਰਾ ਦੇ ਵਿਸ਼ਵਾਸੀ ਹਨ ਉਹ ਉਮਰ ਭਰ ਸੰਸਾਰਕ ਸੁਖ ਸਾਧਨਾਂ ਦੀ ਪ੍ਰਾਪਤੀ ਵਿਚ ਅਤੇ ਉਨ੍ਹਾਂ ਨੂੰ ਭੋਗਣ ਵਿਚ ਗਲਤਾਨ ਰਹਿੰਦੇ ਹਨ। ਅਜਿਹੇ ਮਨੁੱਖ ਪੂਰੇ ਤੌਰ ਤੇ ਸੁਆਰਥੀ ਹੁੰਦੇ ਹਨ। ਇਨ੍ਹਾਂ ਕੋਲੋਂ ਸਮਾਜ ਸੇਵਾ ਦੀ ਜਾਂ ਜੀਵਨ ਵਿਚ ਉਚੇਰੇ ਆਦਰਸ਼ ਮਿੱਥ ਕੇ ਉਨ੍ਹਾਂ ਨੂੰ ਪ੍ਰਾਪਤ ਕਰਨ ਦੀ ਆਸ ਵੀ ਨਹੀਂ ਲਾਈ ਜਾ ਸਕਦੀ, ਸਗੋਂ ਇਹ ਕਪਟੀ, ਧੋਖੇਬਾਜ਼, ਦੂਜਿਆਂ ਦਾ ਹੱਕ ਮਾਰਨ ਵਾਲੇ ਜ਼ਰੂਰ ਬਣ ਸਕਦੇ ਹਨ।

ਸੰਸਾਰ ਵਿਚ ਬਹੁਤੇ ਮਨੁੱਖ ਅਜਿਹੇ ਹੁੰਦੇ ਹਨ, ਜਿਹੜੇ 'ਰੋਟੀ ਕੱਪੜਾ ਅਤੇ ਮਕਾਨ' ਦੀ ਪ੍ਰਾਪਤੀ ਨੂੰ ਜੀਵਨ ਆਦਰਸ਼ ਬਣਾ ਲੈਂਦੇ ਹਨ। ਇਹ ਤਿੰਨੋ ਚੀਜ਼ਾਂ, ਮਨੁੱਖੀ ਜੀਵਨ ਦੀਆਂ ਮੁੱਢਲੀਆਂ ਲੋੜਾਂ ਹਨ। ਇਨ੍ਹਾਂ ਦੀ ਪ੍ਰਾਪਤੀ ਤੋਂ ਬਿਨਾਂ ਜੀਵਨ-ਗੱਡੀ ਚੱਲ ਨਹੀਂ ਸਕਦੀ। ਪਰ ਇਨ੍ਹਾਂ ਦੀ ਪ੍ਰਾਪਤੀ ਨੂੰ ਅੰਤਿਮ ਨਿਸ਼ਾਨਾ ਮਿੱਥ ਲੈਣਾ ਵੀ ਕੋਈ ਅਕਲਮੰਦੀ ਵਾਲੀ ਗੱਲ ਨਹੀਂ। ਇਸ ਵਿਚਾਰਧਾਰਾ ਦੇ ਧਾਰਨੀ ਆਮ ਤੌਰ ਤੇ ਧਨ ਜਾਇਦਾਦ ਅਤੇ ਸੁਖ-ਸਾਧਨਾਂ ਦੀ ਪ੍ਰਾਪਤੀ ਦੇ ਆਹਰਾਂ ਵਿਚ ਜੁਟੇ ਰਹਿੰਦੇ ਹਨ ਅਤੇ ਇਨ੍ਹਾਂ ਦੇ ਜੀਵਨ ਦਾ ਮਕਸਦ ਵੀ "ਖਾਓ-ਪੀਓ, ਕਰੋ ਅਨੰਦ" ਬਣ ਕੇ ਰਹਿ ਜਾਂਦਾ ਹੈ।

ਸੰਸਾਰ ਵਿਚ ਕੁਝ ਅਜਿਹੇ ਮਨੁੱਖ ਵੀ ਹੁੰਦੇ ਹਨ ਜੋ ਆਪਣੇ ਜੀਵਨ ਦਾ ਨਿਸ਼ਾਨਾ ਸਮੁੱਚੇ ਸਮਾਜ ਦੀ ਭਲਾਈ ਮਿੱਥ ਲੈਂਦੇ ਹਨ। ਇਹ ਮਨੁੱਖ ਜਿੱਥੇ ਆਮ ਜੀਵਨ ਦੀਆਂ ਉੱਚੀਆਂ-ਸੁੱਚੀਆਂ ਕਦਰਾਂ-ਕੀਮਤਾਂ ਦੇ ਧਾਰਨੀ ਹੁੰਦੇ ਹਨ, ਉੱਥੇ ਇਨ੍ਹਾਂ ਕੀਮਤਾਂ ਦਾ ਪਰਚਾਰ ਵੀ ਕਰਦੇ ਹਨ। ਉਹ ਅਮਲੀ ਜੀਵਨ ਰਾਹੀਂ ਸੰਸਾਰ ਨੂੰ ਸਚਾਈ, ਇਨਸਾਫ਼, ਸੇਵਾ ਤੇ ਲੋਕ ਭਲਾਈ ਦੇ ਰਾਹ ਉੱਪਰ ਤੋਰਦੇ ਹਨ।

'ਲੋਕ ਭਲਾਈ' ਕਹਿਣ ਨੂੰ ਤਾਂ ਇਕ ਸਾਧਾਰਨ ਜਿਹਾ ਲਫ਼ਜ਼ ਹੈ, ਪ੍ਰੰਤੂ ਲੋਕ-ਭਲਾਈ ਦਾ ਰਸਤਾ ਬਹੁਤ ਬਿਖੜਾ ਹੈ। ਲੋਕ-ਸੇਵਕਾਂ ਨੂੰ ਨਿਜੀ ਸੁਖ-ਆਰਾਮ ਤਿਆਗਣੇ ਪੈਂਦੇ ਹਨ ਤੇ ਉਹ ਸਮਾਜ ਵਿਚੋਂ ਗਲਤ ਵਿਸ਼ਵਾਸਾਂ ਤੇ ਗਲਤ ਪਰੰਪਰਾਵਾਂ ਦੇ ਖਾਤਮੇ ਲਈ ਸੰਘਰਸ਼ਸ਼ੀਲ ਰਹਿੰਦੇ ਹਨ। ਪੁਰਾਤਨ ਪੰਥੀ ਤੇ ਲਕੀਰ ਦੇ ਫਕੀਰ, ਸਮਾਜ ਸੁਧਾਰਕਾਂ ਦੇ ਰਾਹ ਵਿਚ ਤਰ੍ਹਾਂ ਤਰ੍ਹਾਂ ਦੀਆਂ ਰੁਕਾਵਟਾਂ ਪਾਉਂਦੇ ਹਨ। ਜੇ ਕਦੇ ਸਮਾਜ-ਸੇਵਕਾਂ ਨੂੰ ਰਾਜਨੀਤਿਕ ਧੱਕੇਸ਼ਾਹੀ ਅਤੇ ਬੇਇਨਸਾਫੀ ਵਿਰੁੱਧ ਆਵਾਜ਼ ਉਠਾਉਣੀ ਪਵੇ, ਤਾਂ ਉਨ੍ਹਾਂ ਨੂੰ ਸਿਰ ਤੇ ਖੱਫਣ ਬੰਨ੍ਹ ਕੇ ਮੈਦਾਨ ਵਿਚ ਨਿਤਰਨਾ ਪੈਂਦਾ ਹੈ। ਸਿਆਸੀ ਤਾਕਤ ਨਾਲ ਭੂਤਰੇ ਹੋਏ ਲੋਕ, ਜਿਨ੍ਹਾਂ ਕੋਲ ਫੌਜ, ਪੁਲੀਸ ਤੇ ਹੋਰ ਅਸੀਮ-ਸਾਧਨ ਹੁੰਦੇ ਹਨ, ਆਪਣੇ ਵਿਰੋਧੀਆਂ ਨੂੰ 'ਕੁਚਲ ਦੇਣ' ਤੋਂ ਘੱਟ ਗੱਲ ਨਹੀਂ ਕਰਦੇ ਅਤੇ ਬੇਰਹਿਮੀ ਨਾਲ ਕੁਚਲਦੇ ਵੀ ਹਨ। ਬਹਾਦਰ ਲੋਕ-ਸੇਵਕ ਆਪਣੀਆਂ ਜਾਨਾਂ ਵਾਰ ਕੇ ਸੱਚ ਅਤੇ ਇਨਸਾਫ਼ ਦੀ ਆਵਾਜ਼ ਨੂੰ ਬੁਲੰਦ, ਕਰੀ ਰੱਖਦੇ ਹਨ।

ਅਜਿਹੇ ਹੀ ਬਹਾਦਰ ਲੋਕਾਂ ਦਾ ਸਮੂਹ ਸਿੱਖ ਕੌਮ ਹੈ। ਗੁਰੂ ਸਾਹਿਬਾਨ ਨੇ ਜਿੱਥੇ ਮਨੁੱਖਾਂ ਨੂੰ ਪ੍ਰਭੂ-ਭਗਤ ਬਣਨ, ਅਕਾਲਪੁਰਖੀ ਕਦਰਾਂ-ਕੀਮਤਾਂ ਨੂੰ ਧਾਰਨ ਅਤੇ ਪਰਚਾਰਨ, ਤੇ ਸਰਬੱਤ ਦੇ ਭਲੇ ਵਾਲਾ ਅਮਲੀ ਜੀਵਨ ਜੀਊਣ ਦੀ ਸਿੱਖਿਆ ਅਤੇ ਟਰੇਨਿੰਗ ਦਿੱਤੀ ਹੈ, ਓਥੇ ਉੱਚੀਆਂ-ਸੁੱਚੀਆਂ ਇਨਸਾਨੀ ਕੀਮਤਾਂ ਦੀ ਰਾਖੀ ਲਈ ਜੂਝਣ ਅਤੇ ਮਰਨ ਦੀ ਪ੍ਰੇਰਨਾ ਤੇ ਅਗਵਾਈ ਵੀ ਦਿੱਤੀ ਹੈ। ਬਾਬਰ ਵਰਗੇ ਨਿਰਦਈ ਹਾਕਮ ਨੂੰ ਗੁਰੂ ਨਾਨਕ ਪਾਤਸ਼ਾਹ ਹੀ ਜਾਬਰ ਆਖ ਸਕਦੇ ਹਨ; ਹਿਮਾਯੂੰ ਨੂੰ ਗੁਰੂ ਅੰਗਦ ਪਾਤਸ਼ਾਹ ਹੀ ਕਹਿ ਸਕਦੇ ਸਨ ਕਿ ਜਿਹੜੀ ਤਲਵਾਰ ਉਸਨੇ ਗੁਰੂ ਸਾਹਿਬ ਨੂੰ ਧਮਕਾਉਣ ਲਈ ਕੱਢੀ ਸੀ, ਉਹ ਸ਼ੇਰਸ਼ਾਹ ਸੂਰੀ ਕੋਲੋਂ ਸ਼ਰਮਾ ਕੇ ਮਿਆਨ ਵਿਚ ਕਿਉਂ ਵੜ ਗਈ ਸੀ? ਜਹਾਂਗੀਰ ਅਤੇ ਔਰੰਗਜ਼ੇਬ ਜਿਹੇ ਹੈਂਕੜਬਾਜ਼ ਰਾਜਿਆਂ ਦੀ ਬੇਇਨਸਾਫੀ ਤੇ ਅੱਤਿਆਚਾਰਾਂ ਨੂੰ ਸ਼ਾਂਤ ਕਰਨ ਲਈ ਗੁਰੂ ਅਰਜਨ ਦੇਵ ਪਾਤਸ਼ਾਹ ਅਤੇ ਗੁਰੂ ਤੇਗ ਬਹਾਦਰ ਸਾਹਿਬ ਹੀ ਖ਼ੁਦ ਜੀਵਨ ਵਾਰ ਕੇ ਆਪਣੇ ਸਿੱਖਾਂ ਨੂੰ ਮਰਨ ਦੀ ਜਾਚ ਸਿਖਾ ਸਕਦੇ ਸਨ। ਬਾਲਾ ਪ੍ਰੀਤਮ ਸ੍ਰੀ ਗੁਰੂ ਹਰਿਕ੍ਰਿਸ਼ਨ ਪਾਤਸ਼ਾਹ ਹੀ ਔਰੰਗਜ਼ੇਬ ਦੇ ਸੱਦੇ ਨੂੰ ਇਹ ਕਹਿ ਕੇ ਠੁਕਰਾ ਸਕਦੇ ਸਨ : 'ਨਹਿ ਮਲੇਛ ਕੋ ਦਰਸ਼ਨ ਦੈ ਹੋਂ।' ਗੁਰੂ ਹਰਿਗੋਬਿੰਦ ਸਾਹਿਬ ਅਤੇ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਜ਼ੁਲਮ, ਅੱਤਿਆਚਾਰ ਅਤੇ ਰਾਜਸੀ ਧੱਕੇ ਨੂੰ ਖ਼ਤਮ ਕਰਨ ਲਈ ਹਥਿਆਰਾਂ ਦੀ ਵਰਤੋਂ ਦੀ ਅਮਲੀ ਸਿੱਖਿਆ ਦਿੱਤੀ।

ਗੁਰੂ ਸਾਹਿਬਾਨ ਦੇ ਸਮੇਂ ਅਤੇ ਉਨ੍ਹਾਂ ਦੇ ਮਗਰੋਂ ਸਿੱਖਾਂ ਨੇ ਲੋਕ-ਹਿਤਾਂ ਦੀ ਰੱਖਿਆ ਦੀ ਖਾਤਰ ਜੋ ਖੰਡਾ ਖੜਕਾਇਆ ਉਸ ਨੂੰ ਇਤਿਹਾਸ ਦੇ ਵਿਦਿਆਰਥੀ ਭਲੀ-ਭਾਂਤ ਜਾਣਦੇ ਹਨ। ਇਸ ਲੋਕ-ਹਿਤਕਾਰੀ ਯੁੱਧ ਵਿਚ ਸਿੰਘਾਂ ਨੂੰ ਆਪਣੀਆਂ ਜਾਨਾਂ ਦੀ ਆਹੂਤੀ ਦੇਣੀ ਪਈ—ਅਨੇਕਾਂ ਢੰਗਾਂ ਨਾਲ ਉਨ੍ਹਾਂ ਨੂੰ ਸ਼ਹੀਦ ਕੀਤਾ ਗਿਆ। ਕਿਧਰੇ ਦੇਗ ਵਿਚ ਉਬਾਲੇ ਗਏ, ਕਿਧਰੇ ਆਰੇ ਨਾਲ ਚੀਰੇ ਗਏ, ਕਿਧਰੇ ਚਰਖੜੀਆਂ ਤੇ ਚਾੜ੍ਹ ਕੇ ਰੂੰ ਦੀ ਤਰ੍ਹਾਂ ਪਿੰਜ ਦਿੱਤੇ ਗਏ, ਕਿਧਰੇ ਖੋਪਰੀਆਂ ਲੁਹਾ ਲਈਆਂ, ਕਿਧਰੇ ਸਰੀਰ ਦਾ ਬੰਦ-ਬੰਦ ਕਟਵਾ ਲਿਆ, ਕਿਧਰੇ ਮਾਤਾਵਾਂ ਨੇ ਆਪਣੇ ਬੱਚਿਆਂ ਦੇ ਟੋਟੇ-ਟੋਟੇ ਕਰਵਾ ਲਏ, ਕਿਧਰੇ ਛੋਟੀ ਛੋਟੀ ਉਮਰ ਦੇ ਬੱਚੇ ਨੀਹਾਂ ਵਿਚ ਚਿਣ ਕੇ ਸ਼ਹੀਦ ਕਰ ਦਿੱਤੇ ਗਏ, ਕਿਧਰੇ ਜੀਉਂਦਿਆਂ ਨੂੰ ਧਰਤੀ ਵਿਚ ਗੱਡ ਕੇ ਸ਼ਹੀਦ ਕਰ ਦਿੱਤਾ ਗਿਆ...ਪਰ ਕਿਸੇ ਨੇ ਵੀ ਸਰਬੱਤ ਦੇ ਭਲੇ ਲਈ ਲੜੇ ਜਾਂਦੇ 'ਧਰਮ-ਯੁੱਧ' ਵਲੋਂ ਮੁੱਖ ਨਾ ਮੋੜਿਆ। ਜਦ ਕਿਸੇ ਨਾਦਰ ਨੇ ਅਜਿਹੇ ਯੋਧਿਆਂ ਦੇ ਘਰ-ਘਾਟ ਉਜਾੜਨ ਦੀ ਗੱਲ ਕੀਤੀ ਤਾਂ ਉਸ ਨੂੰ ਦੱਸਿਆ ਗਿਆ ਕਿ ਇਨ੍ਹਾਂ ਦੇ ਘਰ, ਇਨ੍ਹਾਂ ਦੇ ਘੋੜਿਆਂ ਦੀਆਂ ਕਾਠੀਆਂ ਹੀ ਹਨ, ਇਕ ਘੋੜਾ, ਕੰਬਲ, ਤਲਵਾਰ, ਬੰਦੂਕ ਤੇ ਤਨ ਕੱਜਣ ਜੋਗੇ ਕੱਪੜੇ ਇਨ੍ਹਾਂ ਦੀ ਜਾਇਦਾਦ ਹਨ, ਹੋਰ ਇਨ੍ਹਾਂ ਦੀ ਕੋਈ ਜਾਇਦਾਦ ਨਹੀਂ ਹੈ। ਧਰਮ-ਬੀਰਾਂ ਨੇ ਜਾਇਦਾਦ ਬਣਾਉਣ ਦੀ ਗੱਲ ਸੋਚੀ ਹੀ ਨਹੀਂ ਸੀ। ਜਾਇਦਾਦਾਂ ਬਣਾਉਣ ਵਾਲੇ ਕੌਮ ਦੀ ਕਿਸਮਤ ਨਹੀਂ ਬਣਾ ਸਕਦੇ। ਕੌਮ ਦੀ ਕਿਸਮਤ ਤਾਂ ਮਸਤ-ਮਲੰਗ ਹੀ ਬਣਾ ਸਕਦੇ ਹਨ। ਕੌਮਾਂ ਦੀ ਕਿਸਮਤ ਤਾਂ ਮਨੁੱਖੀ ਆਜ਼ਾਦੀ ਦੀ ਸ਼ਮ੍ਹਾਂ ਤੇ ਸੜਨ ਵਾਲੇ ਪਰਵਾਨੇ ਹੀ ਬਣਾ ਸਕਦੇ ਹਨ। ਇਹੋ ਕਾਰਨ ਸੀ ਕਿ ਹਕੂਮਤ ਵਲੋਂ ਕੀਤੀ ਨਵਾਬੀ ਦੀ ਪੇਸ਼ਕਸ਼ ਵੀ ਉਸ ਵੇਲੇ ਦੇ ਸਿੱਖ ਆਗੂਆਂ ਨੂੰ ਆਪਣੇ ਆਦਰਸ਼ ਤੋਂ ਪਿੱਛੇ ਨਾ ਹਟਾ ਸਕੀ। ਹਕੂਮਤ ਵਲੋਂ ਵਾਰ-ਵਾਰ ਕਹਿਣ ਤੇ ਸਿੱਖ ਸਰਦਾਰਾਂ ਨੇ ਜੇਕਰ ਨਵਾਬੀ ਪ੍ਰਵਾਨ ਕੀਤੀ ਤਾਂ ਉਹ ਸੰਗਤਾਂ ਦੀ ਸੇਵਾ ਕਰਨ ਵਾਲੇ ਸੇਵਕ ਨਵਾਬ ਕਪੂਰ ਸਿੰਘ ਦੀ ਝੋਲੀ ਪਾਈ ਗਈ। ਸਿੱਖਾਂ ਨੂੰ ਲਾਲਚ ਦੇ ਕੇ ਆਪਣੇ ਅਸੂਲਾਂ ਤੋਂ ਹਟਾਉਣ ਦੀ ਸਾਜ਼ਿਸ਼ ਜਦੋਂ ਨਾਕਾਮ ਹੋ ਗਈ ਤਾਂ ਹਕੂਮਤ ਨੇ ਇਹ ਨਵਾਬੀ ਵਾਪਸ ਲੈ ਲਈ। ਸ਼ਾਇਦ ਉਸ ਵੇਲੇ ਦੀ ਹਕੂਮਤ ਸਿੱਖਾਂ ਦੇ ਇਤਿਹਾਸ ਤੋਂ ਵਾਕਿਫ਼ ਨਹੀਂ ਸੀ। ਜੇ ਵਾਕਿਫ ਹੁੰਦੀ ਤਾਂ ਉਸ ਨੂੰ ਇਹ ਪਤਾ ਹੁੰਦਾ ਕਿ ਸਿੱਖ ਪੰਥਕ-ਹਿਤਾਂ ਉਪਰੋਂ ਸਭ ਕੁਝ ਵਾਰ ਸਕਦਾ ਹੈ—ਧਨ, ਜਾਇਦਾਦ, ਆਪਣਾ ਸਰੀਰ...ਸਭ ਕੁਝ। ਮਰਨ ਦੀ ਇਹ ਜਾਚ ਉਸ ਨੇ ਆਪਣੇ ਮਹਾਨ ਸਤਿਗੁਰਾਂ ਤੋਂ ਸਿੱਖੀ ਹੈ। ਉਹ (ਸਿੱਖ) ਤਾਂ ਜਿਸ ਦਿਨ ਅੰਮ੍ਰਿਤ—ਛਕ ਕੇ ਸਿੱਖੀ ਦੀ ਪਉੜੀ ਦੇ ਪਹਿਲੇ ਡੰਡੇ ਤੇ ਪੈਰ ਰਖਦਾ ਹੈ, ਉਸੇ ਦਿਨ ਆਪਣਾ ਤਨ, ਮਨ, ਧਨ ਸਭ ਗੁਰੂ-ਪੰਥ ਨੂੰ ਸੌਂਪ ਦਿੰਦਾ ਹੈ। ਉਸ ਦਿਨ ਦੇ ਮਗਰੋਂ ਉਹ ਪੰਥ ਲਈ ਜਿਊਂਦਾ ਹੈ, ਤੇ ਪੰਥ ਲਈ ਮਰਦਾ ਹੈ। ਜਿਹੜੇ ਅਖੌਤੀ, ਸਿੱਖ-ਪੰਥ ਅਤੇ ਸਿੱਖੀ ਆਦਰਸ਼ਾਂ ਨਾਲੋਂ ਆਪਣੇ ਧਨ ਜਾਇਦਾਦ ਨੂੰ ਵਧੇਰੇ ਤਰਜੀਹ ਦਿੰਦੇ ਹਨ, ਗੁਰੂ ਦੀਆਂ ਨਜ਼ਰਾਂ ਵਿਚ ਉਹ ਸਿੱਖ ਹੀ ਨਹੀਂ ਹਨ। ਇਥੇ ਤਾਂ "ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ, ਹੁਕਮਿ ਮੰਨਿਐ ਪਾਈਐ" ਅਤੇ "ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ, ਗਲੀ ਮੇਰੀ ਆਉ ॥ ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ, ਕਾਣਿ ਨ ਕੀਜੈ ॥" ਦੇ ਮਹਾਨ ਸਿਧਾਂਤਾਂ ਦਾ ਧਾਰਨੀ ਬਣਨਾ ਪੈਂਦਾ ਹੈ। ਇਸੇ ਲਈ ਤਾਂ ਸਿੱਖੀ-ਮਾਰਗ ਤੇ ਚੱਲਣ ਨੂੰ ਖੰਡੇ ਦੀ ਤੇਜ਼ ਧਾਰ ਉਤੇ ਚੱਲਣਾ ਆਖਿਆ ਗਿਆ ਹੈ। ਸਿੱਖੀ ਮਾਰਗ ਤੇ ਚਲਦਿਆਂ ਹੋਇਆਂ ਜਿੱਥੇ ਸਿੱਖ ਗੁਰਬਾਣੀ ਨੂੰ ਆਪਣਾ ਜੀਵਨ-ਆਧਾਰ ਬਣਾ ਕੇ ਇਕ ਪ੍ਰਭੂ ਨਾਲ ਪ੍ਰੀਤ ਪਾਉਂਦਾ ਹੈ ਅਤੇ ਪ੍ਰਭੂ ਦੀ ਸੰਤਾਨ-ਮਨੁੱਖ ਜਾਤੀ—ਦੀ ਸੇਵਾ ਕਮਾਉਂਦਾ ਹੈ, ਉੱਥੇ ਉਹ ਕੇਵਲ ਜੀਵਨ-ਨਿਰਬਾਹ ਜੋਗੀਆਂ ਸੰਸਾਰਕ ਵਸਤਾਂ ਵਰਤਦਾ ਹੈ; ਸੰਸਾਰਕ ਸੁਖ-ਭੋਗਾਂ ਤੋਂ ਨਿਰਲੇਪ ਮਾਇਆ (ਸੰਸਾਰ) ਵਿਚ ਤਿਆਗੀ ਬਣ ਕੇ ਰਹਿੰਦਾ ਹੈ। ਉਹ ਆਪਣੇ ਆਪ ਨੂੰ ਅਕਾਲਪੁਰਖ ਦੀ ਫੌਜ ਦਾ ਅੰਗ ਸਮਝਦਿਆਂ ਹੋਇਆਂ ਸੰਸਾਰ ਵਿਚ 'ਪ੍ਰਭੂ ਦੇ ਰਾਜ ਨੂੰ ਸਥਾਪਤ ਕਰਨ ਦੇ ਆਹਰਾਂ ਵਿਚ ਜੁਟਿਆ ਰਹਿੰਦਾ ਹੈ। 'ਪ੍ਰਭੂ ਦਾ ਰਾਜ' ਉਹ ਰਾਜ ਹੈ ਜਿਸ ਵਿਚ ਸਭ ਮਨੁੱਖਾਂ ਨਾਲ ਇਕੋ ਜਿਹਾ ਵਰਤਾਓ ਹੁੰਦਾ ਹੈ, ਜਿਸ ਵਿਚ ਕਿਸੇ ਰਾਜੇ, ਡਿਕਟੇਟਰ ਜਾਂ ਪਾਰਟੀ ਦਾ ਡਰ-ਭੈਅ ਨਹੀਂ ਹੁੰਦਾ, ਸਗੋਂ ਰਾਜ-ਸੱਤਾ ਵਲੋਂ ਬਿਨਾਂ ਕਿਸੇ ਵਿਤਕਰੇ ਅਤੇ ਭਿੰਨ-ਭੇਦ ਦੇ ਸਭ ਨੂੰ ਇਨਸਾਫ਼ ਮਿਲਦਾ ਹੈ; ਖ਼ੁਸ਼ਹਾਲੀ ਪ੍ਰਾਪਤ ਹੁੰਦੀ ਹੈ। ਜਦ ਕਦੇ ਕੁਝ ਜਹਾਂਗੀਰ, ਔਰੰਗਜ਼ੇਬ, ਨਾਦਰਸ਼ਾਹ, ਅਹਿਮਦ ਸ਼ਾਹ ਅਬਦਾਲੀ ਆਦਿਕਾਂ ਦੀ ਜ਼ਹਿਨੀਅਤ ਵਾਲੇ ਰਾਜ-ਸੱਤਾ ਦੇ ਮਾਲਕ ਬੇਇਨਸਾਫੀ, ਧੱਕੇ, ਲੁੱਟ-ਖਸੁੱਟ ਅਤੇ ਅੱਤਿਆਚਾਰਾਂ ਦੁਆਰਾ ਪ੍ਰਭੂ ਦੀ ਖ਼ਲਕਤ ਨੂੰ ਦੁਖਾਂ-ਮੁਸੀਬਤਾਂ ਵਿਚ ਪਾਉਂਦੇ ਹਨ ਤਾਂ ਗੁਰੂ ਕਾ ਸੱਚਾ ਸਿੱਖ ਅਜਿਹੀਆਂ ਸ਼ਕਤੀਆਂ ਵਿਰੁੱਧ ਆਵਾਜ਼ ਬੁਲੰਦ ਕਰਦਾ ਹੈ, ਸੰਘਰਸ਼ ਛੇੜਦਾ ਹੈ ਅਤੇ ਇਸ ਸੰਘਰਸ਼ ਵਿਚ ਆਪਣਾ ਸਭ ਕੁਝ ਗੁਆ ਕੇ ਉੱਚੇ-ਸੁੱਚੇ ਮਨੋਰਥਾਂ ਦੀ ਖ਼ਾਤਰ ਸਿਰ ਧੜ ਦੀ ਬਾਜ਼ੀ ਲਾ ਦਿੰਦਾ ਹੈ। ਇਹ ਹੈ, ਜੀਵਣ ਅਤੇ ਮਰਨ ਦੀ ਜਾਚ ਜੋ ਉਸਨੇ ਆਪਣੇ ਸਤਿਗੁਰਾਂ ਅਤੇ ਪੁਰਾਤਨ ਸਿੱਖਾਂ ਤੋਂ ਸਿੱਖੀ ਹੈ।

—ਕਿਰਪਾਲ ਸਿੰਘ 'ਚੰਦਨ'

ਸ਼ਬਦ ਵਿਚਾਰ

ਗਹੁ ਕਰਿ ਪਕਰੀ ਨ ਆਈ ਹਾਥਿ ॥

ਵਿਆਖਿਆਕਾਰ : ਸ: ਗੁਰਮੀਤ ਸਿੰਘ, ਕੁਰਾਲੀ (ਰੋਪੜ)

ਰਾਮਕਲੀ ਮਹਲਾ ੫
ਗਹੁ ਕਰਿ ਪਕਰੀ ਨ ਆਈ ਹਾਥਿ ॥
ਪ੍ਰੀਤਿ ਕਰੀ ਚਾਲੀ ਨਹੀ ਸਾਥਿ ॥
ਕਹੁ ਨਾਨਕ ਜਉ ਤਿਆਗਿ ਦਈ ॥
ਤਬ ਓਹ ਚਰਣੀ ਆਇ ਪਈ ॥ ੧ ॥
ਸੁਣਿ ਸੰਤਹੁ ਨਿਰਮਲ ਬੀਚਾਰ ॥
ਰਾਮ ਨਾਮ ਬਿਨੁ ਗਤਿ ਨਹੀ ਕਾਈ
ਗੁਰੁ ਪੂਰਾ ਭੇਟਤ ਉਧਾਰ ॥ ੧ ॥ ਰਹਾਉ ॥
ਜਬ ਉਸ ਕਉ ਕੋਈ ਦੇਵੈ ਮਾਨੁ ॥
ਤਬ ਆਪਸ ਊਪਰਿ ਰਖੈ ਗੁਮਾਨੁ ॥
ਜਬ ਉਸ ਕਉ ਕੋਈ ਮਨਿ ਪਰਹਰੈ ॥
ਤਬ ਓਹ ਸੇਵਕਿ ਸੇਵਾ ਕਰੈ ॥ ੨ ॥
ਮੁਖਿ ਬੇਰਾਵੈ ਅੰਤਿ ਠਗਾਵੈ ॥
ਇਕਤੁ ਠਉਰ ਓਹ ਕਹੀ ਨ ਸਮਾਵੈ ॥
ਉਨਿ ਮੋਹੇ ਬਹੁਤੇ ਬ੍ਰਹਮੰਡ ॥
ਰਾਮ ਜਨੀ ਕੀਨੀ ਖੰਡ ਖੰਡ ॥ ੩ ॥
ਜੋ ਮਾਗੈ ਸੋ ਭੂਖਾ ਰਹੈ ॥
ਇਸੁ ਸੰਗਿ ਰਾਚੈ ਸੁ ਕਛੂ ਨ ਲਹੈ ॥
ਇਸਹਿ ਤਿਆਗਿ ਸਤਸੰਗਤਿ ਕਰੈ ॥
ਵਡਭਾਗੀ ਨਾਨਕ ਓਹੁ ਤਰੈ ॥ ੪ ॥
(੮੯੧)

ਇਹ ਪਾਵਨ ਸ਼ਬਦ, ਸ਼ਹੀਦਾਂ ਦੇ ਸਿਰਤਾਜ, ਪੰਚਮ ਗੁਰਦੇਵ ਗੁਰੂ ਅਰਜਨ ਦੇਵ ਜੀ ਦੇ ਮੁਖਾਰਬਿੰਦ ਤੋਂ ਉਚਾਰਨ ਕੀਤਾ ਹੋਇਆ ਹੈ, ਜੋ ਰਾਮਕਲੀ ਰਾਗ ਵਿਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੮੯੧ ਉਤੇ ਸੁਸ਼ੋਭਿਤ ਹੈ। ਸਤਿਗੁਰੂ ਜੀ ਇਸ ਸ਼ਬਦ ਦੇ ਰਹਾਉ ਵਾਲੇ ਬੰਦ ਵਿਚ ਸ਼ਬਦ ਦਾ ਕੇਂਦਰੀ ਭਾਵ ਸਪੱਸ਼ਟ ਕਰਦੇ ਹੋਏ ਫੁਰਮਾਉਂਦੇ ਹਨ ਕਿ ਹੇ ਸੰਤ ਜਨੋ! ਹੇ ਗੁਰਮੁਖੋ! ਜਦ ਤੱਕ ਤੁਸੀਂ ਪਰਮਾਤਮਾ ਦੇ ਨਾਮ ਨੂੰ ਆਪਣੇ ਹਿਰਦੇ ਘਰ ਵਿਚ ਨਹੀਂ ਵਸਾ ਲੈਂਦੇ ਤਦ ਤੱਕ ਮਾਇਆ ਦੇ ਪ੍ਰਭਾਵ ਤੋਂ ਮੁਕਤ ਨਹੀਂ ਹੋ ਸਕਦੇ ਅਤੇ ਉੱਚੀ ਅਵਸਥਾ ਹੋ ਜਾਣ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਪ੍ਰਭੂ ਦੇ ਨਾਮ ਸਿਮਰਨ ਤੋਂ ਬਿਨਾਂ ਅਸੀਂ ਪ੍ਰਭੂ ਦੇ ਭਗਤ ਨਹੀਂ ਬਣ ਸਕਦੇ। ਉਸ ਪਰਮਾਤਮਾ ਦੀ ਸਿਫ਼ਤ-ਸਾਲਾਹ ਅਤੇ ਯਾਦ ਹੀ ਨਾਮ ਸਿਮਰਨ ਹੈ। ਨਾਮ ਦੀ ਸੋਝੀ ਗੁਰੂ ਤੋਂ ਹੁੰਦੀ ਹੈ ਇਸ ਲਈ ਗੁਰੂ ਦੀ ਸ਼ਰਨ ਵਿਚ ਆਉਣਾ ਜਾਂ ਉਸ ਨਾਲ ਮਿਲਾਪ ਹਾਸਲ ਕਰਨਾ ਅਤੀ ਜ਼ਰੂਰੀ ਹੈ।

ਸਤਿਗੁਰੂ ਜੀ ਇਸ ਸ਼ਬਦ ਵਿਚ ਵਿਸ਼ੇਸ਼ ਤੌਰ 'ਤੇ ਮਾਇਆ ਦੇ ਪ੍ਰਭਾਵ ਬਾਰੇ ਚਾਨਣਾ ਪਾਉਂਦੇ ਹਨ ਅਤੇ ਇਸ ਦਾ ਉਪਾਅ ਪ੍ਰਭੂ ਦਾ ਨਾਮ ਸਿਮਰਨ ਦੱਸਦੇ ਹਨ, ਜੋ ਸੱਚੇ ਗੁਰੂ ਤੋਂ ਪ੍ਰਾਪਤ ਹੁੰਦਾ ਹੈ। ਜਦੋਂ ਜੀਵ ਮਾਇਆ ਤੋਂ ਨਿਰਲੇਪ ਹੋ ਜਾਂਦਾ ਹੈ ਤਾਂ ਮਾਇਆ ਉਸ ਦੇ ਪਿੱਛੇ ਲੱਗੀ ਫਿਰਦੀ ਹੈ ਪਰ ਮਾਇਆ (ਧਨ ਅਤੇ ਸੰਸਾਰਿਕ ਪਦਾਰਥ) ਦੀ ਹੋੜ ਵਿਚ ਨੱਠ-ਭੱਜ ਕਰਨ ਵਾਲੇ ਵਿਅਕਤੀ ਖੱਜਲ ਖੁਆਰੀ ਹੀ ਪ੍ਰਾਪਤ ਕਰਦੇ ਹਨ ਅਤੇ ਜੀਵਨ ਦੀ ਬਾਜ਼ੀ ਹਾਰ ਜਾਂਦੇ ਹਨ। ਪ੍ਰਭੂ ਦੇ ਨਾਮ ਸਿਮਰਨ ਨਾਲ ਮਨੁੱਖ ਦੀ ਬਿਰਤੀ ਮਾਇਆ ਤੋਂ ਪਰੇ ਹਟ ਜਾਂਦੀ ਹੈ ਅਤੇ ਮਾਇਆ ਦਾ ਪ੍ਰਭਾਵ ਉਸ ਉਤੇ ਨਹੀਂ ਪੈਂਦਾ।

ਸਿੱਖ ਧਰਮ ਵਿਚ ਮਾਇਆ ਤੋਂ ਭਾਵ ਇਸ ਸੰਸਾਰ ਦੀ ਹਰ ਉਹ ਵਸਤੂ ਹੈ ਜੋ ਸਾਨੂੰ ਪ੍ਰਭੂ ਤੋਂ ਦੂਰ ਲੈ ਕੇ ਜਾਂਦੀ ਹੈ ਅਤੇ ਅਸੀਂ ਪ੍ਰਭੂ ਨੂੰ ਵਿਸਾਰ ਕੇ ਹੋਰਨਾਂ ਵਸਤਾਂ ਨਾਲ ਪਿਆਰ ਪਾ ਲੈਂਦੇ ਹਾਂ। ਗੁਰੂ ਅਮਰਦਾਸ ਜੀ ਦਾ ਫ਼ੁਰਮਾਨ ਹੈ :

ਏਹ ਮਾਇਆ ਜਿਤੁ ਹਰਿ ਵਿਸਰੈ,
ਮੋਹੁ ਉਪਜੈ ਭਾਉ ਦੂਜਾ ਲਾਇਆ ॥
(ਮਹਲਾ ੩, ੯੨੧)

ਮਾਇਆ ਦੀ ਖਿੱਚ ਅਦਭੁਤ ਤੇ ਬੁਰੀ ਹੈ। ਜੀਵ ਸਭ ਭੈਣ-ਭਰਾਵਾਂ ਪਾਸੋਂ ਲੁਕਾ ਕੇ ਜਮ੍ਹਾਂ ਕਰਦਾ ਹੈ, ਕਦੇ ਲੁਕੋ ਕੇ ਰੱਖਦਾ ਹੈ ਪਰ ਉਹ ਖਾਲੀ ਹੱਥ ਤੁਰ ਜਾਂਦਾ ਹੈ। ਬਾਅਦ ਵਿਚ ਮਾਇਆ ਕਾਰਨ ਹੀ ਝਗੜੇ/ਮੁਕੱਦਮੇ ਹੁੰਦੇ ਹਨ। ਇਹ ਬਿਰਤੀ ਇਕ ਕਾਂ ਦੀ ਨਿਆਈਂ ਹੈ ਜੋ ਰੱਜ ਕੇ ਵੀ, ਰੋਟੀ ਦੇ ਇਕ ਟੁਕੜੇ ਨੂੰ ਲੁਕੋ ਦਿੰਦਾ ਹੈ, ਵਿਸਾਹ ਨਹੀਂ ਖਾਂਦਾ ਪਰ ਪ੍ਰਭੂ ਦੀ ਅਜਬ ਖੇਡ ਹੈ ਕਿ ਕਾਂ ਆਪਣੀ ਲੁਕਾਈ ਹੋਈ ਚੀਜ਼ ਨੂੰ ਲੱਭ ਨਹੀਂ ਸਕਦਾ। ਇਸੇ ਤਰ੍ਹਾਂ ਮਨੁੱਖ ਨੂੰ ਮਾਇਆ ਮੋਹਣੀ ਨੇ ਆਪਣੇ ਵੱਸ ਵਿਚ ਕੀਤਾ ਹੋਇਆ ਹੈ ਪਰ ਅੰਤ ਵਿਚ ਇਹ ਧੋਖਾ ਦੇ ਜਾਂਦੀ ਹੈ। ਪੰਚਮ ਪਾਤਸ਼ਾਹ ਜੀ ਹੁਕਮ ਕਰਦੇ ਹਨ :

ਮੋਹਨੀ ਮੋਹਿ ਲੀਏ ਤ੍ਰੈ ਗੁਨੀਆ ॥
ਲੋਭਿ ਵਿਆਪੀ ਝੂਠੀ ਦੁਨੀਆ ॥
ਮੇਰੀ ਮੇਰੀ ਕਰਿ ਕੈ ਸੰਚੀ
ਅੰਤ ਕੀ ਬਾਰ ਸਗਲ ਲੇ ਛਲੀਆ ॥
(੧੦੦੪)

ਮਾਇਆ ਦੀ ਪਕੜ ਮਨੁੱਖ ਨੂੰ ਖੁਆਰ ਕਰਦੀ ਹੈ ਅਤੇ ਪ੍ਰਭੂ ਤੋਂ ਦੂਰ ਲੈ ਜਾਂਦੀ ਹੈ। ਮਾਇਆ ਇਕ ਨਾਗਨੀ ਬਣ ਜਾਂਦੀ ਹੈ ਜੋ ਆਪਣੇ ਹੀ ਜੰਮੇ ਬੱਚਿਆਂ ਨੂੰ ਖਾ ਜਾਂਦੀ ਹੈ। ਇਸ ਲਈ ਜੋ ਜੀਵ ਮਾਇਆ ਦੇ ਮਗਰ ਤੁਰਦਾ ਹੈ ਉਹ ਹੋਰ ਵਧੇਰਾ ਮਾਇਆ ਵਿਚ ਖਚਿਤ ਹੋ ਜਾਂਦਾ ਹੈ, ਪਰ ਜੋ ਮਾਇਆ ਦੇ ਪ੍ਰਭਾਵ ਤੋਂ ਬਚਿਆ ਹੋਇਆ ਹੈ ਉਸ ਦੀ ਮਾਇਆ ਦਾਸੀ ਬਣ ਜਾਂਦੀ ਹੈ। ਗੁਰਮੁਖਾਂ ਲਈ ਮਾਇਆ ਕੁਝ ਵੀ ਚੀਜ਼ ਨਹੀਂ ਹੈ; ਉਹ ਮਾਇਆ ਤੋਂ ਨਿਰਲੇਪ ਰਹਿੰਦੇ ਹਨ; ਵਿਕਾਰਾਂ ਤੇ ਰਸਾਂ-ਕਸਾਂ ਤੋਂ ਦੂਰ ਰਹਿੰਦੇ ਹਨ।

ਹਉਮੈ ਰੂਪੀ ਮਾਇਆ ਦਾ ਮਾਣ ਕੂੜਾ ਹੁੰਦਾ ਹੈ। ਇਹ ਸੁਪਨੇ ਵਾਂਗ ਹੈ ਜੋ ਅੱਖ ਖੁਲ੍ਹਣ ਤੇ ਖ਼ਤਮ ਹੋ ਜਾਂਦਾ ਹੈ। ਕਸੁੰਭੇ ਦਾ ਫੁੱਲ ਸੋਹਣਾ ਲਗਦਾ ਹੈ ਪਰ ਦੋ ਚਾਰ ਦਿਨ ਤੱਕ ਹੀ ਰਹਿੰਦਾ ਹੈ। ਇਸੇ ਤਰ੍ਹਾਂ ਮਾਇਆ ਥੋੜ੍ਹੇ ਸਮੇਂ ਤੱਕ ਹੀ ਰਹਿੰਦੀ ਹੈ। ਪੰਚਮ ਗੁਰਦੇਵ ਜੀ ਦੇ ਬਚਨ ਹਨ :

ਕੁਸਮ ਰੰਗ ਸੰਗ ਰਸਿ ਰਚਿਆ
ਬਿਖਿਆ ਏਕ ਉਪਾਇਓ ॥
ਲੋਭ ਸੁਨੈ ਮਨਿ ਸੁਖੁ ਕਰਿ ਮਾਨੈ
ਬੇਗਿ ਤਹਾ ਉਠਿ ਧਾਇਓ ॥ *(੫੩੧)*

ਮਾਇਆ ਵੇੜ੍ਹਿਆ ਮਨੁੱਖ ਕਦੇ ਰੱਜਦਾ ਨਹੀਂ ਹੈ, ਉਸ ਦੀ ਤ੍ਰਿਸ਼ਨਾ ਨਹੀਂ ਮੁੱਕਦੀ। ਮਾਇਆ ਦੇ ਮੋਹ ਵਿਚ ਫਸਿਆ ਮਨੁੱਖ ਆਤਮਿਕ ਉੱਚ-ਅਵਸਥਾ ਪ੍ਰਾਪਤ ਨਹੀਂ ਕਰ ਸਕਦਾ ਪਰ ਜੋ ਮਾਇਆ ਨੂੰ ਛੱਡ ਕੇ ਭਲੇ ਪੁਰਸ਼ਾਂ ਦੀ ਸੰਗਤ ਕਰਦਾ ਹੈ ਅਤੇ ਪ੍ਰਭੂ ਨੂੰ ਸਦਾ ਯਾਦ ਰੱਖਦਾ ਹੈ, ਪਰਮਾਤਮਾ ਉਸ ਉਤੇ ਕ੍ਰਿਪਾ-ਦ੍ਰਿਸ਼ਟੀ ਕਰਕੇ ਮਾਇਆ ਦੇ ਝਮੇਲਿਆਂ ਵਲੋਂ ਨਿਖੇੜ ਕੇ ਸੇਵਾ ਵਿਚ ਲਾ ਦਿੰਦਾ ਹੈ। ਫਿਰ ਅਜਿਹੇ ਮਨੁੱਖ ਨੂੰ ਪ੍ਰਭੂ ਹੀ ਪਿਆਰਾ ਲਗਦਾ ਹੈ। ਉਸ ਪਿਆਰ ਵਿਚ ਮਾਇਆ ਵਿਘਨ ਨਹੀਂ ਪਾ ਸਕਦੀ।

ਮਾਇਆ ਨੇ ਸਾਰੇ ਸੰਸਾਰ ਨੂੰ ਆਪਣੇ ਵੱਸ ਵਿਚ ਕੀਤਾ ਹੋਇਆ ਹੈ ਪਰ ਅੰਤ ਵਿਚ ਇਹ ਧੋਖਾ ਹੀ ਦਿੰਦੀ ਹੈ। ਜੋ ਗੁਰਮੁਖਾਂ ਦੀ ਸੰਗਤ ਕਰਦੇ ਹਨ ਉਹ ਮਾਇਆ ਤੋਂ ਨਿਰਲੇਪ ਹੋ ਜਾਂਦੇ ਹਨ। ਉਨ੍ਹਾਂ ਲਈ ਮਾਇਆ ਤੁੱਛ ਹੈ। ਉਨ੍ਹਾਂ ਦੀ ਅਸਲ ਮਾਇਆ ਪ੍ਰਭੂ ਦਾ ਨਾਮ ਸਿਮਰਨ ਹੁੰਦਾ ਹੈ। ਪੰਚਮ ਗੁਰਦੇਵ ਜੀ ਉਪਦੇਸ਼ ਕਰਦੇ ਹਨ ਕਿ ਜਦੋਂ ਮਨੁੱਖ ਮਾਇਆ ਲਈ ਭਟਕਦਾ ਹੋਇਆ ਥੱਕ ਗਿਆ ਤੇ ਗੁਰੂ ਦੇ ਦਰ ਤੇ ਆਇਆ ਤਾਂ ਪਰਮਾਤਮਾ ਨੇ ਬਖ਼ਸ਼ਿਸ਼ ਕਰਕੇ ਉਸ ਨੂੰ ਆਪਣੇ ਵਿਚ ਮਿਲਾ ਲਿਆ :

ਫਿਰਤ ਫਿਰਤ ਬਹੁਤੁ ਸ੍ਰਮੁ ਪਾਇਓ
ਸੰਤ ਦੁਆਰੈ ਆਇਓ ॥
ਕਰੀ ਕ੍ਰਿਪਾ ਪਾਰਬ੍ਰਹਮਿ ਸੁਆਮੀ
ਨਾਨਕ ਲੀਓ ਸਮਾਇਓ ॥ *(੫੩੧)*

ਮਾਇਆ ਦੇ ਅਨੇਕ ਰੰਗ-ਤਮਾਸ਼ਿਆਂ ਤੋਂ ਬਚਣ ਲਈ ਪ੍ਰਭੂ ਦੇ ਨਾਮ ਸਿਮਰਨ ਦੀ ਪੂੰਜੀ ਦੀ ਲੋੜ ਪੈਂਦੀ ਹੈ। ਜੋ ਮਨੁੱਖ ਪ੍ਰਭੂ ਦੀ ਕੀਰਤੀ ਕਰਦਾ ਹੈ, ਉਹ ਸੰਸਾਰ-ਸਮੁੰਦਰ ਤੋਂ ਪਾਰ ਹੋ ਜਾਂਦਾ ਹੈ। ਉਸ ਦਾ ਸੱਚੇ ਪ੍ਰਭੂ ਨਾਲ ਮੇਲ ਹੋ ਜਾਂਦਾ ਹੈ; ਵਿਕਾਰਾਂ ਤੋਂ ਖਲਾਸੀ ਮਿਲ ਜਾਂਦੀ ਹੈ ਅਤੇ ਉਸ ਦੀ ਆਤਮਾ ਬਲਵਾਨ ਹੋ ਜਾਂਦੀ ਹੈ। ਸੋ, ਮਾਇਆ ਤੋਂ ਛੁਟਕਾਰਾ ਪਾਉਣ ਦਾ ਇਕੋ ਇਕ ਸੁਖੈਨ ਢੰਗ ਗੁਰੂ ਦੀ ਸ਼ਰਨ ਵਿਚ ਆ ਕੇ ਪਰਮਾਤਮਾ ਦੀ ਸਿਫ਼ਤ-ਸਾਲਾਹ ਕਰਨਾ ਹੈ।

ਪਦ ਅਰਥ : ਗਹੁ ਕਰਿ—ਪੂਰੇ ਧਿਆਨ ਨਾਲ। **ਪਕਰੀ**—ਫੜੀ। **ਹਾਥਿ**—ਹੱਥ ਵਿਚ। **ਕਰੀ**—ਕੀਤੀ। **ਸਾਥਿ**—ਨਾਲ। **ਕਹੁ**—ਆਖ। **ਨਾਨਕ**—ਹੇ ਨਾਨਕ! **ਓਹ**—(ਇਸਤ੍ਰੀ ਲਿੰਗ) ਉਹ ਮਾਇਆ। ੧।

ਸੰਤਹੁ—ਹੇ ਸੰਤ ਜਨੋ! **ਨਿਰਮਲ**—ਪਵਿੱਤਰ। **ਗਤਿ**—ਉੱਚੀ ਆਤਮਕ ਅਵਸਥਾ। **ਭੇਟਤ**—ਮਿਲਦਿਆਂ। **ਉਧਾਰ**—ਪਾਰ-ਉਤਾਰਾ। ੧। ਰਹਾਉ।

ਕਉ—ਨੂੰ। **ਮਾਨੁ**—ਆਦਰ। **ਆਪਸ ਊਪਰਿ**—ਆਪਣੇ ਆਪ ਉੱਤੇ। **ਗੁਮਾਨੁ**—ਅਹੰਕਾਰ। **ਮਨਿ**—ਮਨ ਵਿਚੋਂ। **ਪਰਹਰੈ**—ਤਿਆਗ ਦਿੰਦਾ ਹੈ। **ਸੇਵਕਿ**—ਦਾਸੀ ਬਣ ਕੇ। ੨।

ਮੁਖਿ—ਮੂੰਹ ਨਾਲ। **ਬੇਰਾਵੈ**—ਪਰਚਾਂਦੀ ਹੈ। **ਅੰਤਿ**—ਆਖ਼ਰ ਨੂੰ। **ਇਕਤੁ**—ਇਕ ਵਿਚ। **ਇਕਤੁ ਠਉਰੁ**—ਇਕ ਥਾਂ ਵਿਚ। **ਕਹੀ**—ਕਿਤੇ ਵੀ। **ਉਨਿ**—ਉਸ ਨੇ। **ਰਾਮ ਜਨੀ**—ਸੰਤ ਜਨਾਂ ਨੇ। ੩।

ਇਸੁ ਸੰਗੀ—ਇਸ (ਮਾਇਆ) ਨਾਲ। **ਰਚੈ**—ਮਸਤ ਰਹਿੰਦਾ ਹੈ। ੪।

ਅਰਥ : ਹੇ ਸੰਤ ਜਨੋ! ਜੀਵਨ ਨੂੰ ਪਵਿੱਤਰ ਕਰਨ ਵਾਲੀ ਇਹ ਵਿਚਾਰ ਸੁਣੋ—ਪਰਮਾਤਮਾ ਦੇ ਨਾਮ ਤੋਂ ਬਿਨਾਂ ਉੱਚੀ ਆਤਮਿਕ ਅਵਸਥਾ ਰਤਾ ਭਰ ਵੀ ਨਹੀਂ ਹੁੰਦੀ (ਪਰ ਨਾਮ ਗੁਰੂ ਤੋਂ ਮਿਲਦਾ ਹੈ), ਪੂਰਾ ਗੁਰੂ ਮਿਲਿਆਂ (ਮਾਇਆ ਦੇ ਮੋਹ ਤੋਂ ਖਲਾਸੀ ਹੋ ਕੇ) ਪਾਰ ਉਤਾਰਾ ਹੋ ਜਾਂਦਾ ਹੈ। ੧। ਰਹਾਉ।

(ਹੇ ਸੰਤ ਜਨੋ! ਜਿਸ ਮਨੁੱਖ ਨੇ ਇਸ ਮਾਇਆ ਨੂੰ) ਬੜੇ ਧਿਆਨ ਨਾਲ ਵੀ ਫੜਿਆ, ਉਸ ਦੇ ਵੀ ਹੱਥ ਵਿਚ ਨਾ ਆਈ; ਜਿਸ ਨੇ ਇਸ ਨਾਲ ਬੜਾ ਪਿਆਰ ਵੀ ਪਾਇਆ, ਉਸ ਦੇ ਨਾਲ ਵੀ ਇਹ ਰਲ ਕੇ ਨਾ ਤੁਰੀ; ਭਾਵ, ਸਾਥ ਨਾ ਨਿਭਾ ਸਕੀ। ਹੇ ਨਾਨਕ! ਆਖ—ਜਦੋਂ ਮਨੁੱਖ ਨੇ ਇਸ ਨੂੰ (ਮਨੋਂ) ਛੱਡ ਦਿੱਤਾ, ਤਦ ਇਹ ਆ ਕੇ ਉਸ ਦੀ ਚਰਨੀਂ ਪੈ ਗਈ। ੧।

ਹੇ ਸੰਤ ਜਨੋ! ਜਦੋਂ ਕੋਈ ਮਨੁੱਖ ਉਸ (ਮਾਇਆ) ਨੂੰ ਆਦਰ ਦਿੰਦਾ ਹੈ; ਭਾਵ, ਸਾਂਭ ਕੇ ਰੱਖਣ ਦਾ ਯਤਨ ਕਰਦਾ ਹੈ, ਤਦ ਉਹ ਆਪਣੇ ਉੱਤੇ ਬੜਾ ਮਾਣ ਕਰਦੀ ਹੈ (ਰੁੱਸ ਰੁੱਸ ਕੇ ਨੱਸ ਜਾਣ ਦਾ ਯਤਨ ਕਰਦੀ ਹੈ), ਪਰ ਜਦੋਂ ਕੋਈ ਮਨੁੱਖ ਉਸ ਨੂੰ ਆਪਣੇ ਮਨ ਤੋਂ ਲਾਹ ਦਿੰਦਾ ਹੈ ਤਦ ਉਹ ਉਸ ਦੀ ਦਾਸੀ ਬਣ ਕੇ ਸੇਵਾ ਕਰਦੀ ਹੈ। ੨।

ਹੇ ਸੰਤ ਜਨੋ! (ਉਹ ਮਾਇਆ ਹਰੇਕ ਪ੍ਰਾਣੀ ਨੂੰ) ਮੂੰਹ ਨਾਲ ਪਰਚਾਉਂਦੀ ਹੈ, ਪਰ ਆਖ਼ਰ ਧੋਖਾ ਦੇ ਜਾਂਦੀ ਹੈ; ਕਿਸੇ ਇਕ ਥਾਂ ਤੇ ਉਹ ਕਦੇ ਵੀ ਨਹੀਂ ਟਿਕਦੀ। ਉਸ ਮਾਇਆ ਨੇ ਅਨੇਕਾਂ ਬ੍ਰਹਿਮੰਡਾਂ ਦੇ ਜੀਵਾਂ ਨੂੰ ਆਪਣੇ ਮੋਹ ਵਿਚ ਫਸਾਇਆ ਹੋਇਆ ਹੈ। ਪਰ ਸੰਤ ਜਨਾਂ ਨੇ (ਉਸਦੇ ਮੋਹ ਨੂੰ) ਟੋਟੇ-ਟੋਟੇ ਕਰ ਦਿੱਤਾ ਹੈ। ੩।

ਹੇ ਸੰਤ ਜਨੋ! ਜਿਹੜਾ ਮਨੁੱਖ (ਹਰ ਵੇਲੇ ਮਾਇਆ ਹੀ) ਮੰਗਦਾ ਰਹਿੰਦਾ ਹੈ, ਉਹ ਨਹੀਂ ਰੱਜਦਾ (ਉਸਦੀ ਤ੍ਰਿਸ਼ਨਾ ਕਦੇ ਨਹੀਂ ਮੁੱਕਦੀ)। ਜਿਹੜਾ ਮਨੁੱਖ ਇਸ ਮਾਇਆ ਦੇ ਮੋਹ ਵਿਚ ਮਸਤ ਰਹਿੰਦਾ ਹੈ ਉਸ ਨੂੰ ਆਤਮਕ ਜੀਵਨ ਦੇ ਧਨ ਵਿਚੋਂ ਕੁਝ ਨਹੀਂ ਮਿਲਦਾ। ਪਰ ਹੇ ਨਾਨਕ! ਇਸ (ਮਾਇਆ ਦੇ ਮੋਹ) ਨੂੰ ਛੱਡ ਕੇ ਜਿਹੜਾ ਮਨੁੱਖ ਭਲੇ ਮਨੁੱਖਾਂ ਦੀ ਸੰਗਤ ਕਰਦਾ ਹੈ, ਉਹ ਵੱਡੇ ਭਾਗਾਂ ਵਾਲਾ ਮਨੁੱਖ (ਮਾਇਆ ਦੇ ਮੋਹ ਦੀਆਂ ਠਿੱਲ੍ਹਾਂ ਤੋਂ) ਪਾਰ ਲੰਘ ਜਾਂਦਾ ਹੈ। ੪।

ਸਮੁੱਚਾ ਭਾਵ : ਮਾਇਆ ਮਨੁੱਖ ਨੂੰ ਭਟਕਣ ਵਿਚ ਪਾ ਦਿੰਦੀ ਹੈ। ਮਾਇਆ ਦੇ ਪ੍ਰਭਾਵ ਤੋਂ ਬਚਣ ਦਾ ਇਕੋ-ਇਕ ਵਸੀਲਾ ਨਾਮ-ਸਿਮਰਨ ਹੈ, ਜਿਸ ਦੀ ਸਮਝ ਸੱਚੇ ਗੁਰੂ ਤੋਂ ਪੈਂਦੀ ਹੈ। •

ਸਵਾਲ ? ਜਵਾਬ

ਸਵਾਲ—ਘਾਲ ਨ ਭਾਨੈ,
ਅੰਤਰ ਬਿਧਿ ਜਾਨੈ
ਤਾ ਕੀ ਕਰਿ ਮਨ ਸੇਵਾ॥
ਕਰਿ ਪੂਜਾ, ਹੋਮਿ ਇਹੁ ਮਨੂਆ
ਅਕਾਲ ਮੂਰਤਿ ਗੁਰਦੇਵਾ॥
(ਸੋਰਠਿ, ਮਹਲਾ ੫, ੬੧੪)

ਤੁਕਾਂ ਦੇ ਅਰਥ ਦੱਸੋ ਜੀ।

—ਤਰਲੋਚਨ ਸਿੰਘ, ਲੁਧਿਆਣਾ

ਜਵਾਬ : ਅਰਥ : ਹੇ ਮੇਰੇ ਮਨ ਉਸ ਪਰਮਾਤਮਾ ਦੀ ਸੇਵਾ ਭਗਤੀ ਕਰਿਆ ਕਰ, ਜਿਹੜਾ ਕਿਸੇ ਦੀ ਕੀਤੀ ਮਿਹਨਤ ਨੂੰ ਅਜਾਈਂ ਨਹੀਂ ਜਾਣ ਦੇਂਦਾ ਤੇ ਹਰੇਕ ਦੇ ਦਿਲ ਦੀ ਜਾਣਦਾ ਹੈ। ਹੇ ਭਾਈ! ਜਿਹੜਾ ਪ੍ਰਕਾਸ਼-ਰੂਪ ਪ੍ਰਭੂ ਸਭ ਤੋਂ ਵੱਡਾ ਹੈ, ਜਿਸ ਦਾ ਸਰੂਪ ਮੌਤ ਰਹਿਤ ਹੈ, ਉਸ ਦੀ ਪੂਜਾ ਭਗਤੀ ਕਰ ਤੇ ਭੇਟਾ ਵਜੋਂ ਆਪਣਾ ਇਹ ਮਨ ਉਸ ਦੇ ਹਵਾਲੇ ਕਰ ਦੇ।

ਸਵਾਲ : 'ਹਿੰਦ ਦੀ ਚਾਦਰ' ਤੋਂ ਕੀ ਭਾਵ ਹੈ?

—ਸ: ਅਜੀਤ ਸਿੰਘ, ਨਵੀਂ ਦਿੱਲੀ

ਜਵਾਬ : 'ਹਿੰਦ ਦੀ ਚਾਦਰ' ਤੋਂ ਭਾਵ ਹੈ—ਹਿੰਦ ਦੀ ਇੱਜ਼ਤ ਦੇ ਰਾਖੇ। ਗੁਰੂ ਜੀ ਬਾਰੇ ਐਸਾ ਵਿਚਾਰ ਗਿਆਨੀ ਗਿਆਨ ਸਿੰਘ ਜੀ ਨੇ ਆਪਣੇ 'ਪੰਥ ਪ੍ਰਕਾਸ਼' ਵਿਚ ਦਿੱਤਾ ਹੈ। ਇਸ ਤੋਂ ਸਿਵਾਏ ਹੋਰ ਸਾਖੀਕਾਰਾਂ ਨੇ ਗੁਰੂ ਸਾਹਿਬ ਨੂੰ **'ਧਰਮ ਦੀ ਚਾਦਰ'** ਜਾਂ **'ਜਗਤ ਦੀ ਚਾਦਰ'** ਕਿਹਾ ਹੈ। ਸਾਡੇ ਗੁਰੂ ਸਾਹਿਬਾਨ ਨੇ ਸਾਰੇ ਸੰਸਾਰ ਦੇ ਸਾਂਝੇ ਸਨ, ਇਸ ਪੱਖੋਂ ਉਨ੍ਹਾਂ ਨੂੰ **'ਜਗਤ ਦੀ ਚਾਦਰ'** ਹੀ ਕਹਿਣਾ ਬਣਦਾ ਹੈ। ਜਗਤ ਦੀ ਪੈਜ-ਇੱਜ਼ਤ ਤਾਂ ਹੀ ਰਹਿ ਸਕਦੀ ਹੈ ਜੇ ਸੰਸਾਰ ਵਿਚ 'ਧਰਮ' (ਨੇਕੀ ਤੇ ਸਚਾਈ) ਦਾ ਬੋਲਬਾਲਾ ਹੋਵੇ ਅਤੇ ਧਰਮ ਨੂੰ ਢਾਹ ਲਾਉਣ ਵਾਲੀਆਂ ਸ਼ਕਤੀਆਂ ਦਾ ਵਿਨਾਸ਼ ਹੋਵੇ। ਔਰੰਗਜ਼ੇਬ ਐਸੀ ਹੀ ਸ਼ਕਤੀ ਸੀ। ਗੁਰੂ ਤੇਗ਼ ਬਹਾਦਰ ਜੀ ਨੇ ਆਪਣੀ ਕੁਰਬਾਨੀ ਦੇ ਕੇ ਜਿਥੇ ਧਰਮ-ਮਾਰੂ ਸ਼ਕਤੀ ਨੂੰ ਰੋਕ ਪਾਈ ਉਥੇ 'ਧਾਰਮਿਕ ਸੁਤੰਤਰਤਾ' ਦੇ ਸਿਧਾਂਤ 'ਤੇ ਪਹਿਰਾ ਦਿੱਤਾ। ਇਸ ਲਈ ਉਨ੍ਹਾਂ ਨੂੰ **'ਧਰਮ ਦੀ ਚਾਦਰ'** ਵੀ ਕਿਹਾ ਜਾਂਦਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹਜ਼ੂਰੀ ਕਵੀ 'ਸੈਨਾਪਤੀ' (ਸ੍ਰ. ਸੈਣਾ ਸਿੰਘ) ਨੇ 'ਸ੍ਰੀ ਗੁਰ ਸੋਭਾ' ਗ੍ਰੰਥ ਵਿਚ ਉਪਰੋਕਤ ਵਿਚਾਰਾਂ ਨੂੰ ਇੰਝ ਪ੍ਰਗਟਾਇਆ ਹੈ—

ਪ੍ਰਗਟ ਭਏ ਗੁਰੂ ਤੇਗ ਬਹਾਦਰ,
ਸਗਲ ਸ੍ਰਿਸਟਿ ਪੈ ਢਾਪੀ ਚਾਦਰ॥
ਕਰਮ ਧਰਮ ਕੀ ਜਿਨਿ ਪਤਿ ਰਾਖੀ,
ਅਟਲ ਕਰੀ ਕਲਿਜੁਗ ਮੈ ਸਾਖੀ॥ ੧੪॥
ਸਗਲ ਸ੍ਰਿਸਟਿ ਜਾ ਕਾ ਜਸ ਭਯੋ,
ਜਿਹ ਤੇ ਸਰਬ ਧਰਮ ਬਚਯੋ॥
ਤੀਨ ਲੋਕ ਮੈ ਜੈ ਜੈ ਭਈ,
ਸਤਿਗੁਰ ਪੈਜ ਰਾਖਿ ਇਮ ਲਈ॥ ੧੫॥

ਸਵਾਲ : ਮੱਸਿਆ, ਸੰਗਰਾਂਦ, ਪੂਰਨਮਾਸ਼ੀ...ਦਿਹਾੜੇ ਗੁਰਮਤਿ ਨਾਲ ਸੰਬੰਧਤ ਨਹੀਂ ਹਨ, ਪਰ ਇਹ ਆਮ ਹੀ ਗੁਰਦੁਆਰਿਆਂ ਵਿਚ ਮਨਾਏ ਜਾਂਦੇ ਹਨ, ਕਿਉਂ?

—ਗੁਰਜੀਤ ਸਿੰਘ, ਨਵੀਂ ਦਿੱਲੀ

ਜਵਾਬ : ਉਪਰੋਕਤ ਦਿਹਾੜੇ ਸੂਰਜ ਅਤੇ ਚੰਦਰਮਾ ਦੀ ਪੂਜਾ ਨਾਲ ਸੰਬੰਧਤ ਹਨ, ਪਰ ਸਿੱਖ ਇਨ੍ਹਾਂ ਦੀ ਥਾਂ ਕੇਵਲ ਇਕ ਅਕਾਲ ਪੁਰਖ ਦਾ ਪੁਜਾਰੀ ਹੈ। ਗੁਰਬਾਣੀ ਵਿਚ ਤਾਂ ਇਸ ਬਾਰੇ ਸਪੱਸ਼ਟ ਹਦਾਇਤ ਹੈ :

ਚਉਦਸ ਅਮਾਵਸ ਰਚਿ ਰਚਿ ਮਾਂਗਹਿ,
ਕਰ ਦੀਪਕੁ ਲੈ ਕੂਪਿ ਪਰਹਿ॥ *(੯੭੦)*

ਅਰਥ : ਹੇ ਬ੍ਰਾਹਮਣ! ਚੌਦਸਾਂ ਅਤੇ ਅਮਾਵਸਾਂ ਘੜ-ਘੜ ਕੇ ਤੂੰ ਤਾਂ ਆਪਣੀ ਉਦਰ ਪੂਰਤੀ ਕਰ ਰਿਹਾ ਹੈਂ। ਆਪਣੇ ਆਪ ਵਿਚ ਤੂੰ ਗਿਆਨਦਾਤਾ ਬਣ ਰਿਹਾ ਹੈਂ, ਪਰ ਮੂਲ ਰੂਪ ਵਿਚ ਤੂੰ ਆਪ ਅਗਿਆਨਤਾ ਦੇ ਖੂਹ ਵਿਚ ਡਿੱਗਾ ਪਿਆ ਹੈਂ। ਥਿਤਾਂ ਵਾਰਾਂ ਦੇ ਭੁਲੇਖਿਆਂ ਵਿਚ ਫਸੇ ਮਨੁੱਖਾਂ ਨੂੰ ਗੁਰਦੇਵ ਮੂਰਖ ਅਤੇ ਜਾਹਲ ਹੋਣ ਦਾ ਸਰਟੀਫਿਕੇਟ ਦੇ ਰਹੇ ਹਨ :

ਥਿਤੀ ਵਾਰ ਸੇਵਹਿ ਮੁਗਧ ਗਵਾਰ॥
(੮੪੩)

ਇਹਨਾਂ ਦਿਹਾੜਿਆਂ ਨੂੰ ਉਚੇਚੇ ਤੌਰ ਤੇ ਗੁਰਦੁਆਰਿਆਂ ਵਿਚ ਮਨਾਇਆ ਜਾਣਾ ਗੁਰਦੁਆਰਾ ਪ੍ਰਬੰਧਕਾਂ ਅਤੇ ਸੰਗਤਾਂ ਦੀ ਗੁਰਮਤਿ ਸਿਧਾਂਤਾਂ ਪ੍ਰਤੀ ਅਗਿਆਨਤਾ ਦਾ ਸੂਚਕ ਹੈ। ਪਰ ਸਾਲ ਵਿਚ ਲਗਭਗ 34 ਗੁਰਪੁਰਬ ਹਨ ਜੋ ਸਾਨੂੰ ਪੂਰੀ ਤਰ੍ਹਾਂ ਭੁੱਲੇ ਹੋਏ ਹਨ। ਅੱਜ ਸੰਗਰਾਂਦ ਸਿੱਖਾਂ ਨੂੰ ਭੁਲਦੀ ਨਹੀਂ, ਮਹੀਨੇ ਦੇ ਬਾਕੀ ਦਿਨ ਬਹੁਤੇ ਗੁਰਦੁਆਰਿਆਂ ਵਿਚ ਭਾਈ ਸਾਹਿਬ ਤੋਂ ਬਿਨਾਂ ਕੋਈ ਨਜ਼ਰ ਨਹੀਂ ਆਉਂਦਾ। ਮੁੱਕਦੀ ਗੱਲ ਕਿ ਸੂਰਜ ਦੇਵਤੇ ਦੀ ਪੂਜਾ ਨਾਲ ਸੰਬੰਧਤ ਸੰਗਰਾਂਦ ਅਤੇ ਚੰਦਰਮਾ ਦੇਵਤੇ ਦੀ ਪੂਜਾ ਨਾਲ ਸੰਬੰਧਤ ਪੂਰਨਮਾਸ਼ੀ ਅਤੇ ਮੱਸਿਆ ਦਾ ਸਿੱਖ ਧਰਮ ਨਾਲ ਕੋਈ ਸੰਬੰਧ ਨਹੀਂ, ਸਗੋਂ ਸੰਗਤਾਂ ਨੂੰ ਹਰ ਰੋਜ਼ ਗੁਰਦੁਆਰੇ ਆਉਣ ਦੀ ਪ੍ਰੇਰਨਾ ਦੇਣੀ ਤੇ ਆਪ ਸੰਗਤ ਵਿਚ ਸ਼ਾਮਲ ਹੋਣਾ, ਸਿੱਖ ਦਾ ਫਰਜ਼ ਹੈ। ਸਾਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਫ਼ੁਰਮਾਨ ਯਾਦ ਰੱਖਣ ਦੀ ਲੋੜ ਹੈ :

ਜਬ ਲਗ ਖਾਲਸਾ ਰਹੈ ਨਿਆਰਾ॥
ਤਬ ਲਗ ਤੇਜ ਦੀਉ ਮੈ ਸਾਰਾ॥
ਜਬ ਇਹ ਗਹੈ ਬਿਪਰਨ ਕੀ ਰੀਤ॥
ਮੈ ਨਾ ਕਰੋਂ ਇਨ ਕੀ ਪਰਤੀਤ॥

ਸਵਾਲ : ਜਦੋਂ ਘਰ ਵਿਚ ਪ੍ਰਸ਼ਾਦਾ ਬਣ ਜਾਂਦਾ ਹੈ ਤਾਂ ਕਈ ਮਾਈਆਂ/ਬੀਬੀਆਂ ਥਾਲੀ ਵਿਚ ਪਰੋਸ ਕੇ ਕਿਸੇ ਫੋਟੋ ਅੱਗੇ ਰੱਖ ਕੇ ਫਿਰ ਪਰਿਵਾਰ ਨੂੰ ਛਕਾਉਂਦੀਆਂ ਹਨ। ਕੀ ਇਹ ਜਾਇਜ਼ ਹੈ?

—ਗੁਰਦਿਆਲ ਸਿੰਘ, ਸਵੱਦੀ

ਜਵਾਬ : ਨਹੀਂ ਜੀ, ਐਸਾ ਕਰਨਾ ਕਦਾਚਿਤ ਯੋਗ ਨਹੀਂ ਹੈ, ਕਿਉਂਕਿ ਗੁਰਮਤਿ ਵਿਚ ਤਸਵੀਰ ਪੂਜਾ ਦਾ ਕੋਈ ਵਿਧਾਨ ਨਹੀਂ ਹੈ। ਕੇਵਲ ਇਕ ਅਕਾਲ ਪੁਰਖ ਦੀ ਪੂਜਾ ਦਾ ਵਿਧਾਨ ਹੈ ਅਤੇ ਅਕਾਲ ਪੁਰਖ ਅੱਗੇ ਅਰਦਾਸ ਬੇਨਤੀ

ਕਰਨੀ ਹੀ ਯੋਗ ਹੈ।

ਸਵਾਲ : ਹੇਠ ਲਿਖੀਆਂ ਤੁਕਾਂ ਦੇ ਅਰਥ ਸਮਝਾਉ ਜੀ :

ਦੇਵ ਕੁਲੀ ਲਖਿਮੀ ਕਉ ਕਰਹਿ ਜੈਕਾਰੁ ॥
ਮਾਤਾ, ਨਰਸਿੰਘ ਕਾ ਰੂਪੁ ਨਿਵਾਰੁ ॥
ਲਖਿਮੀ ਭਉ ਕਰੈ, ਨ ਸਾਕੈ ਜਾਇ ॥
ਪ੍ਰਹਲਾਦੁ ਜਨੁ ਚਰਣੀ ਲਾਗਾ ਆਇ ॥੧੧ ॥

—ਅਮਰਜੀਤ ਸਿੰਘ, ਕਰਨਾਲ

ਜਵਾਬ : ਇਹ ਤੁਕਾਂ ਸ੍ਰੀ ਗੁਰੂ ਅਮਰਦਾਸ ਜੀ ਦੇ ਭੈਰਉ ਰਾਗ ਵਿਚ ਉਚਾਰੇ ਹੋਏ ੧੩ ਪਦਿਆਂ ਵਾਲੇ ਇਕ ਲੰਮੇ ਸ਼ਬਦ ਦੀਆਂ ਹਨ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੧੧੫੪ ਤੋਂ ਆਰੰਭ ਹੋ ਕੇ ਪੰਨਾ ੧੧੫੫ ਤੇ ਸੰਪੂਰਨ ਹੁੰਦਾ ਹੈ। ਇਸ ਸ਼ਬਦ ਵਿਚ ਸਮਝਾਇਆ ਗਿਆ ਹੈ ਕਿ ਜਿਹੜੇ ਮਨੁੱਖ ਨਿਡਰ ਹੋ ਕੇ ਪ੍ਰਭੂ ਦਾ ਸਿਮਰਨ ਕਰਦੇ ਹਨ, ਪ੍ਰਭੂ ਉਨ੍ਹਾਂ ਦੀ ਸੰਕਟ ਸਮੇਂ ਰੱਖਿਆ ਕਰਦਾ ਹੈ ਤੇ ਪੈਜ ਰੱਖਦਾ ਹੈ। ਇਸ ਸ਼ਬਦ ਦੀ ਪਹਿਲੀ ਤੁਕ ਹੈ—**ਤਿਨਿ ਕਰਤੈ ਇਕੁ ਚਲਤੁ ਉਪਾਇਆ ॥**

ਪ੍ਰਭੂ ਭਗਤੀ ਅਤੇ ਗੁਰ-ਸ਼ਬਦ ਦੀ ਮਹਿਮਾ ਨੂੰ ਪ੍ਰਗਟਾਉਣ ਲਈ ਗੁਰੂ ਸਾਹਿਬ ਨੇ ਭਗਤ ਪ੍ਰਹਿਲਾਦ ਦੀ ਉਦਾਹਰਨ ਦਿੱਤੀ ਹੈ, ਜਿਸਦਾ ਸਾਰ ਹੈ ਕਿ :

ਪ੍ਰਹਿਲਾਦ ਦਾ ਪਿਤਾ ਹਰਨਾਖਸ਼ ਇਹ ਚਾਹੁੰਦਾ ਸੀ ਕਿ ਲੋਕ ਉਸੇ ਦਾ ਹੀ ਨਾਮ ਜਪਣ, ਪਰ ਪ੍ਰਹਿਲਾਦ ਨੇ ਪਾਠਸ਼ਾਲਾ ਵਿਚ ਆਪ ਪ੍ਰਭੂ ਦਾ ਨਾਮ ਜਪਣਾ ਆਰੰਭ ਕਰ ਦਿੱਤਾ। ਬਾਕੀ ਵਿਦਿਆਰਥੀ ਵੀ ਪ੍ਰਭੂ ਦਾ ਨਾਮ ਜਪਣ ਲੱਗੇ। ਅਧਿਆਪਕਾਂ 'ਸੰਡਾ' ਤੇ 'ਅਮਰਕ' ਨੇ ਹਰਨਾਖਸ਼ ਕੋਲ ਸ਼ਿਕਾਇਤ ਕੀਤੀ, ਪਰ ਸਭ ਯਤਨਾਂ ਦੇ ਬਾਵਜੂਦ ਪ੍ਰਹਿਲਾਦ ਪ੍ਰਭੂ ਦੇ ਨਾਮ ਸਿਮਰਨ ਤੋਂ ਨਾ ਹਟਿਆ। ਹਰਨਾਖਸ਼ ਨੇ ਉਸ ਨੂੰ ਕੈਦ ਕਰ ਦਿੱਤਾ ਤੇ ਇਕ ਦਿਨ ਗੁਰਜ ਨਾਲ ਉਸ ਉਤੇ ਵਾਰ ਕਰਨ ਲੱਗਾ। ਪ੍ਰਭੂ ਨੇ ਨਰਸਿੰਘ ਨੂੰ ਪ੍ਰਗਟ ਕਰਕੇ ਹਰਨਾਖਸ਼ ਨੂੰ ਮਾਰ ਦਿੱਤਾ। (ਇਸ ਤਰ੍ਹਾਂ ਪ੍ਰਭੂ ਲੋਕ ਪਰਲੋਕ ਵਿਚ ਭਗਤਾਂ ਦੀ ਰਾਖੀ ਕਰਦਾ ਹੈ ਤੇ ਉਨ੍ਹਾਂ ਨੂੰ ਇੱਜ਼ਤ ਦਿੰਦਾ ਹੈ।)

ਇਸ ਜ਼ਿਕਰ ਦੇ ਮਗਰੋਂ ਸ਼ਬਦ ਵਿਚ ਉਪਰੋਕਤ ਤੁਕਾਂ ਆਰੰਭ ਹੁੰਦੀਆਂ ਹਨ, ਜਿਨ੍ਹਾਂ ਦਾ ਅਰਥ ਹੈ : 'ਦੇਵਤਿਆਂ ਦੀ ਕੁਲ (ਭਾਵ, ਸਾਰੇ ਦੇਵਤਿਆਂ) ਨੇ ਲੱਛਮੀ ਦੀ ਵਡਿਆਈ ਕੀਤੀ ਤੇ ਆਖਿਆ—ਹੇ ਮਾਤਾ! ਪ੍ਰੇਰਨਾ ਕਰ ਤੇ ਆਖ ਕਿ ਹੇ ਪ੍ਰਭੂ! ਨਰਸਿੰਘ ਵਾਲਾ ਰੂਪ ਤਿਆਗ ਦਿਉ। ਪਰ ਲੱਛਮੀ ਵੀ ਡਰ ਰਹੀ ਸੀ ਤੇ ਨਰਸਿੰਘ ਦੇ ਨੇੜੇ ਨਹੀਂ ਸੀ ਜਾ ਸਕਦੀ ਪਰ ਪਰਮਾਤਮਾ ਦਾ ਭਗਤ ਪ੍ਰਹਿਲਾਦ ਨਰਸਿੰਘ ਦੀ ਚਰਨੀਂ ਆ ਲੱਗਾ।

ਇਸ ਤੋਂ ਬਾਅਦ ਸ਼ਬਦ ਦੇ ਅੰਤਲੇ ਪਦੇ ਵਿਚ ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਆਰੰਭ ਤੋਂ ਹੀ ਪਰਮਾਤਮਾ ਆਪਣੇ ਭਗਤਾਂ ਦਾ ਪੱਖ ਕਰਦਾ ਆ ਰਿਹਾ ਹੈ—ਉਨ੍ਹਾਂ ਦੀ ਰੱਖਿਆ ਕਰਦਾ ਆ ਰਿਹਾ ਹੈ।

ਨੋਟ : ਗੁਰੂ ਸਾਹਿਬਾਨ ਨੇ ਗੁਰਮਤਿ ਦ੍ਰਿੜ੍ਹ ਕਰਾਉਣ ਲਈ ਇਤਿਹਾਸਕ-ਮਿਥਿਹਾਸਕ ਘਟਨਾਵਾਂ ਦਾ ਜ਼ਿਕਰ ਕੀਤਾ ਹੈ, ਪਰ ਇਨ੍ਹਾਂ ਘਟਨਾਵਾਂ ਨੂੰ ਪ੍ਰਮਾਣਿਕਤਾ ਪ੍ਰਦਾਨ ਨਹੀਂ ਕੀਤੀ।

ਸਵਾਲ : ਮੱਥਾ ਟੇਕਣ ਸਮੇਂ ਹੱਥ ਸਿੱਧੇ ਰੱਖਣੇ ਚਾਹੀਦੇ ਹਨ ਜਾਂ ਪੁੱਠੇ ?

—ਗੁਰਮੀਤ ਕੌਰ, ਸੰਗਰੂਰ

ਜਵਾਬ : ਗੁਰੂ ਗ੍ਰੰਥ ਸਾਹਿਬ ਸਨਮੁਖ ਮੱਥਾ ਟੇਕਣ ਸਮੇਂ ਮਨ ਦੀ ਭਾਵਨਾ ਦਾ ਠੀਕ ਹੋਣਾ ਸਭ ਤੋਂ ਜ਼ਰੂਰੀ ਗੱਲ ਹੈ। ਮੱਥਾ ਟੇਕਣ ਸਮੇਂ ਆਪਣੇ ਮਨ ਦੀ ਪੜਚੋਲ ਕਰ ਲੈਣੀ ਜ਼ਰੂਰੀ ਹੈ ਕਿ ਕੀ ਮਨੋਂ ਮੱਥਾ ਟੇਕ ਰਹੇ ਹਾਂ ਜਾਂ ਨਹੀਂ। ਇਸ ਦਾ ਨਿਰਣਾ ਇਸ ਗੱਲ ਤੋਂ ਕਰ ਸਕਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਣ ਦਾ ਅਰਥ 'ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਹੁਕਮ ਨੂੰ ਮੰਨਣ ਲਈ ਪਾਬੰਦ ਹੋਣਾ' ਨੂੰ ਮੰਨਣ ਲਈ ਤਿਆਰ ਹਾਂ ਜਾਂ ਨਹੀਂ। ਜੇ ਨਹੀਂ ਤਾਂ ਫਿਰ ਆਸਾ ਕੀ ਵਾਰ ਵਿਚਲਾ ਗੁਰੂ ਨਾਨਕ ਸਾਹਿਬ ਦਾ ਫੁਰਮਾਨ ਯਾਦ ਰੱਖਣਾ ਚਾਹੀਦਾ ਹੈ :

ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ ॥
ਸੀਸ ਨਿਵਾਇਐ ਕਿਆ ਥੀਐ
ਜਾ ਰਿਦੈ ਕੁਸੁਧੇ ਜਾਹਿ ॥ *(੪੭੦)*

ਬਾਕੀ ਰਹੀ ਗੱਲ ਹੱਥ ਸਿੱਧੇ ਪੁੱਠੇ ਰੱਖਣ ਦੀ। ਆਮ ਕਰਕੇ ਜਗਿਆਸੂ ਹਥੇਲੀ ਥੱਲੇ ਰੱਖ ਕੇ ਹੀ ਮੱਥਾ ਟੇਕਦੇ ਹਨ।

ਸਵਾਲ : ਜਿਸ ਵਿਅਕਤੀ ਦੇ ਕੇਸ ਕੱਟੇ ਹੋਣ, ਕੀ ਉਹ ਘਰੇ ਪਾਠ ਕਰ ਸਕਦਾ ਹੈ ?

—ਸੁਖਦੇਵ ਸਿੰਘ, ਹੁਸ਼ਿਆਰਪੁਰ

ਜਵਾਬ : ਪੰਥ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਅਨੁਸਾਰ ਐਸੇ ਵਿਅਕਤੀ ਲਈ ਕੇਵਲ ਸੰਗਤ ਵਿਚ ਪਾਠ, ਕੀਰਤਨ, ਕਥਾ ਕਰਨ ਦੀ ਮਨਾਹੀ ਹੈ ਪਰ ਆਪਣੇ ਆਪ ਲਈ ਪਾਠ ਕੋਈ ਵੀ ਕਿਸੇ ਅਸਥਾਨ ਤੇ ਵੀ ਕਰ ਸਕਦਾ ਹੈ।

ਸਵਾਲ : 'ਮਨੀਕਰਨ ਸਾਹਿਬ' ਗੁਰਦੁਆਰੇ ਵਿਚ ਲਗਭਗ ਬਹੁਤ ਸਾਰੇ ਧਰਮਾਂ ਨਾਲ ਸੰਬੰਧਿਤ ਸ਼ਖ਼ਸੀਅਤਾਂ ਦੀਆਂ ਫੋਟੋਆਂ ਲੱਗੀਆਂ ਹਨ ਅਤੇ ਉਹਨਾਂ ਦੀ ਪੂਜਾ ਵੀ ਹੁੰਦੀ ਹੈ। ਕੀ ਐਸਾ ਸਿੱਖ ਰਹਿਤ ਮਰਯਾਦਾ ਦੀ ਉਲੰਘਣਾ ਨਹੀਂ ?

ਬਲਦੇਵ ਸਿੰਘ, ਜਲਾਲਪੁਰ

ਜਵਾਬ : ਗੁਰਮਤਿ ਅਨੁਸਾਰ ਮੂਰਤੀ ਪੂਜਾ, ਤਸਵੀਰ ਪੂਜਾ ਦੇ ਕਰਮ ਮਨਮਤ ਹਨ। ਸਿੱਖ ਰਹਿਤ ਮਰਯਾਦਾ ਵਿਚ ਇਸ ਬਾਰੇ ਸਪੱਸ਼ਟ ਹਦਾਇਤ ਹੈ ਕਿ : "ਗੁਰਦੁਆਰਿਆਂ ਵਿਚ ਮੂਰਤੀਆਂ (ਬੁੱਤ) ਬਣਾਣੀਆਂ ਜਾਂ ਰੱਖਣੀਆਂ, ਗੁਰੂ ਸਾਹਿਬਾਨ ਜਾਂ ਸਿੱਖ ਬਜ਼ੁਰਗਾਂ ਦੀਆਂ ਤਸਵੀਰਾਂ ਅੱਗੇ ਮੱਥੇ ਟੇਕਣੇ, ਇਹੋ ਜਿਹੇ ਕਰਮ ਮਨਮਤ ਹਨ। ਗੁਰਦੁਆਰੇ ਵਿਚ ਕੋਈ ਮੂਰਤੀ ਪੂਜਾ ਜਾਂ ਹੋਰ ਗੁਰਮਤਿ ਦੇ ਵਿਰੁੱਧ ਕੋਈ ਰੀਤੀ ਜਾਂ ਸੰਸਕਾਰ ਨਾ ਹੋਵੇ।"

ਸਵਾਲ : 'ਹੰਸਾ ਹੀਰਾ ਮੋਤੀ ਚੁਗਣਾ, ਬਗੁ ਡਡਾ ਭਾਲਣ ਜਾਵੈ ॥' ਕੀ ਹੰਸ ਮੋਤੀ ਖਾਂਦਾ ਹੈ ਜਾਂ ਮਾਨਸਰੋਵਰ ਸਮੁੰਦਰ ਦੇ ਕਿਨਾਰੇ ਉਗਿਆ ਹੋਇਆ ਬਰੀਕ ਘਾਹ, ਜਿਵੇਂ ਕਿ ਭਾਸ਼ਾ ਵਿਭਾਗ ਦੀ ਡਿਕਸ਼ਨਰੀ ਵਿਚ ਲਿਖਿਆ ਹੋਇਆ ਹੈ ?

—ਹਰਪਾਲ ਸਿੰਘ, ਸਫੀਦੋਂ

ਜਵਾਬ : ਹੀਰੇ ਮੋਤੀ ਮਾਨਸਰੋਵਰ/ਸਮੁੰਦਰ ਦੀ ਤਹਿ ਵਿਚ ਹੁੰਦੇ ਹਨ। ਹੰਸਾਂ ਦਾ ਉਥੇ ਤੱਕ ਪਹੁੰਚਣਾ ਕਠਿਨ ਹੈ। ਸਮੁੰਦਰ ਦੀ ਛੱਲ ਨਾਲ ਕਈ ਵਾਰ ਹੀਰੇ

ਮੋਤੀ ਬਾਹਰ ਕਿਨਾਰੇ ਤੇ ਆ ਡਿੱਗਦੇ ਹਨ। ਪੰਛੀ ਕੰਕਰ ਰੋੜੇ ਵੀ ਚੁਗ ਲੈਂਦੇ ਹਨ।ਸੁੱਚੇ ਮੋਤੀ ਅਕਸੀਰ ਹੋਣ ਕਾਰਨ ਦਵਾਈਆਂ ਵਿਚ ਵੀ ਪੈਂਦੇ ਹਨ।ਅਸੀਂ ਮੁਰਗੀਆਂ ਦੀ ਖੁਰਾਕ (ਫੀਡ) ਵਿਚ ਵੀ ਬਰੀਕ ਕੰਕਰਾਂ ਪਾਉਂਦੇ ਹਾਂ। ਹੰਸ ਸੁੱਚੇ ਮੋਤੀ ਵੀ ਚੁਗਦਾ ਹੈ ਤੇ ਬਰੀਕ ਘਾਹ ਵੀ ਖਾਂਦਾ ਹੈ।

ਗੁਰਬਾਣੀ ਵਿਚ ਆਏ ਸ਼ਬਦ ਹੰਸ ਤੇ ਬਗਲਾ, ਗੁਰਮੁਖ ਤੇ ਮਨਮੁਖ ਲਈ ਸੰਕੇਤਕ ਸ਼ਬਦਾਂ ਵਜੋਂ ਵਰਤੇ ਗਏ ਹਨ ਅਤੇ ਹੀਰਾ-ਮੋਤੀ ਗੁਰ-ਸ਼ਬਦ ਹੈ ਜਿਸਨੂੰ ਗੁਰਮੁਖ ਰੂਪੀ ਹੰਸ ਸਾਧ-ਸੰਗਤ ਰੂਪੀ ਮਾਨਸਰੋਵਰ ਵਿਚ ਜਾ ਕੇ ਚੁਗਦੇ ਅਤੇ ਤ੍ਰਿਪਤ ਹੁੰਦੇ ਹਨ।

ਸਵਾਲ : ਅਰਦਾਸ ਬੈਠ ਕੇ ਵੀ ਕੀਤੀ ਜਾ ਸਕਦੀ ਹੈ ਜਾਂ ਨਹੀਂ ?

ਜਵਾਬ : ਸਿੱਖ ਰਹਿਤ ਮਰਯਾਦਾ ਅਨੁਸਾਰ ਅਰਦਾਸ ਦੋਵੇਂ ਹੱਥ ਜੋੜ ਕੇ ਇਕਾਗਰ ਚਿਤ ਖੜ੍ਹੇ ਹੋ ਕੇ ਕਰਨ ਦਾ ਵਿਧਾਨ ਹੈ, ਪਰ ਜੇਕਰ ਕੋਈ ਸਰੀਰਕ ਮਜਬੂਰੀ ਹੋਵੇ ਤਾਂ ਬੈਠ ਕੇ ਵੀ ਅਰਦਾਸ ਕੀਤੀ ਜਾ ਸਕਦੀ ਹੈ। ਇਸ ਵਿਚ ਕੋਈ ਹਰਜ਼ ਨਹੀਂ।

ਸਵਾਲ : ਕਈ ਜਗ੍ਹਾ ਤੇ ਮਿਰਤਕ ਪ੍ਰਾਣੀ ਦੇ ਦਾਹ ਸੰਸਕਾਰ ਤੋਂ ਬਾਅਦ ਗੁਰਦੁਆਰੇ ਵਿਚ 'ਅਲਾਹਣੀਆਂ' ਦਾ ਪਾਠ ਕੀਤਾ ਜਾਂਦਾ ਹੈ। ਕੀ ਇਹ ਠੀਕ ਹੈ ? ਇਸ ਬਾਰੇ ਸਪੱਸ਼ਟ ਕਰੋ ਜੀ।

ਜਵਾਬ : ਪੰਥ ਪ੍ਰਵਾਨਤ ਸਿੱਖ ਰਹਿਤ ਮਰਯਾਦਾ ਵਿਚ 'ਮਿਰਤਕ ਸੰਸਕਾਰ' ਸਿਰਲੇਖ ਹੇਠ ਜ਼ਿਕਰ ਹੈ :

ਮਿਰਤਕ ਸਰੀਰ ਨੂੰ ਇਸ਼ਨਾਨ ਕਰਾ ਕੇ ਸਵੱਛ ਬਸਤਰ ਪਾਏ ਜਾਣ ਤੇ ਕਕਾਰ ਜੁਦਾ ਨਾ ਕੀਤੇ ਜਾਣ। ਫਿਰ ਤਖਤੇ ਉਤੇ ਪਾ ਕੇ ਚਲਾਣੇ ਦਾ ਅਰਦਾਸਾ ਸੋਧਿਆ ਜਾਵੇ। ਫਿਰ ਅਰਥੀ ਨੂੰ ਚੁੱਕ ਕੇ ਸ਼ਮਸ਼ਾਨ ਭੂਮੀ ਵੱਲ ਲਿਜਾਇਆ ਜਾਵੇ। ਨਾਲ ਵੈਰਾਗਮਈ ਸ਼ਬਦਾਂ ਦਾ ਉਚਾਰਨ ਕੀਤਾ ਜਾਵੇ। ਸੰਸਕਾਰ ਦੀ ਥਾਂ ਤੇ ਪਹੁੰਚ ਕੇ ਚਿਖਾ ਰਚੀ ਜਾਵੇ, ਫਿਰ ਸਰੀਰ ਨੂੰ ਅਗਨੀ ਭੇਟ ਕਰਨ ਲਈ ਅਰਦਾਸਾ ਸੋਧਿਆ ਜਾਵੇ। ਫਿਰ ਪ੍ਰਾਣੀ ਨੂੰ ਅੰਗੀਠੇ ਉਤੇ ਰੱਖ ਕੇ ਪੁੱਤਰ ਜਾਂ ਕੋਈ ਹੋਰ ਸੰਬੰਧੀ ਜਾਂ ਹਿਤੂ ਆਦਿ ਅਗਨੀ ਲਾ ਦੇਵੇ। ਸੰਗਤ ਕੁਝ ਵਿਥ ਤੇ ਬਹਿ ਕੇ ਕੀਰਤਨ ਕਰੇ ਜਾਂ ਵੈਰਾਗਮਈ ਸ਼ਬਦ ਪੜ੍ਹੇ। ਜਦ ਅੰਗੀਠਾ ਪੂਰੀ ਤਰ੍ਹਾਂ ਬਲ ਉਠੇ ਤਾਂ (ਕਪਾਲ ਕਿਰਿਆ ਆਦਿ ਕਰਨਾ ਮਨਮਤਿ ਹੈ) ਸੋਹਿਲੇ ਦਾ ਪਾਠ ਕਰਕੇ ਅਰਦਾਸਾ ਸੋਧ ਕੇ ਸੰਗਤ ਮੁੜ ਆਵੇ। ਘਰ ਆ ਕੇ ਜਾਂ ਨੇੜੇ ਦੇ ਕਿਸੇ ਗੁਰਦੁਆਰੇ ਵਿਚ ਪ੍ਰਾਣੀ ਨਮਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਰਖਿਆ ਜਾਵੇ ਅਤੇ ਅਨੰਦੁ ਸਾਹਿਬ (ਛੇ ਪਉੜੀਆਂ) ਦਾ ਪਾਠ ਕਰਕੇ ਅਰਦਾਸਾ ਸੋਧ ਕੇ ਕੜਾਹ ਪ੍ਰਸ਼ਾਦ ਵਰਤਾਇਆ ਜਾਵੇ। ਇਸ ਪਾਠ ਦੀ ਸਮਾਪਤੀ ਦਸਵੇਂ ਦਿਨ ਹੋਵੇ। ਜੇ ਦਸਵੇਂ ਦਿਨ ਨਾ ਹੋ ਸਕੇ ਤਾਂ ਹੋਰ ਕੋਈ ਦਿਨ ਸੰਬੰਧੀਆਂ ਦੀ ਸੌਖ ਨੂੰ ਮੁਖ ਰੱਖ ਕੇ ਨਿਯਤ ਕੀਤਾ ਜਾਵੇ। ਇਸ ਪਾਠ ਦੇ ਕਰਨ ਵਿਚ ਘਰ ਵਾਲੇ ਅਤੇ ਸੰਬੰਧੀ ਹਿੱਸਾ ਲੈਣ। ਜੇ ਹੋ ਸਕੇ ਤਾਂ ਹਰ ਰੋਜ਼ ਰਾਤ ਨੂੰ ਕੀਰਤਨ ਵੀ ਹੋਵੇ। ਦੁਸਹਿਰੇ ਤੋਂ ਪਿਛੋਂ ਚਲਾਣੇ ਦੀ ਕੋਈ ਰਸਮ ਬਾਕੀ ਨਹੀਂ ਰਹਿੰਦੀ।

ਉਪਰੋਕਤ ਅਨੁਸਾਰ ਸਪੱਸ਼ਟ ਹੈ ਕਿ ਮਿਰਤਕ ਦੇ ਦਾਹ ਸੰਸਕਾਰ ਤੋਂ ਬਾਅਦ ਅਲਾਹਣੀਆਂ ਦੇ ਪਾਠ ਦੀ ਕੋਈ ਮਰਯਾਦਾ ਨਹੀਂ ਹੈ।

ਸਵਾਲ : ਆਮ ਤੌਰ ਤੇ ਪਾਠੀ ਸਿੰਘ ਕਹਿੰਦੇ ਹਨ ਕਿ ਅਖੰਡ ਪਾਠ ਦਾ ਭੋਗ 48 ਘੰਟੇ ਦੇ ਅੰਦਰ ਅੰਦਰ ਪੈਣਾ ਜ਼ਰੂਰੀ ਹੈ। ਇਸ ਬਾਰੇ ਸਪੱਸ਼ਟ ਕਰੋ ਜੀ।

—ਜਗਤਾਰ ਸਿੰਘ, ਮੇਘੋਵਾਲ (ਹੁਸ਼ਿਆਰਪੁਰ)

ਜਵਾਬ : ਪੰਥ ਪ੍ਰਵਾਨਤ ਸਿੱਖ ਰਹਿਤ ਮਰਯਾਦਾ ਵਿਚ ਇਸ ਬਾਰੇ ਸਪੱਸ਼ਟ ਤੌਰ ਤੇ ਜ਼ਿਕਰ ਹੈ ਕਿ "ਅਖੰਡ ਪਾਠ ਕਿਸੇ ਭੀੜ ਜਾਂ ਉਤਸ਼ਾਹ ਵੇਲੇ ਕੀਤਾ ਜਾਂਦਾ ਹੈ। ਇਹ ਤਕਰੀਬਨ 48 ਘੰਟੇ ਵਿਚ ਸੰਪੂਰਨ ਕੀਤਾ ਜਾਂਦਾ ਹੈ। ਇਸ ਵਿਚ ਪਾਠ ਲਗਾਤਾਰ ਬਿਨਾਂ ਰੋਕ ਦੇ ਕੀਤਾ ਜਾਂਦਾ ਹੈ। ਪਾਠ ਸਾਫ਼ ਤੇ ਸ਼ੁੱਧ ਹੋਵੇ। ਬਹੁਤ ਤੇਜ਼ ਪੜ੍ਹਨਾ, ਜਿਸ ਤੋਂ ਸੁਣਨ ਵਾਲਾ ਕੁਝ ਸਮਝ ਨਾ ਸਕੇ, ਗੁਰਬਾਣੀ ਦੀ ਨਿਰਾਦਰੀ ਹੈ। ਅੱਖਰ ਮਾਤਰ ਦਾ ਧਿਆਨ ਰੱਖ ਕੇ ਪਾਠ ਸ਼ੁੱਧ ਤੇ ਸਾਫ ਕਰਨਾ ਚਾਹੀਦਾ ਹੈ, ਭਾਵੇਂ ਸਮਾਂ ਕੁਝ ਵਧੀਕ ਲੱਗ ਜਾਵੇ।"

ਸਵਾਲ : ਚੂ ਕਾਰ ਅਜ਼ ਹਮਹ ਹੀਲਤੇ ਦਰਗੁਜ਼ਸ਼ਤ ॥
ਹਲਾਲ ਅਸਤ ਬੁਰਦਨ ਬਸ਼ਮਸ਼ੀਰ ਦਸਤ ॥
ਇਨ੍ਹਾਂ ਤੁਕਾਂ ਦੇ ਅਰਥ ਦੱਸੋ ਜੀ।

—ਮਨਮੀਤ ਸਿੰਘ, ਅੰਮ੍ਰਿਤਸਰ

ਜਵਾਬ : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਾਦਸ਼ਾਹ ਔਰੰਗਜ਼ੇਬ ਦੀ ਆਤਮਾ ਨੂੰ ਝੰਜੋੜਨ ਲਈ ਉਸਨੂੰ 'ਜ਼ਫ਼ਰਨਾਮਹ' ਨਾਮ ਦੀ ਚਿੱਠੀ ਲਿਖੀ ਸੀ। ਇਸਦਾ ਅਰਥ ਹੈ—ਫ਼ਤਹਿ ਦਾ ਪੱਤਰ। ਉਪਰੋਕਤ ਸ਼ੇਅਰ ਇਸ ਪੱਤਰ ਦਾ ਬਾਈਵਾਂ ਸ਼ੇਅਰ ਹੈ। ਇਸ ਵਿਚ ਦਸਮ ਪਿਤਾ ਜੀ ਨੇ ਤਾਕਤ ਦੀ ਵਰਤੋਂ ਦਾ ਸਿਧਾਂਤ ਲਿਖਿਆ ਹੈ। ਆਪ ਫ਼ੁਰਮਾਉਂਦੇ ਹਨ :

ਜਦੋਂ ਕੋਈ ਕੰਮ ਸਭ ਹੀਲੇ-ਉਪਾਵਾਂ ਤੋਂ ਲੰਘ ਜਾਵੇ ਤਾਂ ਹੱਥ ਵਿਚ ਤਲਵਾਰ ਲੈਣਾ ਹੀ ਜਾਇਜ਼ ਹੈ।

ਸਵਾਲ : ਜਪੁ ਜੀ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਦਾ ਫ਼ੁਰਮਾਨ ਹੈ—ਦੇਦਾ ਦੇ ਲੈਦੇ ਥਕਿ ਪਾਹਿ ॥ ਜੁਗਾ ਜੁਗੰਤਰਿ ਖਾਹੀ ਖਾਹਿ ॥ ਭਾਵ ਕਿ ਰੱਬ ਦਾਤਾਂ ਦੇਈ ਜਾ ਰਿਹਾ ਹੈ ਤੇ ਲੋਕ ਸਦਾ ਤੋਂ ਹੀ ਦਾਤਾਂ ਵਰਤੀ ਜਾ ਰਹੇ ਹਨ ਤੇ ਵਰਤ ਵਰਤ ਕੇ ਥੱਕ ਜਾਂਦੇ ਹਨ ਪਰ ਰੱਬ ਦਾਤਾਂ ਦਿੰਦਾ ਨਹੀਂ ਥੱਕਦਾ। ਅੱਜ ਜਦੋਂ ਕਿ ਜ਼ਿਆਦਾਤਰ ਲੋਕ ਭੁੱਖ ਤੇ ਗਰੀਬੀ ਨਾਲ ਮਰ ਰਹੇ ਹਨ, ਤਾਂ ਕੀ ਉਪਰੋਕਤ ਵਿਚਾਰ ਨੂੰ ਠੀਕ ਕਿਹਾ ਜਾ ਸਕਦਾ ਹੈ ?

—ਲਵਲੀਨ ਸਿੰਘ, ਕਰਨਾਲ

ਜਵਾਬ : ਜਪੁ ਜੀ ਸਾਹਿਬ ਦੀਆਂ ਉਪਰੋਕਤ ਤੁਕਾਂ ਦਾ ਅਮੀਰੀ, ਗਰੀਬੀ ਜਾਂ ਭੁਖਮਰੀ ਨਾਲ ਕੋਈ ਸੰਬੰਧ ਨਹੀਂ ਹੈ। ਇਨ੍ਹਾਂ ਵਿਚ ਤਾਂ ਵਾਹਿਗੁਰੂ ਦੇ ਇਕ ਮਹਾਨ ਗੁਣ ਦਾ ਜ਼ਿਕਰ ਹੈ ਕਿ ਪ੍ਰਭੂ ਨੇ ਆਪਣੀ ਰਚਨਾ ਵਿਚ ਅਜਿਹਾ ਪ੍ਰਬੰਧ ਕੀਤਾ ਹੈ ਕਿ ਜੀਵ ਪ੍ਰਭੂ ਦੀਆਂ ਪੈਦਾ ਕੀਤੀਆਂ ਵਸਤਾਂ ਨੂੰ ਹਜ਼ਾਰਾਂ-ਲੱਖਾਂ ਸਾਲਾਂ ਤੋਂ ਭੋਗਦੇ (ਵਰਤਦੇ) ਆ ਰਹੇ ਹਨ। ਅਰਬਾਂ ਲੋਕੀਂ ਦਾਤਾਂ ਭੋਗ ਕੇ ਖਤਮ ਹੋ ਗਏ ਹਨ, ਮਰ ਗਏ ਹਨ, ਪਰ ਪ੍ਰਭੂ ਦੀਆਂ ਦਾਤਾਂ ਖਤਮ ਨਹੀਂ ਹੋਈਆਂ ਤੇ ਨਾ ਹੀ ਹੋਣਗੀਆਂ। •

ਪਾਠਕ ਲਿਖਦੇ ਹਨ

ਇਤਨੇ ਕੀਰਤਨ ਦਰਬਾਰ, ਅਸਰ ਨਾਂਹ ਦੇ ਬਰਾਬਰ, ਕਮੀ ਕਿੱਥੇ ?

ਕਾਫੀ ਸਮੇਂ ਤੋਂ ਲਗਾਤਾਰ ਬੇਅੰਤ ਅਸਥਾਨਾਂ ਤੇ ਕੀਰਤਨ ਦਰਬਾਰ ਹੋ ਰਹੇ ਹਨ ਜਿਨ੍ਹਾਂ 'ਤੇ ਲੱਖਾਂ ਰੁਪਏ ਖ਼ਰਚ ਕੀਤੇ ਜਾ ਰਹੇ ਹਨ। ਬੇਸ਼ੁਮਾਰ ਕੈਸਟਾਂ ਰਾਹੀਂ ਅਤੇ ਟੀ. ਵੀ. ਰਾਹੀਂ ਵੀ ਕੀਰਤਨ ਪ੍ਰੋਗਰਾਮ ਸੁਣੇ ਸੁਣਾਏ ਜਾ ਰਹੇ ਹਨ ਪਰੰਤੂ ਅੱਜ ਪਤਿਤਪੁਣੇ ਦੀ ਲਹਿਰ ਸਿਖਰਾਂ ਨੂੰ ਛੋਹ ਰਹੀ ਹੈ ਅਤੇ ਖਾਸ ਕਰਕੇ ਸਿੱਖੀ ਦੇ ਗੜ੍ਹ ਪੰਜਾਬ ਵਿਚ ਬੇਅੰਤ ਰਾਗੀ ਜਥੇ ਪ੍ਰਗਟ ਹੋ ਰਹੇ ਹਨ ਜਿਨ੍ਹਾਂ ਨੂੰ ਸਿੱਖ ਸੰਗਤਾਂ ਵਲੋਂ ਬੇਅੰਤ ਮਾਇਆ ਦੇ ਗੱਫੇ ਭੇਟ ਹੋ ਰਹੇ ਹਨ ਅਤੇ ਕੁਝ ਰਾਗੀ ਜਥਿਆਂ ਦੀ ਮਾਇਆ ਦੀ ਭੁੱਖ ਐਨੀ ਵਧ ਗਈ ਹੈ ਕਿ ਉਨ੍ਹਾਂ ਕੱਚੀ ਬਾਣੀ, ਗੀਤਾਂ ਦਾ ਸਹਾਰਾ ਲੈ ਕੇ ਸੰਗਤਾਂ ਨੂੰ ਗੁਰਬਾਣੀ ਵਲੋਂ ਅਵੇਸਲੇ ਕਰਨ ਦਾ ਯਤਨ ਆਰੰਭ ਦਿੱਤਾ ਹੈ। ਕੀ ਐਸੇ ਰਾਗੀਆਂ ਜਾਂ ਸਰੋਤਿਆਂ ਨੇ ਗੁਰਬਾਣੀ ਨੂੰ ਕੇਵਲ ਗੀਤ ਜਾਂ ਮਿਊਜ਼ਕ ਹੀ ਤਾਂ ਨਹੀਂ ਸਮਝ ਰੱਖਿਆ ? ਸੋਚਣ ਵਾਲੀ ਗੱਲ ਹੈ ਕਿ ਜਦੋਂ ਇਹ ਸਭ ਵਸੀਲੇ ਨਹੀਂ ਸਨ, ਸਿੱਖੀ ਦੀ ਹਾਲਤ ਉਦੋਂ ਠੀਕ ਸੀ ਜਾਂ ਹੁਣ ਠੀਕ ਹੈ ?ਕੀ ਇਹ ਉਪਰੋਕਤ ਢੰਗ ਗੁਰਮਤਿ ਪ੍ਰਚਾਰ ਲਈ ਸਹੀ ਕਾਰਗਰ ਸਾਬਤ ਹੋ ਰਹੇ ਹਨ ? ਨਜ਼ਦੀਕ ਦੇ ਲੋਕਲ ਗੁਰਦੁਆਰਿਆਂ ਵਿਚ ਰੋਜ਼ ਗੁਰਬਾਣੀ ਪਾਠ/ਕੀਰਤਨ-ਕਥਾ ਆਦਿ ਹੁੰਦੇ ਹਨ ਪਰੰਤੂ ਸੰਗਤਾਂ ਦੀ ਗਿਣਤੀ ਨਾਂਹ ਦੇ ਬਰਾਬਰ ਹੁੰਦੀ ਹੈ। ਕੀਰਤਨ ਦਰਬਾਰ ਦਾ ਨਾਮ ਸੁਣਦਿਆਂ ਹੀ ਬੱਸਾਂ, ਕਾਰਾਂ, ਸਾਈਕਲਾਂ ਤੇ ਜਲਦੀ ਪੁੱਜਣ ਲਈ ਆਮ ਲੋਕਾਂ ਵਿਚ ਭਾਜੜ ਪੈ ਜਾਂਦੀ ਹੈ ਪਰ ਅਸਰ ਕੋਈ ਨਹੀਂ ਹੋ ਰਿਹਾ, ਕਮੀ ਕਿੱਥੇ ਹੈ ?

—ਮਹਿੰਦਰ ਸਿੰਘ ਅਣਜਾਣ, ਦਿੱਲੀ

(ਕੀਰਤਨ ਦਰਬਾਰ ਦੇ ਨਾਲ-ਨਾਲ ਗੁਰਬਾਣੀ ਦੀ ਵਿਚਾਰ ਤੇ ਗੁਰਬਾਣੀ ਨੂੰ ਸਮਝਣ ਦੇ ਉਪਰਾਲੇ ਵੀ ਕੀਤੇ ਜਾਣੇ ਚਾਹੀਦੇ ਹਨ। ਕੀਰਤਨ ਦਰਬਾਰ ਕੇਵਲ ਕੰਨ-ਰਸ ਨਹੀਂ ਹੋਣਾ ਚਾਹੀਦਾ, ਸਗੋਂ ਹਰ ਰਾਗੀ ਸਿੰਘ ਕਿਸੇ ਇਕ ਵਿਸ਼ੇ ਉਪਰ ਸ਼ਬਦਾਂ ਦੀ ਚੋਣ ਕਰਕੇ ਗੁਰਬਾਣੀ ਪ੍ਰਮਾਣਾਂ ਸਹਿਤ ਕੀਰਤਨ ਕਰੇ ਤਾਂ ਕਿ ਅਰਥ ਵੀ ਸਪੱਸ਼ਟ ਹੋ ਜਾਣ। ਕੀਰਤਨ ਦਰਬਾਰਾਂ ਵਿਚ ਕਿਸੇ ਪ੍ਰਭਾਵਸ਼ਾਲੀ ਕਥਾਕਾਰ ਪਾਸੋਂ ਸ਼ਬਦ-ਵਿਚਾਰ ਕਰਾਉਣ ਦਾ ਪ੍ਰਬੰਧ ਵੀ ਕਰਨਾ ਚਾਹੀਦਾ ਹੈ।—ਸੰਪਾਦਕ)

ਗੁਰਦੁਆਰਾ ਸਾਹਿਬ ਵਿਖੇ ਬ੍ਰਾਹਮਣੀ ਕਰਮ-ਕਾਂਡ ਵਾਂਗ ਪੂਜਾ

ਮੈਂ 'ਸਿੱਖ ਫੁਲਵਾੜੀ' ਦਾ ਰੈਗੂਲਰ ਪਾਠਕ ਹਾਂ ਅਤੇ ਮੈਨੂੰ ਇਹ ਮੈਗਜ਼ੀਨ ਪੜ੍ਹ ਕੇ ਜੋ ਸਿੱਖ ਧਰਮ ਬਾਰੇ ਜਾਣਕਾਰੀ ਮਿਲਦੀ ਹੈ, ਮਨ ਨੂੰ ਬਹੁਤ ਪ੍ਰਭਾਵਿਤ ਕਰਦੀ ਹੈ। ਖਾਸ ਕਰ ਇਸਦਾ ਸਵਾਲ-ਜਵਾਬ ਵਾਲਾ ਪੰਨਾ ਪੜ੍ਹ ਕੇ ਗੁਰਮਤਿ ਬਾਰੇ ਬਹੁਤ ਜਾਣਕਾਰੀ ਮਿਲਦੀ ਹੈ। ਹੁਣ ਜਦੋਂ ਗੁਰਦੁਆਰਾ ਸਾਹਿਬ ਵਿਖੇ ਜਾਂ ਹੋਰ ਅਸਥਾਨਾਂ ਤੇ ਮਨਮਤਿ ਹੁੰਦੀ ਦੇਖਦਾ ਹਾਂ ਤਾਂ ਬਹੁਤ ਦੁਖ ਹੁੰਦਾ ਹੈ। ਅੱਜ ਕੱਲ੍ਹ ਕਦੇ-ਕਦੇ ਤਖ਼ਤ ਸ੍ਰੀ ਹਜ਼ੂਰ ਸਾਹਿਬ, ਨੰਦੇੜ (ਮਹਾਂਰਾਸ਼ਟਰ) ਤੋਂ ਇਕ ਚੈਨਲ ਤੇ ਰਿਕਾਰਡਿੰਗ ਟੈਲੀਕਾਸਟ ਹੁੰਦੀ ਹੈ ਜਿਥੇ ਇਕ ਮੰਦਰ ਵਾਂਗ ਪੂਜਾ ਹੁੰਦੀ ਹੈ। ਕਦੇ ਧੂਪ-ਬੱਤੀ ਜਲਾ ਕੇ ਥਾਲ ਵਿਚ ਪੂਜਾ ਹੁੰਦੀ ਹੈ ਅਤੇ ਕਦੇ ਮੰਦਰਾਂ ਵਾਂਗ ਘੰਟੀਆਂ ਵੱਜਦੀਆਂ ਹਨ ਆਦਿ। ਉਹ ਵੀ ਉਸ ਗੁਰਦੁਆਰੇ ਵਿਖੇ ਜਿਹੜਾ ਪੰਜ ਤਖ਼ਤਾਂ ਵਿਚ ਸ਼ਾਮਲ ਹੈ। ਸ਼੍ਰੋਮਣੀ ਕਮੇਟੀ ਅਤੇ ਸਿੱਖ ਜਗਤ ਨੂੰ ਅਜਿਹੀਆਂ ਮਨਮਤਾਂ ਨੂੰ ਰੋਕਣ ਲਈ ਯਤਨ ਕਰਨੇ ਚਾਹੀਦੇ ਹਨ ਕਿਉਂਕਿ ਸ੍ਰੀ ਅਕਾਲ ਤਖ਼ਤ ਵਲੋਂ ਪੰਥ ਪ੍ਰਵਾਨਿਤ ਰਹਿਤ ਮਰਯਾਦਾ ਅਨੁਸਾਰ ਇਹ ਸਾਰੀਆਂ ਗੱਲਾਂ ਮਨਮਤਿ ਹਨ।

—ਹਰਪ੍ਰੀਤ ਸਿੰਘ, ਹਲਦਵਾਨੀ

ਸਿੱਖ ਬੱਚੇ ਬੱਚੀਆਂ ਨੂੰ ਸਿੱਖ ਸੱਭਿਆਚਾਰ ਨਾਲ ਜੋੜਨ ਲਈ ਪ੍ਰਚਾਰ-ਢੰਗ ਵਿਚ ਤਬਦੀਲੀ ਦੀ ਲੋੜ

ਜਦ ਅਜੋਕੇ ਗੁਰਸਿੱਖਾਂ ਦੀਆਂ ਬੱਚੀਆਂ ਦਾ ਅਨਮਤੀਆਂ ਨਾਲ ਵਿਆਹ ਰਚਾਉਣ ਦਾ ਸ਼ੌਕ ਦੇਖਦੇ ਹਾਂ ਤਾਂ ਕਲੇਜਾ ਮੂੰਹ ਨੂੰ ਆਉਂਦਾ ਹੈ ਕਿ ਕੱਲ੍ਹ ਨੂੰ ਇਹੋ ਕੁਝ ਸਾਡੇ ਘਰ ਤਾਂ ਨਹੀਂ ਵਾਪਰਨ ਵਾਲਾ। ਕਾਰਨ ਤਾਂ ਕਈ ਹੋ ਸਕਦੇ ਹਨ, ਪਰ ਖਾਸ ਕਰ ਟੀ. ਵੀ. 'ਚ ਆ ਰਹੇ ਅਸ਼ਲੀਲ-ਅਸੱਭਿਆਚਾਰਕ ਪ੍ਰੋਗ੍ਰਾਮ ਦਾ ਪੋਲਯੂਸ਼ਨ ਨਿੱਤ ਹੀ ਬੱਚਿਆਂ ਦੇ ਕੱਚੇ ਮਨਾਂ 'ਤੇ ਹਲਕੀ ਜ਼ਹਿਰ ਦਾ ਕੰਮ ਕਰ ਰਿਹਾ ਹੈ।

ਔਰੰਗਜ਼ੇਬ ਦੀ 'ਸੰਪਰਦਾ ਬਦਲਾਅ' ਦੀ ਨੀਤੀ ਜੇਕਰ ਤਲਵਾਰ ਦੀ ਤਾਕਤ ਤੇ ਨਿਰਭਰ ਸੀ ਤਾਂ ਅੱਜ ਇਹ ਕੁਝ ਟੀ. ਵੀ. ਰਾਹੀਂ ਹੋ ਰਿਹਾ ਹੈ।

ਜੇਕਰ ਬੱਚਿਆਂ ਨੂੰ ਘਰ ਗੁਰਮਤਿ ਦੀਆਂ ਮੈਗਜ਼ੀਨਾਂ ਤੇ ਪੁਸਤਕਾਂ ਰਾਹੀਂ ਪ੍ਰੇਰੀਏ ਤਾਂ ਬੱਚੇ ਹੱਥ ਲਾ ਕੇ ਰਾਜ਼ੀ ਨਹੀਂ। ਜੇ 'ਗੁਰੂ ਦੁਆਰੈ ਹੋਇ ਸੋਝੀ ਪਾਇਸੀ' ਦਾ ਸੰਕਲਪ ਧਾਰੀਏ ਤਾਂ ਉਨ੍ਹਾਂ ਕੋਲ ਸਮਾਂ ਨਹੀਂ ਤੇ ਜੇ ਕਿਤੇ ਗੁਰਪੁਰਬ ਦਿਹਾੜੇ ਗਏ ਤਾਂ ਫਿਰ ਕੇਵਲ ਲੰਗਰ ਛਕਣ ਤੱਕ ਹੀ ਸੀਮਤ ਹੈ।

ਸਮੱਸਿਆ ਦੇ ਹੱਲ ਲਈ ਹਥਿਆਰ 'ਜ਼ਹਿਰ ਨੂੰ ਜ਼ਹਿਰ ਮਾਰਦਾ ਹੈ' ਅਨੁਸਾਰ ਕੁਝ ਇਉਂ ਜਾਪਦਾ ਹੈ ਕਿ ਸਿੱਖ ਮਿਸ਼ਨਰੀ ਕਾਲਜ ਵਲੋਂ ਜਿਤਨਾ ਜ਼ੋਰ ਅੱਜ ਤੱਕ ਲਿਟਰੇਚਰ ਤੇ ਦਿੱਤਾ ਗਿਆ ਹੈ ਉਸ ਤੋਂ ਵੱਧ ਹੁਣ ਗੁਰਮਤਿ ਫਿਲਮਾਂ, ਕਾਲਜ ਦੇ ਪ੍ਰੋਗਰਾਮਾਂ ਤੇ ਆਧਾਰਿਤ ਸੀ. ਡੀਜ਼/ਕੈਸਟਾਂ ਦੀਆਂ ਲਾਇਬ੍ਰੇਰੀਆਂ ਖੋਲ੍ਹਣ 'ਤੇ ਦੇਣ ਦੀ ਲੋੜ ਹੈ। ਸੋ, ਆਪ ਆਪਣੇ ਸਮੁੱਚੇ ਸਰਕਲਾਂ 'ਚ ਇਹ ਲਾਇਬ੍ਰੇਰੀਆਂ ਖੋਲ੍ਹਣ ਦਾ ਯਤਨ ਕਰੋ ਅਤੇ ਸਰਕਲ ਇੰਚਾਰਜਾਂ ਨੂੰ ਇਸ ਪਾਸੇ ਉਦਮ ਕਰਨ ਲਈ ਪ੍ਰੇਰੋ।

—ਰਣਬੀਰ ਸਿੰਘ, ਨੈਨੀਤਾਲ

(ਆਪ ਦਾ ਸੁਝਾਅ ਨੋਟ ਕਰ ਲਿਆ ਹੈ। ਇਸ ਉਤੇ ਅਮਲ ਕਰਨ ਦੀ ਪਹਿਲਾਂ ਹੀ ਕੋਸ਼ਿਸ਼ ਕੀਤੀ ਜਾ ਰਹੀ ਹੈ—ਸੰਪਾਦਕ)

ਸੰਨਿਆਸੀ ਨੇ ਅੰਮ੍ਰਿਤ ਛਕਿਆ

ਵੇਦ ਪੜ੍ਹੇ ਪੁਰਾਣ ਪੜ੍ਹੇ, ਪਰ ਸਚਾਈ ਗੁਰਬਾਣੀ ਦੇ ਸਿਧਾਂਤ 'ਚ ਦਿੱਸੀ, ਇਸੇ

ਕਰਕੇ ਮੈਂ ਸ਼ੁਧਾ ਨੰਦ ਤੋਂ ਕਰਣ ਸਿੰਘ ਬਣਨ ਦਾ ਫੈਸਲਾ ਲਿਆ। ਅੱਜ ਇਥੇ ਰਾਜਸਥਾਨ ਦੇ ਭਰਤਪੁਰ ਇਲਾਕੇ ਤੋਂ ਆਏ ਸੰਨਿਆਸੀ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਅੰਮ੍ਰਿਤ ਛਕਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਉਕਤ ਪ੍ਰਗਟਾਵਾ ਕੀਤਾ। ਸਿੱਖ ਜਥੇਬੰਦੀ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਸਹਿਯੋਗ ਨਾਲ ਇਥੇ ਆਏ ਸੁਆਮੀ ਸ਼ੁਧਾ ਨੰਦ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ ਤੋਂ ਕਾਫੀ ਪ੍ਰਭਾਵਿਤ ਸਨ, ਨੇ ਦੱਸਿਆ ਕਿ ਉਹਨਾਂ ਗਣਿਤ ਵਿਸ਼ੇ 'ਚ ਬੀ. ਐਸ. ਸੀ. ਕਰਨ ਉਪਰੰਤ ਵੇਦਾਂ ਦੇ ਵਿਸ਼ੇ ਵਿਚ ਐਮ. ਏ. ਕੀਤੀ ਅਤੇ ਪੀ. ਐਚ. ਡੀ. ਵੀ ਕਰ ਰਹੇ ਹਨ। ਉਹਨਾਂ ਦੱਸਿਆ ਕਿ ਉਹ 22 ਸਾਲ ਤੋਂ ਸੰਨਿਆਸੀ ਦੇ ਰੂਪ ਵਿਚ ਭਰਤਪੁਰ ਦੇ ਮੰਦਰ 'ਚ ਰਹਿ ਰਹੇ ਹਨ ਅਤੇ ਸਮਾਜ ਸੇਵਾ ਕਰਦੇ ਹਨ। ਇਸ ਤੋਂ ਇਲਾਵਾ ਉਹ 22 ਵਾਰ ਖ਼ੂਨਦਾਨ ਵੀ ਦੇ ਚੁੱਕੇ ਹਨ। 48 ਸਾਲਾ ਇਸ ਸੰਨਿਆਸੀ ਅਨੁਸਾਰ ਉਹਨਾਂ ਆਪਣੇ ਜੀਵਨ ਵਿਚ ਸਾਰੇ ਵੇਦਾਂ, ਪੁਰਾਣਾਂ ਅਤੇ ਜੋਤਿਸ਼ ਦਾ ਅਧਿਐਨ ਕੀਤਾ ਪਰ ਇਹੋ ਹੀ ਵੇਖਿਆ ਕਿਸੇ ਦੇ ਵੀ ਸਿਧਾਂਤ ਆਪਸ ਵਿਚ ਨਹੀਂ ਮਿਲਦੇ। ਉਹਨਾਂ ਨੇ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕੀਤਾ ਤਾਂ ਉਹਨਾਂ ਨੂੰ ਕੇਵਲ ਇਸਦੇ ਸਿਧਾਂਤ 'ਚ ਹੀ ਸਚਾਈ ਦਿੱਸੀ। ਇਸੇ ਕਰਕੇ ਉਨ੍ਹਾਂ ਦੀ ਸ਼ਰਧਾ ਗੁਰੂ ਪ੍ਰਤੀ ਵਧੀ ਅਤੇ ਉਨ੍ਹਾਂ ਅੰਮ੍ਰਿਤਪਾਨ ਕਰਨ ਦਾ ਫੈਸਲਾ ਲਿਆ। ਉਹਨਾਂ ਦੱਸਿਆ ਕਿ ਅਕਾਲ ਤਖਤ ਸਾਹਿਬ 'ਤੇ ਪੰਜ ਪਿਆਰਿਆਂ ਵਲੋਂ ਅੰਮ੍ਰਿਤਪਾਨ ਦੇ ਬਾਅਦ ਉਹਨਾਂ ਨੂੰ ਕਰਣ ਸਿੰਘ ਦਾ ਨਾਂ ਦਿੱਤਾ ਗਿਆ ਅਤੇ ਉਹ ਹੁਣ ਆਪਣਾ ਨਾਂ ਸ਼ੁਧਾ ਨੰਦ ਕਰਣ ਸਿੰਘ ਰੱਖਣਗੇ। ਉਹਨਾਂ ਦੱਸਿਆ ਕਿ ਉਨ੍ਹਾਂ ਦਾ ਉਦੇਸ਼ ਆਪਣੇ ਇਲਾਕੇ ਵਿਚ ਗੁਰਦੁਆਰਾ ਬਣਾ ਕੇ ਉਥੋਂ ਦੇ ਲੋਕਾਂ ਨੂੰ ਸਿੱਖ ਧਰਮ ਦੀਆਂ ਸਿਖਿਆਵਾਂ ਤੋਂ ਜਾਣੂ ਕਰਵਾਉਣਾ ਰਹੇਗਾ। ਇਸ ਤੋਂ ਇਲਾਵਾ ਉਹ ਉਥੋਂ ਦੇ ਬੱਚਿਆਂ ਨੂੰ ਗੁਰਮੁਖੀ ਵੀ ਸਿਖਾਉਣਗੇ। ਗੁਰਦੁਆਰੇ ਦੀ ਸਥਾਪਨਾ ਲਈ ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਤੋਂ ਵੀ ਸਹਿਯੋਗ ਮੰਗਿਆ। ਇਸ ਮੌਕੇ ਤੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਜਨਰਲ ਸਕੱਤਰ ਸ: ਹੀਰਾ ਸਿੰਘ' ਜ਼ਿਲ੍ਹਾ ਕੌਂਸਲ ਮੈਂਬਰ ਹਰਜਿੰਦਰ ਸਿੰਘ ਲੁੱਧੜ ਅਤੇ ਡਾ: ਰਣਇੰਦਰ ਸਿੰਘ ਵੀ ਮੌਜੂਦ ਸਨ।

(ਅੱਜ ਦੀ ਆਵਾਜ਼, 13 ਅਕਤੂਬਰ, 2005)

ਫੌਜ ਵਿਚ ਸਿੱਖ ਕੋਟੇ ਅਧੀਨ ਅਨਮਤੀਆਂ ਦੀ ਭਰਤੀ ਅਤੇ ਉਸ ਦੇ ਦੂਰ-ਪ੍ਰਭਾਵ

ਇਸ ਵਕਤ ਜੋ ਸਾਡੇ ਨਾਲ ਬੀਤ ਰਹੀ ਹੈ ਸ਼ਾਇਦ ਹੀ ਸੰਸਾਰ ਦੇ ਕਿਸੇ ਹੋਰ ਧਰਮ ਵਾਲਿਆਂ ਨਾਲ ਬੀਤ ਰਹੀ ਹੋਵੇ। ਇਸ ਦਾ ਕੀ ਇਲਾਜ ਹੋਵੇ ਦਾਸ ਸੋਚ-ਸੋਚ ਕੇ ਹੈਰਾਨ ਪ੍ਰੇਸ਼ਾਨ ਹੋ ਜਾਂਦਾ ਹੈ।

ਸਾਡਾ ਇਕ ਲਾਂਗਰੀ, ਜਿਸ ਨਾਲ ਦਾਸ 15 ਮਹੀਨੇ ਤੋਂ ਰਹਿ ਰਿਹਾ ਹੈ, ਸਿੱਖ ਹੋ ਕੇ ਭਰਤੀ ਹੋਇਆ ਹੈ, ਹੁਣ ਵੀ ਕੇਸ ਰੱਖੇ ਹਨ ਪਰ ਦਾੜ੍ਹੀ ਕੱਟਦਾ ਹੈ। ਗੁਰਦੁਆਰਾ ਸਾਹਿਬ ਵਿਖੇ ਕੇਵਲ ਕਦੇ-ਕਦੇ ਹੀ ਜਾਂਦਾ ਹੈ। ਇਕ ਦਿਨ ਦਾਸ ਉਸ ਦੀ ਲਾਈਨ ਵਿਚ ਗਿਆ ਤਾਂ ਕੀ ਵੇਖਿਆ, ਉਸਨੇ ਆਪਣਾ ਬਕਸਾ ਖੋਲ੍ਹਿਆ ਹੋਇਆ ਸੀ। ਉਸ ਦੇ ਅੰਦਰ ਨਿਰੰਕਾਰੀ ਬਾਬੇ ਦੀ ਫੋਟੋ ਅਤੇ ਧੰਨ ਨਿਰੰਕਾਰ ਲਿਖਿਆ ਹੋਇਆ ਸੀ। ਮੇਰੇ ਪੁੱਛਣ 'ਤੇ ਉਸ ਨੇ ਦੱਸਿਆ ਕਿ ਉਹ ਨਿਰੰਕਾਰੀ ਹੈ।

ਉਹਦੇ ਕੰਮ-ਕਾਜ ਤੋਂ ਬਹੁਤ ਲੋਕ ਪਰੇਸ਼ਾਨ ਹਨ; ਉਹ ਸਭ ਸਿੱਖਾਂ/ਸਰਦਾਰਾਂ ਨੂੰ ਹੀ ਕੋਸਦੇ ਰਹਿੰਦੇ ਹਨ। ਦਾਸ ਨੇ ਇਕ ਦਿਨ ਸਭ ਨੂੰ ਆਖ ਦਿੱਤਾ ਕਿ ਇਹ ਬਾਹਰ ਤੋਂ ਜ਼ਰੂਰ ਸਿੱਖ ਹੈ, ਸਿੱਖ ਕੋਟੇ ਵਿਚ ਭਰਤੀ ਹੋਇਆ ਹੈ, ਪਰ ਇਹ ਸਿੱਖ ਨਹੀਂ, ਨਿਰੰਕਾਰੀ ਹੈ।

ਇਸ ਤਰ੍ਹਾਂ ਪਤਾ ਨਹੀਂ ਕਿਤਨੇ ਲੋਕ ਹੋਣਗੇ ਜੋ ਕਿ ਅਲੱਗ-ਅਲੱਗ ਫੋਰਸਾਂ ਵਿਚ ਭਰਤੀ ਸਿੱਖ ਕੋਟੇ ਵਿਚ ਹੁੰਦੇ ਹਨ ਪਰੰਤੂ ਉਹ ਸਿੱਖ ਹੁੰਦੇ ਨਹੀਂ। ਉਨ੍ਹਾਂ ਦਾ ਆਚਰਨ ਤੇ ਕੰਮ ਠੀਕ ਨਾ ਕਰਨ ਤੇ ਬੇਇੱਜ਼ਤੀ ਸਿੱਖਾਂ ਦੀ ਹੁੰਦੀ ਹੈ। ਇਸ ਦਾ ਲਗਦਾ ਹੈ ਕਿ ਕੋਈ ਇਲਾਜ ਹੈ ਹੀ ਨਹੀਂ। ਇਸ ਵਕਤ ਸਿੱਖ ਆਗੂ ਘੂਕ ਸੁੱਤੇ ਪਏ ਹਨ। ਇਹ ਨੀਂਦ ਆਉਣ ਵਾਲੇ ਸਮੇਂ ਲਈ ਹਾਨੀਕਾਰਕ ਹੋਵੇਗੀ।

—ਇਕ ਫੌਜੀ ਵੀਰ

ਗੁਰਦੁਆਰਾ ਭਾਈ ਮੰਝ ਸਾਹਿਬ ਨੂੰ ਜਾਂਦੇ ਰਸਤੇ ਦੀ ਦੁਰਦਸ਼ਾ

ਦਾਸ ਦੇ ਮਨ ਵਿਚ ਬੜੇ ਚਿਰ ਤੋਂ ਤਾਂਘ ਸੀ ਕਿ ਗੁਰਦੁਆਰਾ ਭਾਈ ਮੰਝ ਸਾਹਿਬ ਦੇ ਦਰਸ਼ਨ ਕਰਾਂ ਕਿਉਂਕਿ ਕਈ ਵਾਰ ਅੰਮ੍ਰਿਤਸਰ ਸਾਹਿਬ ਗਏ ਪਰ ਸਮੇਂ ਦੀ ਘਾਟ ਕਾਰਨ ਦਰਸ਼ਨ ਨਸੀਬ ਨਾ ਹੋਏ। ਕੁਝ ਸਮਾਂ ਪਹਿਲਾਂ ਦਾਸ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਗਿਆ ਤਾਂ ਸਮੇਂ ਨੇ ਸਾਥ ਦਿੱਤਾ ਅਤੇ ਗੁਰਦੁਆਰਾ ਬਾਬਾ ਦੀਪ ਸਿੰਘ ਸ਼ਹੀਦ ਤੋਂ ਇਕ ਗੁਰਮੁਖ ਪਿਆਰੇ ਵੀਰ ਤੋਂ ਜਾਣਕਾਰੀ ਲਈ ਤੇ ਤਾਂਘ ਦੱਸੀ। ਉਨ੍ਹਾਂ ਨੇ ਰਿਕਸ਼ੇ ਵਾਲੇ ਨੂੰ ਬੁਲਾ ਕੇ ਮੈਨੂੰ ਰਿਕਸ਼ਾ ਕਰ ਦਿੱਤਾ ਅਤੇ ਆਉਣ ਜਾਣ ਦਾ ਕਿਰਾਇਆ ਤੈਅ ਕਰ ਦਿੱਤਾ।

ਰਿਕਸ਼ੇ ਵਾਲੇ ਵੀਰ ਨੇ ਤਰਨਤਾਰਨ ਰੋਡ ਤੋਂ ਲਿੰਕ ਰੋਡ ਤੇ ਮੋੜ ਲਿਆ ਅਤੇ ਕਿਹਾ ਕਿ ਸਰਦਾਰ ਜੀ ਮੈਂ ਵੀ ਤੁਹਾਡੇ ਨਾਲ ਦਰਸ਼ਨ ਕਰ ਲਵਾਂਗਾ। ਬਹੁਤ ਜ਼ਿਆਦਾ ਟੁੱਟੀ ਸੜਕ ਤੇ ਰਿਕਸ਼ਾ ਡੱਕੇ ਡੋਲੇ ਖਾ ਰਿਹਾ ਸੀ। ਮੈਂ ਕਿਹਾ ਮੈਂ ਉਤਰ ਜਾਂਦਾ ਹਾਂ ਪਰ ਉਸ ਨੇ ਰਿਕਸ਼ੇ 'ਤੇ ਬੈਠੇ ਰਹਿਣ ਦੀ ਜ਼ਿਦ ਕੀਤੀ। ਦੋ ਕਿਲੋਮੀਟਰ ਚੱਲ ਕੇ ਗੁਰਦੁਆਰਾ ਆ ਗਿਆ। ਅਸੀਂ ਦੋਵਾਂ ਨੇ ਗੁਰਦੁਆਰਾ ਸਾਹਿਬ ਦੇ ਉਸ ਪਵਿੱਤਰ ਖੂਹ ਦੇ ਦਰਸ਼ਨ ਕੀਤੇ ਜਿਥੇ ਭਾਈ ਮੰਝ ਲੱਕੜਾਂ ਦੀ ਪੰਡ ਸਮੇਤ ਹਨੇਰੀ ਕਰਕੇ ਖੂਹ ਵਿਚ ਡਿੱਗ ਪਏ ਸਨ ਤੇ ਜਦ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਖ਼ਬਰ ਸੁਣੀ ਤਾਂ ਗੁਰੂ ਜੀ ਨੰਗੇ ਪੈਰ ਭੱਜ ਕੇ ਸ੍ਰੀ ਦਰਬਾਰ ਸਾਹਿਬ ਤੋਂ ਭਾਈ ਮੰਝ ਨੂੰ ਖੂਹ ਵਿਚੋਂ ਕੱਢਣ ਲਈ ਸੇਵਕਾਂ ਸਮੇਤ ਆਏ ਸਨ।

ਮੇਰੀ ਸਰਕਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬੇਨਤੀ ਹੈ ਕਿ ਇਸ ਰਾਹ ਦੀ ਸਾਰ ਲਈ ਜਾਵੇ। ਜਿਥੇ ਮੇਰੇ ਗੁਰੂ ਨੰਗੇ ਪੈਰੀਂ ਗਏ ਸਨ, ਸੁੰਦਰ ਰਸਤਾ ਬਣਾਇਆ ਜਾਵੇ।

—ਆਤਮਾ ਸਿੰਘ, ਮੋਗਾ

ਸ਼ਹਾਦਤ ਦਾ ਸੰਕਲਪ : ਪ੍ਰਕਿਰਤੀ ਤੇ ਸਰੂਪ

ਡਾ: ਅਨੂਪ ਸਿੰਘ

ਸ਼ਹੀਦ ਤੇ ਸ਼ਹਾਦਤ ਦੋਵੇਂ ਅਰਬੀ ਭਾਸ਼ਾ ਦੇ ਸ਼ਬਦ ਹਨ। ਸ਼ਹੀਦ ਤੋਂ ਭਾਵ "ਗਵਾਹ" ਹੈ, ਜਦੋਂ ਕਿ ਸ਼ਹਾਦਤ ਤੋਂ ਭਾਵ "ਗਵਾਹੀ" ਹੈ। ਬਦਕਿਸਮਤੀ ਨੂੰ ਅਦਾਲਤਾਂ ਦੀ ਵਰਤਮਾਨ ਕਾਰਜ-ਸ਼ੈਲੀ ਕਾਰਨ ਇਹ ਦੋਵੇਂ ਸ਼ਬਦ ਬਹੁਤ ਹੀ ਬਦਨਾਮ ਹੋ ਚੁੱਕੇ ਹਨ। ਕਾਰਨ ਇਹ ਹੈ ਕਿ ਝੂਠੇ ਗਵਾਹਾਂ ਅਤੇ ਝੂਠੀਆਂ ਗਵਾਹੀਆਂ ਨੇ "ਸੱਚ" ਦੀ ਮਿੱਟੀ ਪਲੀਤ ਕਰ ਦਿੱਤੀ ਹੈ।

ਇਸਲਾਮੀ ਪਿਛੋਕੜ ਅਤੇ ਕੁਰਾਨ ਵਿਚ ਹੋਈ "ਸ਼ਹੀਦ" ਸ਼ਬਦ ਦੀ ਵਰਤੋਂ ਨੂੰ ਸਾਹਮਣੇ ਰੱਖਦਿਆਂ ਇਨ੍ਹਾਂ ਸ਼ਬਦਾਂ ਦੀ ਉੱਚਤਮ ਮਹੱਤਤਾ ਪਛਾਣੀ ਜਾ ਸਕਦੀ ਹੈ। "ਸ਼ਹੀਦ" ਸ਼ਬਦ ਕੁਰਾਨ ਵਿਚ 35 ਵਾਰ ਵਰਤਿਆ ਗਿਆ ਹੈ। ਸ਼ਹੀਦ ਗਵਾਹੀ ਦਿੰਦਾ ਹੈ। ਅਧਿਆਤਮਵਾਦੀ ਸੋਚ ਤੇ ਸੰਕਲਪ ਅਨੁਸਾਰ ਇਹ ਗਵਾਹੀ ਖੁਦਾ ਦੀ ਨਿਰੰਤਰਤਾ, ਉਸ ਦੇ ਆਦਿ-ਜੁਗਾਦੀ ਸੱਚ ਅਤੇ ਉਸ ਦੇ ਪਾਕਿ-ਪ੍ਰਵਚਨ ਦੀ ਹੁੰਦੀ ਹੈ। ਸ਼ਹੀਦ ਆਪਣੀ ਸਭ ਤੋਂ ਪਿਆਰੀ ਚੀਜ਼, ਆਪਣੀ ਜਾਨ ਤਲੀ 'ਤੇ ਰੱਖ ਕੇ, ਆਪਣੀ ਜਾਨ ਨਿਛਾਵਰ ਕਰ ਕੇ ਗਵਾਹੀ ਦਿੰਦਾ ਹੈ। ਜਿਊਂਦੇ ਰਹਿਣ ਦੀ ਪ੍ਰਵਿਰਤੀ, ਇੱਛਾ ਜਾਂ ਲਾਲਸਾ ਹੀ ਸ਼ਾਇਦ ਪ੍ਰਬਲਤਮ ਮਨੁੱਖੀ ਪ੍ਰਕਿਰਤੀ ਤੇ ਪ੍ਰਵਿਰਤੀ ਹੈ। ਸ਼ਹਾਦਤ ਵੇਲੇ ਸ਼ਹੀਦ ਇਨ੍ਹਾਂ ਉੱਪਰ ਮੁਕੰਮਲ ਕਾਬੂ ਪਾ ਚੁੱਕਾ ਹੁੰਦਾ ਹੈ। ਇਸਲਾਮ ਅਨੁਸਾਰ ਸ਼ਹਾਦਤ ਸਮੇਂ ਸ਼ਹੀਦ ਅੱਲਾ ਨਾਲ ਇਕਮਿਕ ਹੋ ਗਿਆ ਹੁੰਦਾ ਹੈ। ਇਸ ਲਈ ਇਸਲਾਮ ਵਿਚ ਸ਼ਹੀਦ ਦੇ ਕਫ਼ਨ-ਦਫ਼ਨ ਲਈ ਵੱਖਰੇ ਨੇਮ-ਨਿਯਮ ਨਹੀਂ ਹਨ।

ਆਮ ਰਵਾਇਤ ਅਨੁਸਾਰ ਮੁਰਦੇ ਨੂੰ ਦਫਨਾਉਣ ਤੋਂ ਪਹਿਲਾਂ ਨੁਹਾਇਆ ਤੇ ਅਨਸੀਤੇ ਕਫਨ ਵਿਚ ਲਪੇਟਿਆ ਜਾਂਦਾ ਹੈ ਪਰੰਤੂ ਇਸਲਾਮਿਕ ਵਿਸ਼ਵਾਸ ਅਨੁਸਾਰ ਸ਼ਹੀਦ ਪਾਕਿ-ਪਵਿੱਤਰ ਹੁੰਦਾ ਹੈ। ਉਸ ਨੂੰ ਤਾਂ ਨਹਾਉਣ ਦੀ ਲੋੜ ਹੀ ਨਹੀਂ ਹੁੰਦੀ ਅਤੇ ਨਾ ਹੀ ਕਫ਼ਨ ਆਦਿ ਦੀ। ਇਸਲਾਮੀ ਮਨੌਤ ਅਨੁਸਾਰ ਸ਼ਹੀਦ ਦੇ ਜ਼ਖ਼ਮ ਕਿਆਮਤ ਵਾਲੇ ਦਿਨ ਰੌਸ਼ਨੀ ਦਿੰਦੇ ਹਨ। ਉਸ ਨੂੰ ਪੈਗੰਬਰ ਦੀ ਸਿਫ਼ਾਰਸ਼ ਦੀ ਲੋੜ ਨਹੀਂ ਪੈਂਦੀ ਸਗੋਂ ਉਹ ਦੂਜਿਆਂ ਦੇ ਗੁਨਾਹਾਂ ਦੀ ਮੁਆਫ਼ੀ ਲਈ ਮਾਧਿਅਮ ਬਣਦਾ ਹੈ। ਇਸਲਾਮ ਵਿਚ ਸੱਚੇ ਸ਼ਹੀਦ ਨੂੰ ਇਸ ਤਰ੍ਹਾਂ ਦਾ ਮਾਣ ਅਤੇ ਰੁਤਬਾ ਪ੍ਰਾਪਤ ਹੈ।

ਭਾਰਤ ਵਿਚ ਇਸਲਾਮ ਪੰਜਾਬ ਰਾਹੀਂ ਫੈਲਿਆ। ਇਸ ਲਈ ਪੰਜਾਬ ਵਿਚ ਹੀ ਸ਼ਹਾਦਤਾਂ ਦੇ ਜਾਮ ਸਭ ਤੋਂ ਪਹਿਲਾਂ ਪੀਣੇ ਆਰੰਭ ਹੋਏ। ਭਾਰਤ, ਚੀਨ, ਜਾਪਾਨ ਅਤੇ ਹੋਰ ਕੁਝ ਦੇਸ਼ਾਂ ਵਿਚ ਬਲੀਦਾਨ ਦੀ ਪ੍ਰਥਾ ਤਾਂ ਪ੍ਰਚਲਿਤ ਸੀ, ਪਰ ਸ਼ਹਾਦਤ ਤੇ ਬਲੀਦਾਨ ਦੇ ਸੰਕਲਪਾਂ ਵਿਚ ਜ਼ਮੀਨ-ਅਸਮਾਨ ਦਾ ਅੰਤਰ ਹੈ। ਬਲੀਦਾਨ ਇੱਛਾ-ਮੂਲਕ ਸੰਕਲਪ ਹੈ। ਵਿਅਕਤੀ ਵਿਸ਼ੇਸ਼ ਆਪਣੀ ਇੱਛਾ ਦੀ ਪੂਰਤੀ ਲਈ ਆਪਣੇ ਇਸ਼ਟ ਨੂੰ ਪਸ਼ੂ-ਪੰਛੀ ਜਾਂ ਮਨੁੱਖ ਜਾਂ ਆਪਣੇ ਆਪ ਦੀ ਬਲੀ ਦਿੰਦਾ ਹੈ। ਬਲੀ ਦੇਣ ਵਾਲਾ ਆਪਣੇ ਇਸ਼ਟ ਦੇਵ ਨੂੰ ਖੁਸ਼ ਕਰਕੇ ਆਪਣੀ ਇੱਛਾ ਪੂਰੀ ਕਰਨੀ ਚਾਹੁੰਦਾ ਹੈ। ਇਸ ਤਰ੍ਹਾਂ ਬਲੀਦਾਨ ਵਿਚ ਸੁਆਰਥ ਦੀ ਭਾਵਨਾ ਸਪੱਸ਼ਟ ਰੂਪ ਵਿਚ ਕਾਰਜਸ਼ੀਲ ਰਹਿੰਦੀ ਹੈ। ਇਸ ਦੇ ਉਲਟ ਸ਼ਹਾਦਤ ਇੱਛਾ ਰਹਿਤ ਜਾਂ ਨਿਰੋਲ ਨਿੱਜਗਤ ਇੱਛਾ-ਰਹਿਤ ਵਰਤਾਰਾ ਅਤੇ ਸੰਕਲਪ ਹੈ। ਇਸ ਵਿਚ ਸੁਆਰਥ ਦੀ ਲੇਸ ਮਾਤਰ ਵੀ ਨਹੀਂ ਹੁੰਦੀ। ਬਲੀਦਾਨ ਵਿਚ ਭੇਟਾ ਕਿਸੇ ਦੀ ਕੀਤੀ ਜਾਂ ਦਿੱਤੀ ਜਾਂਦੀ ਹੈ। ਜੇਕਰ ਆਪਣੀ ਜਾਨ ਦੀ ਵੀ ਭੇਟਾ/ਬਲੀ ਦਿੱਤੀ ਜਾਂਦੀ ਹੈ ਤਾਂ ਇਸ ਵਿਚ ਵੀ ਨਿੱਜਗਤ ਪਰਿਵਾਰਕ ਜਾਂ ਭਵਿੱਖੀ ਹਿੱਤ ਕਾਰਜਸ਼ੀਲ ਹੁੰਦੇ ਹਨ। ਇਸ ਤਰ੍ਹਾਂ ਬਲੀ ਦੇਣ ਵਾਲੇ ਦਾ ਨਿੱਜਤਵ ਕਾਇਮ ਰਹਿੰਦਾ ਹੈ, ਪਰ ਸ਼ਹਾਦਤ ਵਿਚ ਆਪਾ ਵਾਰਿਆ ਜਾਂਦਾ ਹੈ, ਜਾਨ ਕੁਰਬਾਨ ਕਰ ਦਿੱਤੀ ਜਾਂਦੀ ਹੈ ਅਤੇ ਨਿੱਜਤਵ ਆਦਰਸ਼ ਵਿਚ ਵਿਲੀਨ ਹੋ ਜਾਂਦਾ ਹੈ।

ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਜਦੋਂ ਕਿਸੇ ਨੇ ਪੁਰਾਣੇ ਸੱਚ ਨੂੰ ਵੰਗਾਰਿਆ ਤਾਂ ਉਦੋਂ ਹੀ 'ਈਸਾ' ਨੂੰ ਸੂਲੀ ਚੜ੍ਹਨਾ ਪਿਆ। ਜਦੋਂ ਪੁਰਾਣੇ ਸਮਾਜਿਕ ਸੰਤੋਖ ਨੂੰ ਵੰਗਾਰਿਆ ਤਾਂ ਪੈਰਿਸ ਕਮਿਊਨ ਨੂੰ ਆਪਣੀ ਬਲੀ ਦੇਣੀ ਪਈ। ਜਦੋਂ ਪੁਰਾਣੇ ਗਿਆਨ ਨੂੰ ਚੁਣੌਤੀ ਦਿੱਤੀ ਤਾਂ ਸੁਕਰਾਤ ਨੇ ਜ਼ਹਿਰ ਦਾ ਪਿਆਲਾ ਪੀ ਲਿਆ ਅਤੇ ਗਲੈਲੀਓ ਨੂੰ ਫਾਂਸੀ ਚੜ੍ਹਨਾ ਪਿਆ।

ਸ਼ਹਾਦਤ ਦੇ ਸੰਕਲਪ ਦੇ ਵਿਕਾਸ ਵਿਚ ਸੁਕਰਾਤ ਦਾ ਤਿੱਖਾ ਸੱਚ ਹੈ, ਜਿਸ ਨੇ ਏਥਨਜ਼ ਵਿਖੇ ਸਮੁੱਚੀ ਵਸੋਂ ਦੇ ਸਾਹਮਣੇ ਜ਼ਹਿਰ ਦਾ ਪਿਆਲਾ ਪੀਂਦਿਆਂ ਕਿਹਾ ਸੀ: "ਤੁਹਾਡਾ ਜਿਊਣ ਦਾ ਸਮਾਂ ਹੈ, ਰੱਜ-ਰੱਜ ਜੀਵੋ, ਮੇਰੇ ਜਾਣ ਦਾ ਸਮਾਂ ਹੈ, ਮੈਨੂੰ ਜਾਣ ਦਿਉ।" **ਸ਼ਹਾਦਤ ਮਨੁੱਖੀ ਹੋਂਦ ਦਾ ਉਹ ਰੂਪ ਹੈ, ਜਿਸ ਵਿਚ ਮਨੁੱਖ ਆਪਣਾ ਸਿਰ ਤਲੀ ਤੇ ਰੱਖ ਕੇ ਆਪਣੇ ਇਸ਼ਟ ਦੀ ਗਲੀ ਜਾਂਦਾ ਹੈ। ਉਹ ਇਸ ਅਹਿਸਾਸ ਨਾਲ ਜਾਂਦਾ ਹੈ ਕਿ ਇਸ ਮਾਰਗ ਤੇ ਪੈਰ ਧਰਨ ਨਾਲ ਜੋ ਜ਼ਿੰਮੇਵਾਰੀ ਆਉਂਦੀ ਹੈ, ਉਸ ਦੀ ਪੂਰਤੀ ਲਈ ਸਿਰ ਦੇਣ ਲੱਗਿਆਂ ਕਾਣ ਨਹੀਂ ਕਰਨੀ ਹੁੰਦੀ ਅਤੇ ਨਾ ਹੀ ਸੀਅ ਉਚਾਰਨੀ ਹੁੰਦੀ ਹੈ। ਇਸ ਲਈ ਸ਼ਹੀਦ ਉਹ ਹੈ, ਜੋ ਖੁਸ਼ੀ ਨਾਲ ਆਪਣੇ ਵਿਸ਼ਵਾਸ ਤੇ ਆਦਰਸ਼ ਦੀ ਸੱਚਾਈ ਨੂੰ ਸਥਾਪਤ ਕਰਨ ਲਈ ਹਾਕਮਾਂ ਦੇ ਅੱਤਿਆਚਾਰ ਨੂੰ ਖਿੜੇ-ਮੱਥੇ ਸਹਿਨ ਕਰਦਾ ਹੋਇਆ ਆਪਣੇ ਜੀਵਨ ਨੂੰ ਨਿਛਾਵਰ ਕਰ ਦਿੰਦਾ ਹੈ।**

ਸ਼ਹਾਦਤ ਦਾ ਸੰਕਲਪ ਵੀ ਇਸੇ ਵਰਗ ਵਿਚ ਆਉਂਦਾ ਹੈ। ਉਦਾਹਰਣ ਹਿੱਤ ਭਗਤ ਸਿੰਘ, ਕਰਤਾਰ ਸਿੰਘ ਸਰਾਭਾ ਅਤੇ ਅਨੇਕਾਂ ਅਜਿਹੇ ਹੋਰ ਅੰਗਰੇਜ਼ ਸਾਮਰਾਜੀਆਂ ਲਈ ਸ਼ਹੀਦ ਨਹੀਂ ਸਨ। ਇਸੇ ਤਰ੍ਹਾਂ ਸ਼ਹੀਦਾਂ ਦੇ ਸਿਰਤਾਜ ਲਾਸਾਨੀ ਸ਼ਹੀਦ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਮੁਸਲਮਾਨ ਹਾਕਮਾਂ ਲਈ ਸ਼ਹੀਦ ਨਹੀਂ ਸਨ।

ਉਪਰੋਕਤ ਪਰਿਪੇਖ ਵਿਚ ਸ਼ਹੀਦ ਜਾਂ ਸ਼ਹਾਦਤ ਦੇ ਸੰਕਲਪ ਦੀਆਂ ਵਿਸ਼ੇਸ਼ਤਾਈਆਂ ਨੂੰ ਗਿਣਨ ਦੇ ਯਤਨ ਵਧੇਰੇ ਸਾਰਥਕ ਹੋਣਗੇ। ਸ਼ਹਾਦਤ ਵਿਚ ਮਨੁੱਖ ਦੀ ਸਭ ਤੋਂ ਪਿਆਰੀ ਚੀਜ਼-ਜਿੰਦ/ਜਾਨ ਕੁਰਬਾਨ/ਨਿਛਾਵਰ ਕਰ ਦਿੱਤੀ ਜਾਂਦੀ ਹੈ। ਤਿਆਗ ਦੀ ਚਰਮ ਸੀਮਾ 'ਤੇ ਜਾਨ ਤਿਆਗਣ ਨਾਲ ਹੀ ਪਹੁੰਚਿਆ ਜਾ ਸਕਦਾ ਹੈ ਅਤੇ ਚਰਮ ਸੀਮਾ 'ਤੇ ਪਹੁੰਚਣ ਤੋਂ ਬਗੈਰ ਸ਼ਹਾਦਤ ਦਾ ਅਮਰ ਪਦ ਗ੍ਰਹਿਣ ਨਹੀਂ ਕੀਤਾ ਜਾ ਸਕਦਾ। ਦੇਸ਼, ਕੌਮ, ਅਕੀਦੇ, ਵਿਸ਼ਵਾਸ ਅਤੇ ਮਾਨਵਤਾ ਦੇ ਭਲੇ ਲਈ ਦ੍ਰਿੜ੍ਹਤਾ ਸਹਿਤ ਜੂਝਦਿਆਂ ਮੌਤ ਨੂੰ ਹੱਸ ਕੇ ਕਬੂਲ ਕਰਨ ਵਾਲੇ ਨੂੰ ਸ਼ਹੀਦ ਕਿਹਾ ਜਾਂਦਾ ਹੈ।

ਸ਼ਹਾਦਤ ਵਡੇਰੇ ਮਾਨਵੀ ਹੱਕਾਂ, ਹਿੱਤਾਂ ਅਤੇ ਜੀਵਨ-ਮੁੱਲਾਂ ਦੀ ਰਾਖੀ ਤੇ ਮਜ਼ਬੂਤੀ ਲਈ ਹੁੰਦੀ ਹੈ। ਸ਼ਹੀਦ ਭਗਤ ਸਿੰਘ ਨੇ ਇਸੇ ਲਈ ਕਿਹਾ ਸੀ :

"ਜ਼ਿੰਦਗੀ ਅਸੂਲਾਂ ਨਾਲੋਂ ਪਿਆਰੀ ਨਹੀਂ।"

ਭਾਵ ਜਦੋਂ ਜ਼ਿੰਦਗੀ ਅਤੇ ਅਸੂਲਾਂ ਵਿਚੋਂ ਇਕ ਚੁਣਨਾ ਹੋਵੇ ਤਾਂ ਦੁਬਿਧਾ-ਦੋਚਿੱਤੀ ਛੱਡਣੀ ਹੁੰਦੀ ਹੈ ਅਤੇ ਭਗਤ ਕਬੀਰ ਜੀ ਦੇ ਦੱਸੇ ਅਨੁਸਾਰ ਵਿਚਰਨਾ ਹੁੰਦਾ ਹੈ :

ਡਗਮਗ ਛਾਡਿ ਰੇ ਮਨ ਬਉਰਾ॥
ਅਬ ਤਉ ਜਰੇ ਮਰੇ ਸਿਧਿ ਪਾਈਐ
ਲੀਨੋ ਹਾਥਿ ਸੰਧਉਰਾ॥

(ਗੁਰੂ ਗ੍ਰੰਥ ਸਾਹਿਬ, ੩੩੮)

ਸ਼ਹੀਦ ਇੱਛਾਮੁਕਤ ਤਾਂ ਨਹੀਂ ਹੁੰਦਾ ਔਪਰ ਉਸਦੀ ਨਿਰੋਲ ਵਿਅਕਤੀਗਤ ਜਾਂ ਨਿੱਜਗਤ ਇੱਛਾ ਸਮੂਹਿਕ ਇੱਛਾ ਜਾਂ ਭਲਾਈ ਵਿਚ ਪੂਰੀ ਤਰ੍ਹਾਂ ਸਮੋਈ-ਸੰਜੋਈ ਹੋਈ ਹੁੰਦੀ ਹੈ। ਸ਼ਹੀਦ ਆਪਣੇ ਉਦੇਸ਼ ਪ੍ਰਤੀ ਸੁਚੇਤ ਰੂਪ ਵਿਚ ਸਮਰਪਿਤ ਹੁੰਦਾ ਹੈ। ਵਿਚਾਰਾਂ ਦੀ ਸੁਤੰਤਰਤਾ ਅਤੇ ਸੰਵਾਦ ਦੀ ਮਹੱਤਤਾ ਨੂੰ ਦ੍ਰਿੜ੍ਹਾਉਣ ਲਈ ਵਿਸ਼ਵ ਦੀਆਂ ਮਹਾਨ ਪ੍ਰਤਿਭਾਵਾਂ ਆਪਣੀਆਂ ਜਾਨਾਂ ਕੁਰਬਾਨ ਕਰ ਗਈਆਂ। ਵਿਸ਼ਵ ਇਤਿਹਾਸ ਵਿਚ ਦਰਜਨਾਂ ਅਜਿਹੀਆਂ ਹੋਰ ਉਦਾਹਰਣਾਂ ਹਨ। ਪ੍ਰਸਿੱਧ ਜਰਨੈਲ ਨੈਪੋਲੀਅਨ ਨੇ ਕਿਹਾ ਸੀ : **"ਮੌਤ ਮਨੁੱਖ ਨੂੰ ਸ਼ਹੀਦ ਨਹੀਂ ਬਣਾਉਂਦੀ ਸਗੋਂ ਆਦਰਸ਼ ਮਨੁੱਖ ਨੂੰ ਸ਼ਹੀਦ ਬਣਾਉਂਦਾ ਹੈ।"**

ਸ਼ਹੀਦ ਮੌਤ ਵੱਲ ਜਾਂਦਾ ਹੈ ਅਤੇ ਉਸ ਨਾਲ ਬਗਲਗੀਰ ਹੁੰਦਾ ਹੈ। ਉਹ ਆਪਣੇ ਖ਼ੂਨ ਵਿਚ ਆਪ ਲਥ-ਪਥ ਹੁੰਦਾ ਹੈ। ਉਹ ਸੀਨੇ 'ਚ ਜ਼ਖ਼ਮ ਖਾਂਦਾ ਹੈ ਅਤੇ ਉਹ ਪਿੱਠ 'ਤੇ ਲੱਗੇ ਵਾਰ ਜਾਂ ਗੋਲੀ ਨਾਲ ਸ਼ਹੀਦ ਨਹੀਂ ਹੁੰਦਾ। ਉਹ ਸੂਲੀ ਚੜ੍ਹਦਾ ਹੈ, ਜ਼ਹਿਰ ਪਿਆਲਾ ਪੀਂਦਾ ਹੈ, ਸਰੇ-ਬਾਜ਼ਾਰ ਕਤਲ ਹੁੰਦਾ ਹੈ ਅਤੇ ਸੰਸਾਰ ਉਸ ਦੀ ਮੌਤ ਨੂੰ ਅੱਛੀਆਂ ਅੱਖਾਂ ਅਤੇ ਅੱਡੀਆਂ ਚੁੱਕ-ਚੁੱਕ ਵੇਖਦਾ ਹੈ। ਸ਼ਹਾਦਤ ਦਾ ਜਾਮ ਪੀਣ ਵਾਲਾ ਵਿਅਕਤੀ ਆਪਣੀ ਜਾਨ ਬਚਾਉਣ ਲਈ ਕੋਈ ਤਰਲਾ-ਮਿੰਨਤ ਨਹੀਂ ਕਰਦਾ ਅਤੇ ਕੋਈ ਵਾਸਤਾ ਆਦਿ ਨਹੀਂ ਪਾਉਂਦਾ। ਉਹ ਕਿਸੇ ਲਾਲਚ ਵਿਚ ਨਹੀਂ ਆਉਂਦਾ। ਉਹ ਕੋਈ ਸੁਰੱਖਿਆ ਨਹੀਂ ਭਾਲਦਾ।

ਇਸ ਤਰ੍ਹਾਂ ਸਪੱਸ਼ਟ ਹੈ ਕਿ ਸ਼ਹੀਦ ਮਾਸੂਮ, ਨਿਤਾਣਾ, ਨਿਆਸਰਾ ਜਾਂ ਸਾਹ ਸੱਤਹੀਣ ਨਹੀਂ ਹੁੰਦਾ, ਸਗੋਂ ਸ਼ਕਤੀਸ਼ਾਲੀ, ਪ੍ਰਭਾਵਸ਼ਾਲੀ ਅਤੇ ਸਾਹਸ ਭਰਪੂਰ ਹੁੰਦਾ ਹੈ। ਸ਼ਹਾਦਤ ਦੇਣ ਵਾਲਾ ਸੱਤਾਸ਼ੀਲ ਨਹੀਂ ਹੁੰਦਾ। ਉਸ ਪਾਸ ਨਿਰਪੇਖ ਰਾਜਸੀ ਸ਼ਕਤੀ ਨਹੀਂ ਹੁੰਦੀ। ਉਹ ਸਮੇਂ ਦਾ ਹਾਕਮ ਜਾਂ ਹਾਕਮ ਜਮਾਤਾਂ ਦਾ ਪ੍ਰਤੀਨਿਧ ਨਹੀਂ ਹੁੰਦਾ।

ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਸ਼ਹੀਦ ਨਿਰਭਉ ਅਤੇ ਨਿਰਵੈਰ ਹੁੰਦਾ ਹੈ। ਇਹ ਨਿਡਰਤਾ ਸ਼ਕਤੀ ਨਾਲ ਹੀ ਸੰਪੰਨ ਨਹੀਂ ਹੁੰਦੀ ਸਗੋਂ ਨਿਰਵੈਰ ਪ੍ਰਵਿਰਤੀ ਦਾ ਵੀ ਪ੍ਰਗਟਾਵਾ ਹੈ।

(ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ)

ਕੇਸ ਗੁਰੂ ਕੀ ਮੋਹਰ ਹਨ

ਐ ਨੌਜਵਾਨ ਖਾਲਸਾ! ਜਾਗ ਤੇ ਸੰਭਾਲ ਆਪਣਾ ਗੌਰਵਮਈ ਵਿਰਸਾ! ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਸਰਬੰਸ ਵਾਰ ਕੇ ਤੈਨੂੰ ਸਰਦਾਰੀ ਬਖਸ਼ੀ ਸੀ। ਅੱਜ ਤੂੰ ਗੁਰੂ ਨੂੰ ਛੱਡ ਕੇ ਝੂਠੇ ਫੈਸ਼ਨਾਂ ਮਗਰ ਲੱਗ ਕੇ ਆਪਣੀ ਸਰਦਾਰੀ ਦਾ ਆਪ ਕਾਤਲ ਨਾ ਬਣ। ਕੇਸਾਂ ਦੀ ਬੇਅਦਬੀ ਛੱਡ ਕੇ ਗੁਰੂ ਗੋਬਿੰਦ ਸਿੰਘ ਜੀ ਦਾ ਖਾਸ ਰੂਪ ਬਣ। ਕੇਸ ਗੁਰੂ ਕੀ ਮੋਹਰ ਹਨ ਤੇ ਗੁਰੂ ਦੀ ਬਖਸ਼ੀ ਹੋਈ ਅਮਾਨਤ ਹਨ ਅਤੇ ਤੂੰ ਗੁਰੂ ਦੀ ਅਮਾਨਤ ਵਿਚ ਖਿਆਨਤ ਨਾ ਕਰ। ਖਬਰਦਾਰ! ਖਬਰਦਾਰ!!

ਘਰ ਬੈਠੇ-ਬਿਠਾਏ ਦੋ-ਸਾਲਾ ਸਿੱਖ ਮਿਸ਼ਨਰੀ ਪੱਤਰ ਵਿਹਾਰ ਕੋਰਸ

ਵਿਚ ਦਾਖਲਾ ਲੈ ਕੇ ਸਿੱਖ ਧਰਮ ਦੀ ਸਹੀ ਤੇ ਪੂਰੀ ਜਾਣਕਾਰੀ ਹਾਸਲ ਕਰੋ। ਪ੍ਰਾਸਪੈਕਟਸ (ਫਾਰਮ, ਸਿਲੇਬਸ ਆਦਿ) 7 ਰੁਪਏ ਦੀਆਂ ਡਾਕ-ਟਿਕਟਾਂ ਭੇਜ ਕੇ ਕਾਲਜ ਦੇ ਪਤੇ ਤੋਂ ਮੰਗਵਾਉ।

ਚਾਰੇ ਸਾਹਿਬਜ਼ਾਦਿਆਂ ਦੀ ਸ਼ਹਾਦਤ

ਪ੍ਰਿੰ: ਕਰਮ ਸਿੰਘ, ਪੱਤਰਕਾਰ*

ਬਾਦਸ਼ਾਹ ਦਰਵੇਸ਼, ਸਾਹਿਬੇ ਕਮਾਲ, ਸਰਬੰਸ ਦਾਨੀ, ਕਰਮ-ਯੋਗੀ, ਪੰਥ-ਉਸਰੱਈਆ, ਨੀਲੇ ਦੇ ਸ਼ਾਹ ਸਵਾਰ, ਕਲਗੀਧਰ, ਮਰਦ ਅਗੰਮੜੇ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਖ਼ਤੇ ਜਿਗਰ ਚਾਰੇ ਸਾਹਿਬਜ਼ਾਦਿਆਂ ਨੇ ਉਹ ਮਹਾਨ ਲਾਸਾਨੀ ਰੌਂਗਟੇ ਖੜ੍ਹੇ ਕਰ ਦੇਣ ਵਾਲੀਆਂ ਅਮਰ ਤਵਾਰੀਖ ਦੇ ਸੁਨਹਿਰੀ ਪੰਨਿਆਂ ਉਪਰ ਦਰਜ ਸ਼ਹੀਦੀਆਂ ਪ੍ਰਾਪਤ ਕੀਤੀਆਂ, ਜਿਨ੍ਹਾਂ ਦੀ ਮਿਸਾਲ ਵਿਸ਼ਵ ਦੇ ਇਤਿਹਾਸ ਵਿਚੋਂ ਕਿਧਰੇ ਵੀ ਨਹੀਂ ਮਿਲਦੀ। 22 ਤੋਂ 27 ਦਸੰਬਰ 1704 ਈ: ਤੱਕ ਹੋਈਆਂ ਇਨ੍ਹਾਂ ਅਦੁੱਤੀ ਸ਼ਹਾਦਤਾਂ ਲਈ ਸ਼ਰਧਾ ਦੇ ਫੁੱਲ ਅਰਪਣ ਕਰਦਿਆਂ ਹਕੀਮ ਅੱਲਾ ਯਾਰ ਖਾਂ ਜੋਗੀ ਆਪਣੀ ਕਾਵਿ ਰਚਨਾ 'ਗੰਜੇ ਸ਼ਹੀਦਾਂ' ਵਿਚ ਲਿਖਦੇ ਹਨ ਕਿ **"ਭਾਰਤ ਭਰ ਵਿਚ ਜੇ ਕੋਈ ਮਹਾਨ ਤੀਰਥ ਅਸਥਾਨ ਹੈ ਤਾਂ ਉਹ ਹੈ 'ਚਮਕੌਰ ਦੀ ਧਰਤੀ' ਜਿਥੇ ਕਿਸੇ ਪਿਤਾ ਨੇ ਆਪਣੇ ਦੋ ਫਰਜ਼ੰਦਾਂ ਨੂੰ ਮੈਦਾਨਿ-ਜੰਗ ਵਿਚ ਹੱਥੀਂ ਹਥਿਆਰ ਸਜਾ ਕੇ ਲਾੜੀ ਮੌਤ ਨੂੰ ਵਰਨ ਲਈ ਭੇਜਿਆ।"** ਸੰਸਾਰ ਦੇ ਯੁੱਧ ਇਤਿਹਾਸ ਵਿਚ ਹੋਰ ਕਿਧਰੇ ਅਜਿਹੀ ਅਦਭੁੱਤ ਮਿਸਾਲ ਨਹੀਂ ਮਿਲਦੀ, ਜਿਥੇ 40 ਸੂਰਮਿਆਂ ਨੇ ਬਹੁਤ ਵੱਡੀ ਸ਼ਾਹੀ ਸੈਨਾ ਨਾਲ ਸਿੱਧੀਆਂ ਟੱਕਰਾਂ ਲੈ ਕੇ ਆਖਰ ਸ਼ਾਹੀ ਸੈਨਾ ਨੂੰ ਨਮੋਸ਼ੀ ਦਾ ਮੂੰਹ ਤੱਕਣ ਲਈ ਮਜਬੂਰ ਕਰ ਦਿੱਤਾ। ਦੁਨੀਆਂ ਦੇ ਇਤਿਹਾਸ ਵਿਚ ਇਹ ਪਹਿਲੀ ਅਨੋਖੀ ਬੇਜੋੜ ਤੇ ਅਸਾਵੀਂ ਜੰਗ ਸੀ, ਜਿਸ ਵਿਚ ਮੇਰੇ ਚੋਜੀ ਪ੍ਰੀਤਮ ਨੇ 'ਸਵਾ ਲਾਖ ਸੇ ਏਕ ਲੜਾਊਂ' ਦਾ ਸੁਪਨਾ ਸਾਕਾਰ ਕਰ ਦਿਖਾਇਆ। ਦੂਸਰਾ ਮਹਾਨ ਤੀਰਥ ਅਸਥਾਨ ਹੈ 'ਸਰਹੰਦ ਦੀ ਖ਼ੂਨੀ ਦੀਵਾਰ' ਜਿਥੇ ਅਨਭੋਲ ਦੋ ਨਿੱਕੀਆਂ ਜਿੰਦਾਂ ਨੇ ਵੱਡਾ ਸਾਕਾ ਕਰ ਦਿਖਾਇਆ।

*ਭਗਤ ਨਾਮਦੇਵ ਪਬਲਿਕ ਸਕੂਲ, ਬਰਨਾਲਾ

ਸਾਹਿਬਜ਼ਾਦਿਆਂ ਦੀਆਂ ਇਹ ਮਹਾਨ ਸ਼ਹੀਦੀਆਂ ਅਣਚਾਹੀਆਂ ਤੇ ਅਚਾਨਕ ਵਾਪਰੀਆਂ ਘਟਨਾਵਾਂ ਨਹੀਂ। ਇਹ ਤਾਂ ਇਹਨਾਂ ਦੇ ਮਨਾਂ ਅੰਦਰ ਗੁਰੂ ਪਿਤਾ (ਸ੍ਰੀ ਗੁਰੂ ਗੋਬਿੰਦ ਸਿੰਘ ਜੀ), ਗੁਰੂ ਦਾਦਾ (ਸ੍ਰੀ ਗੁਰੂ ਤੇਗ ਬਹਾਦਰ ਜੀ), ਗੁਰੂ ਪੜਦਾਦਾ (ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ) ਤੇ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਵਲੋਂ ਕੂੜ-ਕਪਟ, ਜਬਰ-ਜ਼ੁਲਮ ਤੇ ਅਨਿਆਂ ਨਾਲ ਸਮਝੌਤਾ ਨਾ ਕਰਦਿਆਂ ਸੱਚ-ਆਚਾਰ, ਸਵੈਮਾਨ, ਅਣਖ ਤੇ ਧਰਮ ਉਪਰ ਪਹਿਰਾ ਦਿੰਦਿਆਂ ਜੋ ਸੂਰਮਗਤੀ ਦਿਖਾਉਂਦਿਆਂ ਕੁਰਬਾਨੀਆਂ ਕੀਤੀਆਂ ਗਈਆਂ ਸਨ, ਉਸੇ ਦੀ ਸੰਪੰਨਤਾ ਵਾਸਤੇ 6 ਤੋਂ 8 ਸਾਲ ਦੇ ਨੰਨੇ ਮੁੰਨੇ ਲਾਲਾਂ ਅਤੇ 14 ਅਤੇ 17 ਸਾਲ ਦੇ ਚੜ੍ਹਦੀ ਜਵਾਨੀ ਗੱਭਰੂਆਂ ਵਲੋਂ ਸ਼ਹੀਦੀਆਂ ਦੀ ਪਰੰਪਰਾ ਨੂੰ ਹੋਰ ਅੱਗੇ ਤੋਰਨ ਦੀ ਇਕ ਕੜੀ ਸੀ, ਜਿਸ ਉਪਰ ਚਲਦਿਆਂ ਅੱਗੋਂ ਸਿੰਘਾਂ ਨੇ ਅਠਾਰ੍ਹਵੀਂ ਸਦੀ ਤੋਂ ਲੈ ਕੇ ਅੱਜ ਤੱਕ ਇਸ ਪਿਰਤ ਨੂੰ ਕਾਇਮ ਰੱਖਿਆ ਹੋਇਆ ਹੈ।

ਚਾਰੇ ਸਾਹਿਬਜ਼ਾਦਿਆਂ ਨੇ ਸ਼ਹਾਦਤਾਂ ਦੇ ਕੇ ਸੱਚ ਸਾਬਤ ਕਰ ਦਿਖਾਇਆ ਕਿ ਸ਼ਹੀਦੀ ਕਿਸੇ ਵੀ ਉਮਰ ਦਾ ਤਕਾਜ਼ਾ ਨਹੀਂ ਹੁੰਦੀ ਨਾ ਹੀ ਇਸ ਵਾਸਤੇ ਕਿਸੇ ਲੰਮੀ ਤਿਆਰੀ, ਤਪ ਸਾਧਣ ਤੇ ਰਿਆਜ਼ ਦੀ ਜ਼ਰੂਰਤ ਹੈ। ਸ਼ਹੀਦ ਕੇਵਲ ਜਾਨ ਵਾਰਨ ਨਾਲ ਨਹੀਂ ਬਣ ਜਾਈਦਾ, ਸਗੋਂ ਇਹ ਪਦਵੀ ਤਾਂ ਕੀਤੀ ਕੁਰਬਾਨੀ ਦੇ ਕਾਰਨਾਂ ਉਪਰ ਹੀ ਨਿਰਭਰ ਕਰਦੀ ਹੈ। **ਸ਼ਹਾਦਤ ਜੀਵਨ ਦੇ ਕੁਲ ਡਰਾਂ, ਲਾਲਚਾਂ, ਉਲਾਰਾਂ ਤੇ ਐਸ਼ੋ-ਇਸ਼ਰਤ ਨੂੰ ਤਿਆਗ ਕੇ ਆਪਣੇ ਸਿਧਾਂਤ, ਦੇਸ਼, ਧਰਮ ਜਾਂ ਸੱਚ ਲਈ ਕੁਰਬਾਨ ਹੋਣ ਦਾ ਨਾਮ ਹੈ।** ਲਾਡ ਪਿਆਰ ਨਾਲ ਸਰਬ ਸੁਖ-ਆਰਾਮ ਵਿਚ ਪਲਣ ਵਾਲੇ ਤੇ ਰੇਸ਼ਮੀ ਮਖਮਲੀ ਬਸਤਰਾਂ ਦੇ ਪਹਿਨਣਹਾਰੇ ਦੋ ਕੋਮਲ ਫੁੱਲਾਂ ਜਿਹੇ ਲਾਲਾਂ ਨੇ ਜਵਾਨੀ ਦੀ ਉਡੀਕ ਵੀ ਨਹੀਂ ਕੀਤੀ। ਬਾਲੜੀ ਉਮਰੇ ਹੀ ਸ਼ਹੀਦੀ ਦੀਆਂ ਨਵੀਆਂ ਅਮਿੱਟ ਪੈੜਾਂ ਕਾਇਮ ਕਰ ਦਿਖਾਈਆਂ। 'ਇਸਲਾਮ ਕਿ ਮੌਤ?' ਵਿਚੋਂ ਮੌਤ ਨੂੰ ਗਲਵਕੜੀ ਪਾਉਣ ਲਈ ਹੱਸ ਹੱਸ ਤਿਆਰ ਹੋ ਜਾਣਾ, ਜਾਬਰ ਹਾਕਮਾਂ ਵਲੋਂ ਦਿੱਤੇ ਹਰ ਕਸ਼ਟ ਨੂੰ ਸਹਾਰਦਿਆਂ ਈਨ ਨਾ ਮੰਨਣੀ, ਸਿੱਖੀ-ਸਿਦਕ ਤੇ ਈਮਾਨ ਕਾਇਮ ਰੱਖਣ ਦੀ ਦਲੇਰਾਨਾ ਹਿੰਮਤ ਦੀ ਇੰਤਹਾ ਸੀ। ਹਾਲਾਂਕਿ ਇਸਲਾਮ ਕਬੂਲ ਕਰਨ ਨਾਲ ਉਹਨਾਂ ਨੂੰ ਹਰ ਪ੍ਰਕਾਰ ਦੇ ਸੁਖ-ਆਰਾਮ ਤੇ ਐਸ਼ੋ-ਇਸ਼ਰਤ ਦੇ ਅਮੁੱਲ ਖਜ਼ਾਨੇ ਪ੍ਰਾਪਤ ਹੋ ਜਾਣੇ ਸਨ ਪਰ ਇਨ੍ਹਾਂ ਨਿੱਕੀਆਂ ਜਿੰਦਾਂ ਨੇ ਮੌਤ ਨੂੰ ਕਬੂਲ ਕਰਕੇ ਸਿੱਧ ਕਰ ਦਿਖਾਇਆ ਕਿ ਗੁਲਾਮੀ ਤੇ ਬੇਅਣਖੀ ਦੇ ਸੌ ਸਾਲ ਜਿਊਣ ਨਾਲੋਂ ਅਣਖ ਤੇ ਸਵੈਮਾਨ ਨਾਲ ਬਿਤਾਇਆ ਥੋੜ੍ਹਾ ਸਮਾਂ (ਜੀਵਨ) ਹੀ ਜ਼ਿੰਦਗੀ ਦਾ ਸੁਨਹਿਰੀ ਪਲ ਹੁੰਦਾ ਹੈ। ਦੋ ਸਾਹਿਬਜ਼ਾਦਿਆਂ ਨੇ ਚੜ੍ਹਦੀ ਜਵਾਨੀ ਵਿਚ ਮੈਦਾਨਿ-ਜੰਗ ਅੰਦਰ ਮਹਾਨ ਸੂਰਬੀਰਾਂ ਵਾਂਗ ਜੂਝਦਿਆਂ ਬੇਖੌਫ ਹੋ ਕੇ ਹੱਸ-ਹੱਸ ਅਣਖ ਦੀ ਮੌਤ ਨੂੰ ਪ੍ਰਵਾਨ ਕਰ ਦਿਖਾਇਆ। ਇਹ ਅਮਰ ਸ਼ਹਾਦਤਾਂ ਵਿਸ਼ਵ ਇਤਿਹਾਸ ਅੰਦਰ ਬੇਮਿਸਾਲ, ਇਨਕਲਾਬੀ ਤੇ ਦੰਗ ਕਰ ਦੇਣ ਵਾਲੀ ਘਟਨਾ ਬਣਾ ਕੇ ਇਨ੍ਹਾਂ ਚਾਰੇ ਮਹਾਨ ਗੁਰੂ ਦੇ ਸਪੁੱਤਰਾਂ ਨੇ ਅਡੋਲ ਤੇ ਸ਼ਾਂਤ ਰਹਿੰਦਿਆਂ ਇੰਝ ਵਰਤਾ ਦਿੱਤੀਆਂ ਜਿਵੇਂ ਕੋਈ ਬਰਫ਼ ਤੋਂ ਉਠ ਕੇ ਬਲਦੇ ਅੰਗਿਆਰਾਂ ਉਪਰ ਜਾ ਸਮਾਧੀ ਲਾਵੇ ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਸ਼ਹੀਦਾਂ ਦਾ ਖ਼ੂਨ ਹੀ ਧਰਮ ਮੰਦਰ ਦੀ ਨੀਂਹ ਹੁੰਦਾ ਹੈ। ਇਹੋ ਕਾਰਨ ਹੈ ਕਿ ਅੱਜ ਅਸੀਂ ਇਨ੍ਹਾਂ ਚਾਰੇ ਸਾਹਿਬਜ਼ਾਦਿਆਂ ਨੂੰ "ਬਾਬਾ" ਸ਼ਬਦ ਨਾਲ ਵੀ ਸੰਬੋਧਨ ਕਰਦੇ ਹਾਂ।

20 ਦਸੰਬਰ 1704 ਈ: ਦੀ ਬਰਫੀਲੀ

ਰਾਤ ਨੂੰ ਸਰਸਾ ਨਦੀ ਦੇ ਕੰਢੇ ਭਿਆਨਕ ਯੁੱਧ ਹੋਇਆ ਜਿਸ ਵਿਚ ਗੁਰੂ ਜੀ ਦਾ ਸਾਰਾ ਪ੍ਰਵਾਰ ਹੀ ਇਕ ਦੂਜੇ ਤੋਂ ਸਦਾ ਲਈ ਵਿਛੜ ਗਿਆ। ਜੋੜਾ ਕਿਸੇ ਪਾਸੇ, ਜੋੜਾ ਕਿਸੇ ਪਾਸੇ। 21 ਦਸੰਬਰ 1704 ਈ: ਸ਼ਾਮ ਨੂੰ ਗੁਰੂ ਜੀ ਚਾਲੀ ਸਿੰਘ ਸੂਰਮਿਆਂ ਤੇ ਦੋਨੋਂ ਵੱਡੇ ਸਾਹਿਬਜ਼ਾਦਿਆਂ ਸਮੇਤ ਚਮਕੌਰ ਸਾਹਿਬ ਵਿਖੇ ਪਹੁੰਚ ਗਏ ਤੇ ਪਿੱਛਾ ਕਰਦੀ ਆ ਰਹੀ ਸ਼ਾਹੀ ਸੈਨਾ ਦਾ ਟਾਕਰਾ ਕਰਨ ਲਈ ਕੱਚੀ ਗੜ੍ਹੀ ਦਾ ਸਹਾਰਾ ਲਿਆ। ਪਹਾੜੀ ਰਾਜਿਆਂ ਦੀਆਂ ਫੌਜਾਂ ਤੇ ਮੁਗਲ ਸੈਨਾ ਦੀ ਗਿਣਤੀ ਲੱਖਾਂ ਵਿਚ ਸੀ। ਫਿਰ ਵੀ ਅਗਲੇ ਦਿਨ, 22 ਦਸੰਬਰ ਨੂੰ, ਟਿੱਡੀ ਦਲ ਮੁਗਲ ਫੌਜ ਨਾਲ ਥੱਕੇ ਟੁੱਟੇ ਭੁੱਖਣ ਭਾਣੇ ਸਿੰਘਾਂ ਨੇ ਬੇਮਿਸਾਲ, ਬੇਨਜ਼ੀਰ ਅਦੁੱਤੀ ਟੱਕਰ ਲੈ ਕੇ ਘਮਸਾਨ ਦਾ ਯੁੱਧ ਕੀਤਾ। ਚਾਰ ਚੁਫੇਰੇ ਤੋਂ ਘਿਰ ਚੁੱਕੀ ਗੜ੍ਹੀ ਦਾ ਘੇਰਾ ਤੋੜਨ ਲਈ ਸਾਹਿਬਜ਼ਾਦਾ ਅਜੀਤ ਸਿੰਘ ਗੜ੍ਹੀ ਦੇ ਸਿਖਰ ਬੈਠੇ ਮੋਰਚਾ ਸੰਭਾਲ ਕੇ ਭਾਈ ਦਯਾ ਸਿੰਘ (ਪਿਆਰੇ), ਭਾਈ ਸੰਤ ਸਿੰਘ ਤੇ ਗੁਰੂ ਪਿਤਾ ਸਮੇਤ ਤੀਰਾਂ ਤੇ ਗੋਲੀਆਂ ਦੀ ਦੁਸ਼ਮਨ ਉੱਪਰ ਬਾਰਸ਼ ਕਰ ਰਹੇ ਸਨ। ਸਿੰਘਾਂ ਨੂੰ ਸ਼ਹੀਦੀ ਦੇ ਜਾਮ ਪੀਂਦਿਆਂ ਦੇਖ ਕੇ ਪਿਤਾ ਜੀ ਪਾਸੋਂ ਜੰਗ ਵਿਚ ਜਾ ਕੁੱਦਣ ਦੀ ਆਗਿਆ ਲੈ ਕੇ ਭਾਈ ਮੁਹਕਮ ਸਿੰਘ (ਪਿਆਰੇ) ਅਤੇ ਅੱਠ ਸਿੰਘ ਸੂਰਮਿਆਂ ਸਮੇਤ ਵੈਰੀ ਦਲ ਉੱਪਰ ਟੁੱਟ ਪਿਆ। ਆਖਿਰ ਮਿਰਜ਼ਾ ਤਾਹਰ ਬੇਗ, ਨੂਰ ਖਾਂ ਤੇ ਜਾਫ਼ਰ ਅਲੀ ਖਾਂ ਆਦਿ ਫੌਜਦਾਰਾਂ ਨਾਲ ਟਾਕਰਾ ਕਰਦੇ ਹੋਇਆਂ ਅਣਗਿਣਤ ਵੈਰੀਆਂ ਨੂੰ ਮੌਤ ਦੇ ਘਾਟ ਉਤਾਰ ਕੇ ਸਿੰਘਾਂ ਸਮੇਤ ਸ਼ਹੀਦੀ ਪ੍ਰਾਪਤ ਕੀਤੀ। ਇਸ ਤੋਂ ਪਹਿਲਾਂ ਮਾਰਚ 1700 ਈ: ਵਿਚ ਪਹਾੜੀ ਰਾਜੇ ਅਜਮੇਰ ਚੰਦ ਤੇ ਹੋਰਨਾਂ ਵਲੋਂ ਕੀਤੇ ਅਨੰਦਪੁਰ ਸਾਹਿਬ ਤੇ ਹਮਲੇ ਨੂੰ ਸਿੰਘਾਂ ਨੇ ਸਾਹਿਬਜ਼ਾਦਾ ਅਜੀਤ ਸਿੰਘ ਦੀ ਕਮਾਨ ਹੇਠ ਡਟਵਾਂ ਮੁਕਾਬਲਾ ਕਰਕੇ ਪਹਾੜੀਆਂ ਨੂੰ ਭਜਾਇਆ ਸੀ। ਇਸੇ ਪ੍ਰਕਾਰ, ਇਕ ਬ੍ਰਾਹਮਣ ਦੀ ਪਤਨੀ ਨੂੰ ਜਦੋਂ ਬਸੀ ਪਠਾਣਾਂ ਦਾ ਹਾਕਮ ਜਾਬਰ ਖਾਂ ਖੋਹ ਕੇ ਲੈ ਗਿਆ ਤਾਂ ਉਸ ਦੀ ਫਰਿਆਦ ਸੁਣ ਕੇ ਸਾਹਿਬਜ਼ਾਦਾ ਜੀ ਨੇ ਮੁੜ ਉਸ ਦੀ ਪਤਨੀ ਵਾਪਿਸ ਦੁਆ ਕੇ ਹਾਕਮ ਨੂੰ ਉਸ ਦੇ ਨੀਚ ਕਰਮਾਂ ਦੀ ਭਾਰੀ ਸਜ਼ਾ ਦਿੱਤੀ ਸੀ।

ਵੱਡੇ ਭਰਾ ਦੀ ਬਹਾਦਰੀ ਤੇ ਸ਼ਹੀਦੀ ਤੋਂ ਪ੍ਰੇਰਿਤ ਤੇ ਉਤਸ਼ਾਹਤ ਹੋ ਕੇ ਸਾਹਿਬਜ਼ਾਦਾ ਜੁਝਾਰ ਸਿੰਘ ਨੇ ਮੈਦਾਨਿ-ਜੰਗ ਵਿਚ ਜਾਣ ਦੀ ਆਗਿਆ ਮੰਗੀ ਤਾਂ ਗੁਰੂ ਸਾਹਿਬ ਜੀ ਨੇ ਭਾਈ ਸਾਹਿਬ ਸਿੰਘ (ਪਿਆਰੇ), ਭਾਈ ਆਲਮ ਸਿੰਘ, ਭਾਈ ਹਿੰਮਤ ਸਿੰਘ (ਪਿਆਰੇ) ਸਮੇਤ 5 ਸਿੰਘਾਂ ਨੂੰ ਯੁੱਧ ਵਿਚ ਕੁੱਦਣ ਦੀ ਆਗਿਆ ਦੇ ਦਿੱਤੀ ਤੇ ਆਪਣੇ ਹੱਥੀਂ ਸ਼ਸਤਰ ਸਜਾ ਕੇ ਜੰਗ ਵੱਲ ਤੋਰਿਆ। ਸਾਹਿਬਜ਼ਾਦੇ ਨੇ ਬਹਾਦਰੀ ਨਾਲ ਜੰਗ ਵਿਚ ਜੌਹਰ ਦਿਖਾਉਂਦਿਆਂ ਦੁਸ਼ਮਨਾਂ ਦੇ ਆਹੂ ਲਾਹੁਣੇ ਸ਼ੁਰੂ ਕਰ ਦਿੱਤੇ। ਇਕ ਵਾਰ ਤਾਂ ਵੈਰੀ ਦਲ ਨੂੰ ਭਾਜੜ ਹੀ ਪਾ ਦਿੱਤੀ ਪਰ ਅਣਗਿਣਤ ਵੈਰੀਆਂ ਦੇ ਘੇਰੇ ਵਿਚ ਆ ਕੇ ਜਦੋਂ ਸ਼ਹੀਦੀ ਦਾ ਜਾਮ ਪੀ ਗਏ ਤਾਂ ਗੁਰੂ ਜੀ ਨੇ ਅਕਾਲ ਪੁਰਖ ਦਾ ਸ਼ੁਕਰਾਨਾ ਕਰਦਿਆਂ "ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ" ਦਾ ਜੈਕਾਰਾ ਗੁੰਜਾਉਂਦਿਆਂ ਕਿਹਾ ਕਿ "ਤੇਰੀ ਅਮਾਨਤ ਤੈਨੂੰ ਅਰਪਨ ਕਰ ਦਿੱਤੀ ਹੈ, ਮੇਰੇ ਪੁੱਤਰਾਂ ਦੀ ਕੁਰਬਾਨੀ ਨੇ ਅੱਜ ਮੇਰੇ ਸਿਰ ਤੋਂ ਧਰਮ ਦਾ ਫਰਜ਼ ਤੇ ਕਰਜ਼ ਉਤਾਰ ਦਿੱਤਾ ਹੈ।"

ਦੂਸਰੇ ਪਾਸੇ ਸਰਸਾ ਨਦੀ ਤੇ ਹੋਏ ਪਰਿਵਾਰ ਵਿਛੋੜੇ ਵਿਚ ਸਾਹਿਬਜ਼ਾਦਾ ਜ਼ੋਰਾਵਰ ਸਿੰਘ, ਸਾਹਿਬਜ਼ਾਦਾ ਫਤਹਿ ਸਿੰਘ ਤੇ ਮਾਤਾ ਗੁਜਰੀ ਵਿਛੜ ਕੇ ਕੰਮੋ ਮਾਛਕੀ ਦੀ ਝੌਂਪੜੀ ਪਾਸ ਚਲੇ ਗਏ ਜਿਥੇ ਉਸਦੀ ਪਤਨੀ ਲਛਮੀ ਨੇ ਬਹੁਤ ਹੀ ਸਤਿਕਾਰ ਤੇ ਪਿਆਰ ਨਾਲ ਭੋਜਨ ਛਕਾਇਆ। ਰਾਤ ਕੱਟਣ ਤੋਂ ਬਾਅਦ ਦੂਸਰੇ ਦਿਨ ਗੰਗੂ ਬ੍ਰਾਹਮਣ ਜੋ ਗੁਰੂ ਘਰ ਦਾ ਨੌਕਰ ਸੀ, ਉਸ ਨਾਲ ਉਸ ਦੇ ਪਿੰਡ ਖੇੜੀ ਵੱਲ ਚੱਲ ਪਏ। ਗੰਗੂ ਨੇ ਆਪਣੇ ਘਰ ਵਿਚ ਇਹਨਾਂ ਨੂੰ ਬਿਠਾ ਕੇ ਲਾਲਚ ਵੱਸ ਹੁੰਦਿਆਂ ਨਮਕ ਹਲਾਲੀ ਦੇ ਸਾਰੇ ਫ਼ਰਜ਼ ਭੁਲਾ ਕੇ ਅਕ੍ਰਿਤਘਣ ਤੇ ਅਹਿਸਾਨ ਫਰਾਮੋਸ਼ ਬਣ ਕੇ ਕਮੀਨਗੀ ਦਿਖਾਉਂਦਿਆਂ ਮੁਰਿੰਡੇ ਤੋਂ ਕੋਤਵਾਲ ਨੂੰ ਲਿਆ ਕੇ ਫੜਾ ਦਿੱਤਾ। ਕੋਤਵਾਲ ਨੇ ਅੱਗੇ ਸਰਹਿੰਦ ਵਿਖੇ ਨਵਾਬ ਵਜ਼ੀਰ ਖਾਂ ਦੇ ਜਾ ਪੇਸ਼ ਕੀਤਾ। ਜਿਸ ਨੇ ਇਹਨਾਂ ਨੂੰ ਠੰਡੇ ਬੁਰਜ ਵਿਚ ਕੈਦ ਕਰ ਦਿੱਤਾ ਤੇ ਅਗਲੇ ਕੁਝ ਦਿਨ ਨਵਾਬ, ਕਾਜ਼ੀ ਤੇ ਹੋਰ ਅਹਿਲਕਾਰ ਭਰੀ ਅਦਾਲਤ ਵਿਚ ਦੋਨਾਂ ਸਾਹਿਬਜ਼ਾਦਿਆਂ ਨੂੰ ਬੁਲਾ ਕੇ ਇਸਲਾਮ ਧਰਮ ਧਾਰਨ ਕਰਨ ਲਈ ਉਕਸਾਉਂਦੇ, ਕਈ ਪ੍ਰਕਾਰ ਦੇ ਲਾਲਚ ਤੇ ਡਰਾਵੇ ਦਿੰਦੇ ਰਹੇ। ਪਰ ਇਹਨਾਂ ਦੇ ਦਲੇਰਾਨਾ ਉੱਤਰ ਦੇ ਸਾਹਮਣੇ ਉਹਨਾਂ ਦੀ ਕੋਈ ਪੇਸ਼ ਨਾ ਗਈ ਤੇ ਆਖਰ ਉਹ ਸਾਰੇ ਇਹਨਾਂ ਨੂੰ ਛੱਡਣ ਲਈ ਤਿਆਰ ਹੋ ਗਏ ਪਰ ਦੀਵਾਨ ਸੁੱਚਾ ਨੰਦ ਦੇ ਇਹ ਕਹਿਣ 'ਤੇ ਕਿ "ਸੱਪ ਦੇ ਬੱਚੇ ਵੱਡੇ ਹੋ ਕੇ ਸੱਪ ਹੀ ਬਣਨਗੇ, ਇਹ ਸਾਡੇ ਲਈ ਖਤਰੇ ਦਾ ਕਾਰਨ ਵੀ ਬਣ ਸਕਦੇ ਹਨ। ਸੋ ਬਾਗੀ ਬਾਪ ਦੇ ਬਾਗੀ ਬੱਚਿਆਂ ਨੂੰ ਛੱਡਿਆ ਨਾ ਜਾਵੇ। ਇਹਨਾਂ ਗੁਸਤਾਖਾਂ ਨੂੰ ਮਾਸੂਮ ਨਾ ਸਮਝੋ।" ਸੁੱਚਾ ਨੰਦ ਨੇ ਸਾਹਿਬਜ਼ਾਦਿਆਂ ਪਾਸੋਂ ਪੁਛਿਆ ਕਿ "ਜੇ ਤੁਹਾਨੂੰ ਛੱਡ ਦੇਈਏ ਤਾਂ ਤੁਸੀਂ ਕੀ ਕਰੋਗੇ?" ਦੋਨੋਂ ਸਾਹਿਬਜ਼ਾਦੇ ਕੜਕ ਕੇ ਬੋਲੇ ਕਿ "ਸਾਡੀ ਜੰਗ ਜਬਰ, ਜ਼ੁਲਮ, ਅਨਿਆਂ, ਧੱਕੇਸ਼ਾਹੀ ਤੇ ਬੇਇਨਸਾਫੀ ਦੇ ਖਿਲਾਫ ਹੈ। ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਸਪੁੱਤਰ, ਸ਼ਹੀਦ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪੋਤਰੇ ਤੇ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਵੰਸ਼ ਵਿਚੋਂ ਹਾਂ। ਉਹਨਾਂ ਦੇ ਪਾਏ ਪੂਰਨਿਆਂ 'ਤੇ ਚਲਦਿਆਂ ਅੰਤਮ ਸਵਾਸ ਤੱਕ ਫੌਜ ਇਕੱਠੀ ਕਰਕੇ ਤੁਹਾਡੇ ਜ਼ੁਲਮ ਖ਼ਿਲਾਫ਼ ਲੜਦੇ ਰਹਾਂਗੇ। ਇਸਲਾਮ ਧਰਮ ਧਾਰਨ ਨਹੀਂ ਕਰਾਂਗੇ।" ਇਹ ਗੱਲ ਸੁਣ ਕੇ ਸੁੱਚਾ ਨੰਦ ਨੇ ਕਿਹਾ ਕਿ "ਮੇਰੀ ਗੱਲ ਦੀ ਪੁਸ਼ਟੀ ਇਹਨਾਂ ਖੁਦ ਕਰ ਦਿੱਤੀ ਹੈ। ਇਸ ਲਈ ਛੱਡਣਾ ਖਤਰੇ ਤੋਂ ਖਾਲੀ ਨਹੀਂ।" ਕਾਜ਼ੀ ਨੇ ਉਸੇ ਸਮੇਂ ਫਤਵਾ ਸੁਣਾ ਦਿੱਤਾ ਕਿ, "ਇਹਨਾਂ ਨੂੰ ਕਤਲ ਕਰ ਦਿੱਤਾ ਜਾਵੇ।" ਨਵਾਬ ਨੇ ਦੋ ਸ਼ਾਹੀ ਜਲਾਦਾਂ ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਨੂੰ ਬੁਲਾ ਕੇ ਸਾਹਿਬਜ਼ਾਦਿਆਂ ਨੂੰ ਜ਼ਿੰਦਾ ਹੀ ਨੀਹਾਂ ਵਿਚ ਖੜ੍ਹੇ ਕਰਕੇ ਸ਼ਹੀਦ ਕਰਨ ਦੇ ਹੁਕਮ ਜਾਰੀ ਕਰ ਦਿੱਤੇ। ਇਸ ਬੁਜ਼ਦਿਲੀ ਭਰੇ ਕਾਰਨਾਮੇ ਦੀ ਮਲੇਰਕੋਟਲਾ ਦੇ ਨਵਾਬ ਸ਼ੇਰ ਮੁਹੰਮਦ ਖਾਂ ਨੇ ਸਖਤ ਸ਼ਬਦਾਂ

ਵਿਚ ਨਿਖੇਧੀ ਕਰਦਿਆਂ ਕਿਹਾ ਕਿ ਸ਼ੀਰ-ਖੋਰ (ਦੁੱਧ ਚੁੰਘਦੇ) ਬੇਗੁਨਾਹ ਬੱਚਿਆਂ ਨੂੰ ਮਾਰਨਾ ਸ਼ਰ੍ਹਾ ਦੇ ਨਿਯਮਾਂ ਅਨੁਸਾਰ ਭਾਰੀ ਗੁਨਾਹ ਹੈ। ਇਹ ਸਰਾਸਰ ਜ਼ੁਲਮ ਹੈ ਤੇ ਆਪਣੀ ਗੱਲ ਮੰਨੀ ਜਾਂਦੀ ਨਾ ਦੇਖ ਕੇ ਹਾਅ ਦਾ ਨਾਹਰਾ ਮਾਰਦਿਆਂ ਕਚਹਿਰੀ ਵਿਚੋਂ ਬਾਹਰ ਆ ਗਏ। 27 ਦਸੰਬਰ 1704 ਈ: ਨੂੰ ਇਹਨਾਂ ਨੂੰ ਨੀਹਾਂ ਵਿਚ ਚਿਣ ਕੇ ਤੇ ਮਾਤਾ ਗੁਜਰੀ ਜੀ ਨੂੰ ਠੰਡੇ ਬੁਰਜ ਉਪਰੋਂ ਧੱਕਾ ਦੇ ਕੇ ਸ਼ਹੀਦ ਕਰ ਦਿੱਤਾ। ਜਦੋਂ ਗੁਰੂ ਜੀ ਨੂੰ ਰਾਏਕੋਟ ਵਿਖੇ ਨੂਰੇ ਮਾਹੀ ਪਾਸੋਂ ਇਹਨਾਂ ਦੀ ਸ਼ਹੀਦੀ ਦਾ ਬ੍ਰਿਤਾਂਤ ਪਤਾ ਲੱਗਾ ਤਾਂ ਪਾਸ ਬੈਠੇ ਸਿੰਘਾਂ ਵੱਲ ਤੱਕ ਕੇ ਮਾਣ ਮੱਤੇ ਢੰਗ ਨਾਲ ਉੱਚੀ ਆਵਾਜ਼ ਵਿਚ ਉਚਾਰਿਆ ਕਿ **"ਚਾਰ ਮੂਏ ਤੋ ਕਿਆ ਹੂਆ ਜੀਵਤ ਕਈ ਹਜ਼ਾਰ।"** ਸਾਹਿਬਜ਼ਾਦਿਆਂ ਦੀ ਇਸ ਅਦੁੱਤੀ ਸ਼ਹਾਦਤ ਨਾਲ ਸਿੱਖ ਜਗਤ ਵਿਚ ਅਜਿਹੀ ਇਨਕਲਾਬੀ ਜਾਗ੍ਰਿਤੀ ਆਈ ਕਿ ਉਹ ਹੁਣ ਨਿਮਾਣੇ ਅਤੇ ਨਿਤਾਣੇ ਨਾ ਰਹਿ ਕੇ ਅੰਮ੍ਰਿਤ ਦੀ ਦਾਤ ਹਾਸਲ ਕਰਕੇ ਜਬਰ ਤੇ ਜ਼ੁਲਮ ਵਿਰੁੱਧ ਅਜਿਹੇ ਡਟ ਗਏ ਜਿਸ ਨਾਲ ਕੁਝ ਹੀ ਸਾਲਾਂ ਵਿਚ ਮੁਗਲ ਹਕੂਮਤ ਦੇ ਦੇਸ਼ ਭਰ ਵਿਚੋਂ ਪੈਰ ਉਖੜ ਗਏ। ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਦੇਸ਼ ਅਤੇ ਕੌਮ ਲਈ ਫਖਰ ਬਣ ਗਈ। ਸਾਹਿਬਜ਼ਾਦਿਆਂ ਦੀ ਇਸ ਅਦੁੱਤੀ ਸ਼ਹੀਦੀ ਦੇ ਕਾਰਨਾਮੇ ਨੂੰ ਤੱਕ ਕੇ ਕੋਈ ਵੀ ਸ਼ਖਸ ਨਤਮਸਤਕ ਹੋ ਕੇ ਉਹਨਾਂ ਨੂੰ ਪ੍ਰਣਾਮ ਕੀਤੇ ਬਿਨਾਂ ਨਹੀਂ ਰਹਿ ਸਕਦਾ।

ਸਾਹਿਬਜ਼ਾਦਾ ਅਜੀਤ ਸਿੰਘ ਦਾ ਜਨਮ 7 ਜਨਵਰੀ 1687 ਈ: ਨੂੰ ਪਾਉਂਟਾ ਸਾਹਿਬ ਵਿਖੇ ਹੋਇਆ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਦਾ ਜਨਮ 1690 ਈ: ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਇਆ। ਇਹਨਾਂ ਦੋਵਾਂ ਨੇ ਸ਼ਹੀਦੀ 22 ਦਸੰਬਰ 1704 ਈਸਵੀ ਨੂੰ ਚਮਕੌਰ ਸਾਹਿਬ ਦੀ ਗੜ੍ਹੀ ਵਿਚ ਪ੍ਰਾਪਤ ਕੀਤੀ। ਸਾਹਿਬਜ਼ਾਦਾ ਜ਼ੋਰਾਵਰ ਸਿੰਘ ਦਾ ਜਨਮ 1696 ਈ: ਨੂੰ ਤੇ ਸਾਹਿਬਜ਼ਾਦਾ ਫਤਿਹ ਸਿੰਘ ਦਾ ਜਨਮ 1699 ਈ: ਨੂੰ ਅਨੰਦਪੁਰ ਸਾਹਿਬ ਵਿਖੇ ਹੋਇਆ। ਇਹਨਾਂ ਦੋਨਾਂ ਨੂੰ ਨੀਹਾਂ ਵਿਚ ਚਿਣ ਕੇ 27 ਦਸੰਬਰ 1704 ਈਸਵੀ ਨੂੰ ਸਰਹੰਦ ਵਿਖੇ ਸ਼ਹੀਦ ਕੀਤਾ ਗਿਆ। ਦੀਵਾਨ ਟੋਡਰ ਮੱਲ ਨੇ ਮਾਤਾ ਗੁਜਰੀ ਜੀ ਅਤੇ ਦੋਹਾਂ ਸਾਹਿਬਜ਼ਾਦਿਆਂ ਦਾ ਸਤਿਕਾਰ ਸਹਿਤ ਸਸਕਾਰ ਕਰਨ ਲਈ ਨਵਾਬ ਪਾਸੋਂ ਸੋਨੇ ਦੀਆਂ ਮੋਹਰਾਂ ਵਿਛਾ ਕੇ ਜਗ੍ਹਾ ਮੁੱਲ ਲਈ। ਪ੍ਰੋ: ਸਾਹਿਬ ਸਿੰਘ ਅਨੁਸਾਰ ਛੋਟੇ ਸਾਹਿਬਜ਼ਾਦਿਆਂ ਦਾ ਸਸਕਾਰ ਮਹਿਰਾਜ ਨਿਵਾਸੀ ਬਾਬਾ ਫੂਲ ਜੀ ਦੇ ਸਪੁੱਤਰ ਭਾਈ ਤ੍ਰਿਲੋਕਾ ਜੀ ਤੇ ਭਾਈ ਰਾਮਾ ਜੀ ਨੇ ਕੀਤਾ। ਜਿਥੇ ਅੱਜਕੱਲ੍ਹ ਗੁਰਦੁਆਰਾ 'ਜੋਤੀ ਸਰੂਪ' ਸੁਸ਼ੋਭਿਤ ਹੈ।

ਸਿੱਖ ਕੌਮ ਕਿਸੇ ਵਲੋਂ ਕੀਤੇ ਪਰਉਪਕਾਰ ਜਾਂ ਭਲਾਈ ਦਾ ਮੁੱਲ ਵਧ ਚੜ੍ਹ ਕੇ ਮੋੜਦੀ ਆਈ ਹੈ। ਸੋ, ਜੇ ਨਵਾਬ ਸ਼ੇਰ ਮੁਹੰਮਦ ਖਾਂ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਬਚਾਉਣ ਲਈ ਪੂਰੀ ਕੋਸ਼ਿਸ਼ ਕਰਦਿਆਂ ਦਰਬਾਰ ਵਿਚ ਇਸਲਾਮ ਧਰਮ ਅਨੁਸਾਰ ਦਲੀਲਾਂ ਦਿੱਤੀਆਂ, ਆਪਣੀ ਰਾਇ ਪੇਸ਼ ਕੀਤੀ ਤੇ ਰੋਸ ਪ੍ਰਗਟਾਇਆ ਤਾਂ ਸਿੱਖ ਜਗਤ ਨੇ ਵੀ ਹਰ ਸੰਕਟ ਦੀ ਘੜੀ ਵਿਚ ਛਾਤੀ ਤਾਣ ਕੇ ਮਲੇਰਕੋਟਲਾ ਦੇ ਮੁਸਲਮਾਨਾਂ ਦੀ ਸਹਾਇਤਾ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਇਥੋਂ ਤੱਕ ਕਿ ਨਵਾਬ ਦੀ ਪਵਿੱਤਰ ਯਾਦ ਨੂੰ ਸਦੀਵੀ ਕਾਇਮ ਰੱਖਣ ਲਈ **"ਹਾਅ ਦਾ ਨਾਹਰਾ"** ਗੁਰਦੁਆਰਾ ਵੀ ਉਸਾਰ ਦਿੱਤਾ। ਦੂਜੇ ਪਾਸੇ ਸਿੱਖ ਕੌਮ ਨੇ ਬੁਰਾਈ ਅਤੇ ਅਨਿਆਂ ਦੀ ਜੜ੍ਹ ਪੁੱਟਣ ਲਈ ਦੁਸ਼ਮਨ ਨਾਲ ਕਰਾਰੇ ਦੋ ਹੱਥ ਕਰਦਿਆਂ ਹੋਇਆਂ ਸਰਹੰਦ ਵਰਗੇ ਸੁੰਦਰ ਸ਼ਹਿਰ ਨੂੰ ਬਰਬਾਦ ਕਰਕੇ ਇਹ ਦਿਖਾ ਦਿੱਤਾ ਕਿ ਜਬਰ ਅਤੇ ਜ਼ੁਲਮ ਕਰਨ ਵਾਲੇ ਬੰਦੇ ਕਦੇ ਬਖ਼ਸ਼ੇ ਨਹੀਂ ਜਾਣਗੇ। ਸਰਹੰਦ ਨੂੰ 'ਗੁਰੂ ਮਾਰੀ' ਸ਼ਹਿਰ ਕਹਿਣਾ, ਦੀਵਾਨ ਸੁੱਚਾ ਨੰਦ ਨੂੰ 'ਝੂਠਾ ਨੰਦ' ਦਾ ਨਾਮ ਦੇਣਾ ਅਤੇ ਦੀਵਾਨ ਕੌੜਾ ਮੱਲ ਨੂੰ ਦੀਵਾਨ 'ਮਿੱਠਾ ਮੱਲ' ਕਹਿ ਕੇ ਸਤਿਕਾਰਨਾ ਸਿੱਖ ਮਾਨਸਿਕਤਾ ਦੀ ਪ੍ਰਤੱਖ ਉਦਾਹਰਣ ਹੈ।

ਅੱਜ ਸਾਹਿਬਜ਼ਾਦਿਆਂ ਦੀ ਵਾਰਿਸ ਨੌਜੁਆਨ ਪੀੜ੍ਹੀ ਨਸ਼ੇ, ਫੈਸ਼ਨ ਤੇ ਪੱਛਮੀ ਪ੍ਰਭਾਵ ਦੀਆਂ ਕੁਰੀਤੀਆਂ, ਅਨਮਤੀ ਤੇ ਮਨਮਤੀ ਧਰਮਸਤੀਆਂ ਵਿਚ ਡੁੱਬ ਕੇ ਇਸ ਕਦਰ ਮਦਹੋਸ਼ ਹੋ ਰਹੀ ਹੈ ਕਿ ਸੋਚਣ ਲਈ ਮਜਬੂਰ ਹੋਣਾ ਪੈ ਰਿਹਾ ਹੈ ਕੀ ਇਹ ਆਪਣੇ ਸੁਨਹਿਰੀ ਸ਼ਹੀਦੀਆਂ ਭਰੇ ਵਿਰਸੇ, ਗੁਰਮਤਿ ਸਿਧਾਂਤਾਂ ਤੇ ਦਸਮ ਪਿਤਾ ਜੀ ਦੇ ਪਾਵਨ ਹੁਕਮਾਂ ਦੀ ਪਾਲਨਾ ਕਰਕੇ ਇਸ ਦੀ ਸਾਂਭ ਸੰਭਾਲ ਵੀ ਕਰ ਸਕੇਗੀ ਜਾਂ ਫਿਰ ਇਹ ਸਭ ਕੁਝ ਸਿੱਖ ਇਤਿਹਾਸ ਦੇ ਪੰਨਿਆਂ ਦਾ ਸ਼ਿੰਗਾਰ ਹੀ ਬਣ ਕੇ ਰਹਿ ਜਾਵੇਗਾ? ਸਮੇਂ ਦੀ ਵੰਗਾਰ ਹੈ ਸਿੱਖ ਜਵਾਨੀ ਨੂੰ ਸੋਚੀ ਸਮਝੀ ਵਿਉਂਤ ਅਨੁਸਾਰ ਮਾਨਸਿਕ ਤੌਰ ਤੇ ਅਪਾਹਜ ਹੋਣ ਤੋਂ ਬਚਾਉਣ ਲਈ ਤੇ ਸਿੱਖ ਇਨਕਲਾਬ ਦੇ ਪੁਨਰ ਆਗਾਜ਼ ਲਈ ਖੁਦ ਗੁਰਸਿੱਖ ਨੌਜੁਆਨਾਂ ਨੂੰ ਅੱਗੇ ਆਉਣਾ ਪਵੇਗਾ। ਪੰਥ ਦਰਦੀਆਂ ਤੇ ਪ੍ਰੋਢ ਗੁਰਸਿੱਖਾਂ ਨੂੰ ਇਹਨਾਂ ਦੀ ਪੂਰੀ ਰਹਿਨੁਮਾਈ ਕਰਨੀ ਹੋਵੇਗੀ। ਦਸਮ ਪਿਤਾ ਜੀ ਨੇ ਅੰਮ੍ਰਿਤ ਦੀ ਦਾਤ ਬਖਸ਼ ਕੇ ਵਿਸ਼ਵ ਭਰ ਦੇ ਧਰਮ-ਚੇਤੰਨ ਖੇਤਰ ਵਿਚ ਪਹਿਲੀ ਵਾਰ 'ਪੰਚ-ਪ੍ਰਧਾਨੀ' ਸਿਧਾਂਤ ਦੇ ਰਾਹੀਂ ਸਮੂਹ ਧਾਰਮਿਕ ਸ਼ਕਤੀਆਂ ਗੁਰੂ ਗ੍ਰੰਥ ਤੇ ਗੁਰੂ ਪੰਥ ਨੂੰ ਪ੍ਰਦਾਨ ਕੀਤੀਆਂ। **ਸੋ ਅੱਜ ਲੋੜ ਹੈ ਧਰਮ ਦਾ ਸੁਆਰਥੀਕਰਨ ਕਰਨ ਤੋਂ ਗੁਰੇਜ਼ ਕਰਕੇ ਪੰਥ ਖਾਲਸੇ ਨੂੰ ਬਖ਼ਸ਼ੇ ਗੁਰਮਤਿ ਸਿਧਾਂਤਾਂ, ਰੂਹਾਨੀ ਤੇ ਇਖਲਾਕੀ ਅਮੀਰੀ ਨੂੰ ਅਮਲੀ ਜਾਮਾ ਪਹਿਨਾਉਣ ਦੀ।** ਆਓ, ਅਸੀਂ ਆਪਣੇ ਅੰਦਰ ਝਾਤੀ ਮਾਰ ਕੇ ਦੇਖੀਏ ਕਿ ਕੀ ਅਸੀਂ ਸਾਹਿਬਜ਼ਾਦਿਆਂ ਦੇ ਛੋਟੇ ਵੀਰ—ਭੈਣ ਅਖਵਾਉਣ ਦੇ ਅਧਿਕਾਰੀ ਹਾਂ? ਕੀ ਸਾਡੀਆਂ ਸ਼ਕਲਾਂ-ਸੂਰਤਾਂ, ਸਾਡੇ ਅਮਲ, ਸਾਡੇ ਸਿਧਾਂਤ ਆਪਣੇ ਚਾਰੇ ਵੱਡੇ ਵੀਰਾਂ ਦੇ ਜੀਵਨ ਨਾਲ ਮੇਲ ਖਾਂਦੇ ਹਨ? ਜੇ ਨਹੀਂ, ਤਾਂ ਅਜੇ ਵੀ ਕੁਝ ਨਹੀਂ ਵਿਗੜਿਆ। ਆਓ, ਗੁਰੂ ਪਿਤਾ ਦੇ ਉਪਦੇਸ਼ਾਂ ਨੂੰ ਹਿਰਦੇ ਵਿਚ ਵਸਾ ਕੇ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਗੁਰਮਤਿ ਅਨੁਸਾਰ ਨਿਜੀ ਤੇ ਪੰਥਕ ਜੀਵਨ ਜਿਊਣਾ ਆਰੰਭ ਕਰੀਏ ਤਦ ਹੀ ਅਸੀਂ ਗੁਰੂ ਤੇ ਪ੍ਰਭੂ ਦੀਆਂ ਨਜ਼ਰਾਂ ਵਿਚ ਪ੍ਰਵਾਨ ਚੜ੍ਹ ਕੇ ਆਪਣਾ ਜੀਵਨ ਸਫ਼ਲ ਕਰ ਸਕਦੇ ਹਾਂ। ●

(ਵਿਚਾਰਧਾਰਾ)

ਚਿੰਤਾ ਰੋਗ ਦਾ ਅਧਿਆਤਮਿਕ ਉਪਚਾਰ

ਸ੍ਰੀ ਗੁਰੂ ਗ੍ਰੰਥ ਸਾਹਿਬ

ਬੀਬੀ ਸਪਨਦੀਪ ਕੌਰ*

ਚਿੰਤਾ ਰੋਗ ਮਨੁੱਖ ਦੇ ਨਾਲ ਮੁੱਢ ਤੋਂ ਹੀ ਚਲਿਆ ਆ ਰਿਹਾ ਹੈ, ਪਰ ਅੱਜ ਦੇ ਮਸ਼ੀਨੀ ਯੁੱਗ ਵਿਚ ਇਹ ਸਮੱਸਿਆ ਬਹੁਤ ਹੀ ਗੰਭੀਰ ਰੂਪ ਧਾਰਨ ਕਰਦੀ ਜਾ ਰਹੀ ਹੈ। ਗੁਰੂ ਨਾਨਕ ਦੇਵ ਜੀ ਨੇ ਅੱਜ ਤੋਂ ਕਰੀਬ 500 ਸਾਲ ਪਹਿਲਾਂ ਹੀ ਇਸ ਆਧੁਨਿਕ ਸਮਾਜ ਵਿਚ ਵਧਦੀ ਜਾ ਰਹੀ ਸਮੱਸਿਆ ਬਾਰੇ ਜਾਣ ਲਿਆ ਸੀ, ਉਹਨਾਂ ਅਨੁਸਾਰ :

ਨਾਨਕ ਦੁਖੀਆ ਸਭੁ ਸੰਸਾਰੁ ॥ *(੯੫੪)*

'ਗੁਰੂ ਗ੍ਰੰਥ ਸਾਹਿਬ' ਇਕ ਅਜਿਹਾ ਪਵਿੱਤਰ ਗ੍ਰੰਥ ਹੈ, ਜੋ ਹਰ ਉਮਰ, ਹਰ ਵਰਗ ਦੇ ਲੋਕਾਂ ਨੂੰ ਇਸ ਰੋਗ ਤੋਂ ਉਭਾਰਨ ਦੀ ਸਮਰੱਥਾ ਰੱਖਦਾ ਹੈ। ਇਸ ਵਿਚ ਦਰਜ ਗੁਰਬਾਣੀ ਗੁਰੂ ਸਾਹਿਬਾਨ ਦੇ ਅਧਿਆਤਮਕ ਅਨੁਭਵਾਂ 'ਤੇ ਆਧਾਰਿਤ ਹੈ, ਜੋ ਹਰ ਮਨੁੱਖ ਦੀਆਂ ਸਮੱਸਿਆਵਾਂ ਨੂੰ ਦੂਰ ਕਰਕੇ ਉਸ ਨੂੰ ਤਰੋਤਾਜ਼ਾ ਕਰਨ ਦੀ ਸ਼ਕਤੀ ਰੱਖਦੀ ਹੈ।

ਇਸ ਚਿੰਤਾ ਦਾ ਕਾਰਣ ਔਗਣਾਂ ਭਰੀ ਵਿਵਸਥਾ ਹੈ। ਪਰਮਾਤਮਾ ਨੇ ਹਰੇਕ ਮਨੁੱਖ ਨੂੰ ਸੋਚਣ-ਸਮਝਣ ਦੀ ਤਾਕਤ ਦਿੱਤੀ ਹੈ ਅਤੇ ਇਹੀ ਗੱਲ ਮਨੁੱਖਤਾ ਨੂੰ ਦੂਸਰੇ ਜਾਨਵਰਾਂ ਤੋਂ ਅਲੱਗ ਕਰਦੀ ਹੈ ਪਰ ਇਹ ਬਹੁਤ ਵੱਡੀ ਤ੍ਰਾਸਦੀ ਹੈ ਕਿ ਅਜੋਕਾ ਮਨੁੱਖ ਇਹ ਭੁੱਲ ਗਿਆ ਹੈ ਕਿ :

ਮਾਨਸ ਜਨਮੁ ਅਮੋਲਕੁ ਪਾਇਓ
ਬਿਰਥਾ ਕਾਹਿ ਗਵਾਵਉ ॥ *(੨੧੯)*

ਅਗਿਆਨਤਾ ਵੱਸ ਮਨੁੱਖ ਸੰਸਾਰਿਕ ਵਸਤੂਆਂ ਦੇ ਮੋਹ ਵਿਚ ਫਸ ਕੇ (ਜੋ ਕਿ ਛਲਾਵਾ ਹਨ) ਇਸ ਗੱਲ ਨੂੰ ਵੀ ਚੇਤੇ ਨਹੀਂ ਰੱਖਦਾ ਕਿ ਉਹ (ਮਨੁੱਖ) ਉਸ ਪਰਮਾਤਮਾ ਦਾ ਹੀ ਇਕ ਹਿੱਸਾ ਹੈ ਅਤੇ ਉਸ ਨੇ ਅੰਤ ਵਿਚ ਉਸ ਪਰਮਾਤਮਾ ਵਿਚ ਹੀ ਲੀਨ ਹੋ ਜਾਣਾ ਹੈ। ਗੁਰਬਾਣੀ ਉਸ ਨੂੰ ਸੁਚੇਤ ਕਰਦੀ ਹੈ :

ਮਨ ਤੂੰ ਜੋਤਿ ਸਰੂਪੁ ਹੈ
ਆਪਣਾ ਮੂਲੁ ਪਛਾਣੁ ॥ *(੪੪੧)*

ਅਜੋਕਾ ਮਨੁੱਖ ਪਰਮਾਤਮਾ ਦੁਆਰਾ ਬਖ਼ਸ਼ੀ ਜ਼ਿੰਦਗੀ ਨੂੰ ਖੁਸ਼ੀ ਅਤੇ ਚਿੰਤਾਮੁਕਤ ਢੰਗ ਨਾਲ ਜਿਉਣ ਦੀ ਬਜਾਏ ਆਪਣੇ ਦੁਆਰਾ ਖੁਦ ਨਰਕ ਬਣਾਈ ਜ਼ਿੰਦਗੀ ਵਿਚ ਕੈਦੀ ਹੀ ਬਣਦਾ ਜਾ ਰਿਹਾ ਹੈ। ਆਧੁਨਿਕ ਸਮਾਜ ਵਿਚ ਇਸ ਰੋਗ ਦਾ ਮੁੱਢਲਾ ਕਾਰਣ ਮਨੁੱਖ ਦੀਆਂ ਸੁਖ-ਸੁਵਿਧਾਵਾਂ ਹਨ। ਹਰ ਮਨੁੱਖ ਦੂਜੇ ਮਨੁੱਖ ਤੋਂ ਅੱਗੇ ਨਿਕਲਣਾ ਚਾਹੁੰਦਾ ਹੈ। ਉਸਦੀ ਇਹੀ ਤਾਂਘ ਉਸ ਨੂੰ ਨਿਰਾਸਤਾ ਦੇ ਰਾਹ ਤੋਰ ਰਹੀ ਹੈ। ਮਨੁੱਖ ਉਹਨਾਂ ਸੰਸਾਰੀ ਪਦਾਰਥਾਂ ਲਈ ਦੁਖੀ ਤੇ ਚਿੰਤਤ ਰਹਿੰਦਾ ਹੈ, ਜਿਨ੍ਹਾਂ ਦੀ ਕੋਈ ਸਥਿਰ ਹੋਂਦ ਨਹੀਂ ਹੈ। ਉਹ ਅਗਿਆਨਤਾ-ਵੱਸ ਇਹਨਾਂ ਨਾਸ਼ਵਾਨ ਵਸਤੂਆਂ ਨੂੰ ਪ੍ਰਾਪਤ ਕਰਨਾ ਚਾਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿਹਾ ਗਿਆ ਹੈ ਕਿ :

ਵਡੇ ਵਡੇ ਜੋ ਦੀਸਹਿ ਲੋਗ ॥
ਤਿਨ ਕਉ ਬਿਆਪੈ ਚਿੰਤਾ ਰੋਗ ॥ ੧ ॥

ਕਉਨ ਵਡਾ ਮਾਇਆ ਵਡਿਆਈ ॥
ਸੋ ਵਡਾ ਜਿਨਿ ਰਾਮ ਲਿਵ ਲਾਈ ॥ ੧ ॥ ਰਹਾਉ ॥
(੧੮੮)

ਇਹ ਸਾਰਾ ਵਰਤਾਰਾ ਚਿੰਤਾ, ਨਿਰਾਸ਼ਤਾ, ਦੁੱਖਾਂ ਅਤੇ ਅਸਫਲਤਾਵਾਂ ਨੂੰ ਜਨਮ ਦੇ ਰਿਹਾ ਹੈ। ਮਨੁੱਖਤਾ ਅਤੇ ਭਾਈਚਾਰਾ ਕਿਤੇ ਵੀ ਦੇਖਣ ਨੂੰ ਨਹੀਂ ਮਿਲ ਰਿਹਾ। ਮਨੁੱਖ ਇਹਨਾਂ ਸਮੱਸਿਆਵਾਂ ਦਾ ਹੱਲ ਨਸ਼ੀਲੀਆਂ ਦਵਾਈਆਂ ਅਤੇ ਸ਼ਰਾਬ ਵਿਚੋਂ ਲੱਭ ਰਿਹਾ ਹੈ। ਇਹ ਵਸਤੂਆਂ ਮਨੁੱਖ ਨੂੰ ਹੋਰ ਵੀ ਜ਼ਿਆਦਾ ਕਮਜ਼ੋਰ ਅਤੇ ਅਸੁਰੱਖਿਅਤ ਬਣਾ ਰਹੀਆਂ ਹਨ। ਇਸ ਸਭ ਦਾ ਨਤੀਜਾ ਇਹ ਹੈ ਕਿ ਅੱਜਕੱਲ੍ਹ ਮਨੋਵਿਗਿਆਨੀਆਂ, ਦਿਮਾਗ਼ੀ ਬੀਮਾਰੀਆਂ ਦੇ ਮਾਹਿਰਾਂ ਅਤੇ ਨਸ਼ਾ-ਛੁਡਾਊ ਕੇਂਦਰਾਂ ਕੋਲ ਮਰੀਜ਼ਾਂ ਦੀ ਗਿਣਤੀ ਵਧਦੀ ਜਾ ਰਹੀ ਹੈ। ਇਹ ਖਿਚਾਅ ਹੀ ਵਿਅਕਤੀਗਤ ਅਤੇ ਸਮਾਜਿਕ ਬੁਰਾਈਆਂ ਜਿਵੇਂ ਕਿ ਹਿੰਸਾ, ਹੱਤਿਆ, ਆਤਮ-ਹੱਤਿਆ, ਨਸ਼ੀਲੇ ਪਦਾਰਥਾਂ ਦੇ ਸੇਵਨ ਆਦਿ ਨੂੰ ਜਨਮ ਦੇ ਰਿਹਾ ਹੈ।

ਵਿਗਿਆਨ ਦੀ ਪ੍ਰਗਤੀ ਨਾਲ ਮਨੁੱਖ ਦੀ ਵਰਤੋਂ ਲਈ ਬਹੁਤ ਸੁਖ-ਸੁਵਿਧਾਵਾਂ ਹੋਂਦ ਵਿਚ ਆਈਆਂ ਹਨ। ਅਰਬਾਂ-ਖਰਬਾਂ ਡਾਲਰ ਘਾਤਕ ਬੀਮਾਰੀਆਂ ਦੇ ਇਲਾਜ ਨਾਲ ਸੰਬੰਧਿਤ ਖੋਜਾਂ ਅਤੇ ਮਨੁੱਖੀ ਉਮਰ ਵਿਚ ਵਾਧਾ ਕਰਨ ਲਈ ਖਰਚੇ ਜਾਂਦੇ ਹਨ, ਪਰ ਇਸ ਸਭ ਦਾ ਨਤੀਜਾ ਕੀ ਹੈ ?ਆਧੁਨਿਕ ਸਮਾਜ ਵਿਚ ਬਹੁਗਿਣਤੀ ਲੋਕ ਰਾਤ ਨੂੰ ਨੀਂਦ ਦੀ ਗੋਲੀ ਖਾ ਕੇ ਸੌਂਦੇ ਹਨ। ਇਹ ਸਭ ਇਸ ਲਈ ਹੈ ਕਿਉਂਕਿ ਮਨੁੱਖ ਇਸ ਗੱਲ ਤੋਂ ਅੰਞਾਣ ਹੈ ਕਿ ਉਹ ਇਸ ਧਰਤੀ ਤੇ ਸਿਰਫ਼ ਇਕ ਯਾਤਰੀ (ਪਾਂਧੀ) ਹੈ ਅਤੇ ਅੰਤ ਵਿਚ ਉਸ ਨੇ ਆਪਣੇ ਘਰ (ਨਿੱਜ ਘਰ) ਵਾਪਸ ਜਾਣਾ ਹੈ। ਉਹ ਭੁੱਲ ਗਿਆ ਹੈ ਕਿ ਕਰਤਾ ਪੁਰਖ (ਪਰਮਾਤਮਾ) ਇਸ ਸੰਸਾਰ ਦਾ ਰਚੈਤਾ, ਸੰਚਾਲਕ ਅਤੇ ਵਿਨਾਸ਼ਕ ਹੈ। ਹਰ ਚੀਜ਼ ਉਸਦੇ ਹੁਕਮ ਅਨੁਸਾਰ ਹੀ ਵਾਪਰਦੀ ਹੈ :

ਹੁਕਮੈ ਅੰਦਰਿ ਸਭੁ ਕੋ
ਬਾਹਰਿ ਹੁਕਮ ਨ ਕੋਇ ॥
ਨਾਨਕ ਹੁਕਮੈ ਜੇ ਬੁਝੈ
ਤ ਹਉਮੈ ਕਹੈ ਨ ਕੋਇ ॥

(ਜਪੁ ਜੀ, ਪਉੜੀ ੨)

---

*ਰਿਸਰਚ ਸਕਾਲਰ, ਫਿਲਾਸਫ਼ੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਮਨੁੱਖ ਹਮੇਸ਼ਾ ਮੈਂ, ਮੇਰਾ, ਮੈਨੂੰ ਦੀ ਹੀ ਗੱਲ ਕਰਦਾ ਹੈ। ਉਹ ਹੰਕਾਰ ਵਿਚ ਆ ਕੇ ਸੋਚਦਾ ਹੈ ਕਿ ਇਹ ਸੰਸਾਰਕ ਪਦਾਰਥ ਉਸ ਨਾਲ ਸੰਬੰਧਤ ਹਨ ਅਤੇ ਉਹ ਇਹਨਾਂ ਦਾ ਰਚੈਤਾ ਹੈ। ਮਨੁੱਖ ਦੀ ਇਹ ਝੂਠੀ ਹਉਮੈ ਹੀ ਉਸ ਨੂੰ ਨਿਰਾਸਤਾ (FRUSTRATION) ਅਤੇ ਮਾਨਸਿਕ ਪ੍ਰੇਸ਼ਾਨੀ (DEPRESSION) ਦਾ ਸ਼ਿਕਾਰ ਬਣਾ ਰਹੀ ਹੈ। ਇਸ ਹਉਮੈ ਦਾ ਤਿਆਗ ਹੀ ਸਾਨੂੰ ਇਸ ਗੰਭੀਰ ਰੋਗ ਤੋਂ ਬਚਾ ਸਕਦਾ ਹੈ। ਜੋ ਮਨੁੱਖ ਨੀਵਾਂ ਹੋ ਕੇ ਪ੍ਰਭੂ ਦੀ ਰਜ਼ਾ ਅਨੁਸਾਰ ਜੀਵਨ ਬਤੀਤ ਕਰਦਾ ਹੈ, ਦੁਖ ਤਕਲੀਫ਼ਾਂ ਉਸ ਦੇ ਨੇੜੇ ਨਹੀਂ ਆਉਂਦੀਆਂ :

ਹਰਿ ਕੈ ਭਾਣੈ ਜਨੁ ਸੇਵਾ ਕਰੈ
ਬੂਝੈ ਸਚੁ ਸੋਈ॥
ਹਰਿ ਕੈ ਭਾਣੈ ਸਾਲਾਹੀਐ
ਭਾਣੈ ਮੰਨਿਐ ਸੁਖੁ ਹੋਈ॥ *(੩੬੫)*

ਹਉਮੈ ਦਾ ਸ਼ਿਕਾਰ ਮਨੁੱਖ, ਪਰਮਾਤਮਾ ਅਤੇ ਦੂਸਰਿਆਂ ਪ੍ਰਤੀ ਆਪਣੇ ਫ਼ਰਜ਼ਾਂ ਨੂੰ ਭੁੱਲਦਾ ਜਾ ਰਿਹਾ ਹੈ। ਉਹ ਸਿਰਫ਼ ਆਪਣੇ ਸਵਾਰਥਾਂ ਦੀ ਪੂਰਤੀ ਕਰਨਾ ਚਾਹੁੰਦਾ ਹੈ। ਜ਼ਰਾ ਸੋਚੋ, ਅਜਿਹੀ ਜ਼ਿੰਦਗੀ ਸਾਨੂੰ ਕਿਥੋਂ ਤੱਕ ਮਾਨਸਿਕ ਤੇ ਸਰੀਰਕ ਖੁਸ਼ੀ ਪ੍ਰਦਾਨ ਕਰ ਸਕੇਗੀ, ਜਿਸ ਵਿਚ ਕਿਸੇ ਦੂਸਰੇ ਮਨੁੱਖ ਦੇ ਦੁੱਖ-ਦਰਦ ਵੰਡਾਉਣ ਦਾ ਵੀ ਸਮਾਂ ਸਾਡੇ ਕੋਲ ਨਹੀਂ ਹੈ। ਬਾਬਾ ਫਰੀਦ ਜੀ ਨੇ ਗੁਰਬਾਣੀ ਵਿਚ ਕਿਹਾ ਹੈ :

ਫਰੀਦਾ ਬੁਰੇ ਦਾ ਭਲਾ ਕਰਿ
ਗੁਸਾ ਮਨਿ ਨ ਹਢਾਇ॥
ਦੇਹੀ ਰੋਗੁ ਨ ਲਗਈ
ਪਲੈ ਸਭੁ ਕਿਛੁ ਪਾਇ॥ ੭੮॥
(੧੩੮੧-੮੨)

ਆਧੁਨਿਕ ਯੁੱਗ ਵਿਚ ਜੋ ਸਮੱਸਿਆਵਾਂ ਮਨੁੱਖਤਾ ਦੇ ਸਾਹਮਣੇ ਆ ਰਹੀਆਂ ਹਨ, ਉਹਨਾਂ ਨੂੰ ਗੁਰੂ ਸਾਹਿਬਾਨ ਨੇ ਪਹਿਲਾਂ ਹੀ ਜਾਣ ਲਿਆ ਸੀ। ਮਨੁੱਖ ਦੀ ਹਰ ਸਮੱਸਿਆ ਜਿਵੇਂ ਕਿ : ਚਿੰਤਾ, ਦੁਬਿਧਾ, ਨਿਰਾਸਤਾ, ਅਸਫਲਤਾ, ਡਰ, ਹਉਮੈ ਆਦਿ ਦਾ ਹੱਲ ਗੁਰਬਾਣੀ ਵਿਚ ਦਰਜ ਹੈ। ਬੱਸ, ਜੇਕਰ ਲੋੜ ਹੈ ਤਾਂ ਉਹ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵਿਧੀਵਤ ਤਰੀਕੇ ਨਾਲ ਅਧਿਐਨ ਕਰਨ ਦੀ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਉਹ ਇਲਾਹੀ ਕ੍ਰਿਸ਼ਮਾ ਹੈ ਜੋ ਮਨੁੱਖ ਨੂੰ ਹਰ ਮੁਸ਼ਕਿਲ ਵਿਚੋਂ ਉਭਾਰ ਕੇ ਉਸ ਨੂੰ ਨੇਕ ਰਾਹ ਤੇ ਚੱਲਣ ਲਈ ਪ੍ਰੇਰਦੀ ਹੈ। ਗੁਰੂ ਗ੍ਰੰਥ ਸਾਹਿਬ ਨਿਰਾਸਤਾ ਦੇ ਹਨ੍ਹੇਰੇ ਵਿਚ ਘਿਰੇ ਮਨੁੱਖ ਲਈ ਰੌਸ਼ਨੀ ਦੀ ਕਿਰਨ ਹੈ, ਜੋ ਉਸ ਦੇ ਸਭ ਦੁੱਖ-ਦਰਦ ਦੂਰ ਕਰਨ ਦੇ ਸਮਰੱਥ ਹੈ। ਗੁਰਬਾਣੀ ਵਿਚ ਪ੍ਰਭੂ ਦੇ ਨਾਮ, ਉਸ ਦੀ ਸਿਫ਼ਤ-ਸਲਾਹ ਅਰਥਾਤ ਉਸ ਦੀ ਕੀਰਤੀ ਕਰਨ ਨੂੰ ਹੀ ਚਿੰਤਾ ਦੂਰ ਕਰਨ ਵਿਚ ਅਸਲ ਸਹਾਇਕ ਮੰਨਿਆ ਗਿਆ ਹੈ :

ਮੈ ਅੰਧੁਲੇ ਕੀ ਟੇਕ
ਤੇਰਾ ਨਾਮੁ ਖੁੰਦਕਾਰਾ॥
ਮੈ ਗਰੀਬ ਮੈ ਮਸਕੀਨ
ਤੇਰਾ ਨਾਮੁ ਹੈ ਅਧਾਰਾ॥ ੧॥ *(੭੨੭)*

ਚਿੰਤਾ-ਮੁਕਤ ਰਹਿਣ ਲਈ ਜ਼ਰੂਰੀ ਹੈ—ਸਾਦਾ ਜੀਵਨ, ਜੋ ਕਿ ਆਪਣੀ ਸਮਰੱਥਾ ਮੁਤਾਬਕ ਬਤੀਤ ਕੀਤਾ ਜਾਵੇ। ਚਿੰਤਾ-ਰੋਗ ਤੋਂ ਮੁਕਤੀ ਪ੍ਰਾਪਤ ਕਰਨ ਲਈ ਗੁਰਬਾਣੀ ਦਾ ਪਾਠ, ਕੀਰਤਨ, ਅਰਦਾਸ ਅਤੇ ਕਿਰਤ ਕਰਨਾ, ਨਾਮ ਜਪਣਾ, ਵੰਡ ਕੇ ਛਕਣਾ ਸਹਾਈ ਸਾਬਿਤ ਹੋ ਸਕਦੇ ਹਨ। ਇਸ ਸਾਰੀ ਵਿਚਾਰ ਦੀ ਸੂਝ ਗੁਰੂ ਤੋਂ ਅਰਥਾਤ ਗੁਰਬਾਣੀ ਤੋਂ ਪ੍ਰਾਪਤ ਹੁੰਦੀ ਹੈ। ਗੁਰੂ ਗ੍ਰੰਥ ਸਾਹਿਬ ਜੀ ਦੇ ਫੁਰਮਾਨ ਹਨ :

ਧੁਰ ਕੀ ਬਾਣੀ ਆਈ॥
ਤਿਨਿ ਸਗਲੀ ਚਿੰਤ ਮਿਟਾਈ॥ *(੬੨੮)*

ਦੂਖ ਰੋਗ ਸੰਤਾਪ ਉਤਰੇ
ਸੁਣੀ ਸਚੀ ਬਾਣੀ॥
ਸੰਤ ਸਾਜਨ ਭਏ ਸਰਸੇ
ਪੂਰੇ ਗੁਰ ਤੇ ਜਾਣੀ॥ *(੯੨੨)*
ਗੁਰ ਕੀ ਬਾਣੀ ਜਿਸੁ ਮਨਿ ਵਸੈ॥
ਦੂਖੁ ਦਰਦੁ ਸਭੁ ਤਾ ਕਾ ਨਸੈ॥
(੧੩੪੦)

ਗੁਰਬਾਣੀ ਤੋਂ ਹੀ ਸਾਨੂੰ ਇਹ ਪਤਾ ਲਗਦਾ ਹੈ :

ਜਿਸੁ ਪ੍ਰਭੁ ਰਾਖੈ ਤਿਸੁ ਨਾਹੀ ਦੂਖ॥
ਨਾਮੁ ਜਪਤ ਮਨਿ ਹੋਵਤ ਸੂਖ॥
ਚਿੰਤਾ ਜਾਇ ਮਿਟੈ ਅਹੰਕਾਰੁ॥
ਤਿਸੁ ਜਨ ਕਉ ਕੋਇ ਨ ਪਹੁਚਨਹਾਰੁ॥
(੨੬੩)

ਮਾਪੇ ਧਿਆਨ ਦੇਣ

ਮਾਪਿਆਂ ਨੂੰ ਚਾਹੀਦਾ ਹੈ ਕਿ ਅੱਠ-ਦਸ ਸਾਲ ਦੀ ਉਮਰ ਵਿਚ ਹੀ ਬੱਚੇ ਨੂੰ ਕੇਸ ਸੰਭਾਲਣ ਅਤੇ ਜੂੜਾ ਕਰਨਾ ਸਿਖਾ ਦੇਣ ਅਤੇ ਸਿੱਖੀ-ਸਿਦਕ ਕੇਸਾਂ-ਸੁਆਸਾਂ ਨਾਲ ਨਿਭਾਉਣ ਵਾਲੇ ਸ਼ਹੀਦ ਸਿੰਘਾਂ ਦੀਆਂ ਸਾਖੀਆਂ ਸੁਣਾਉਂਦੇ ਰਿਹਾ ਕਰਨ, ਤਾਂ ਜੋ ਉਨ੍ਹਾਂ ਦੇ ਮਨਾਂ ਵਿਚ ਸਿੱਖੀ ਅਤੇ ਕੇਸਾਂ ਬਾਰੇ ਸ਼ਰਧਾ ਤੇ ਸਤਿਕਾਰ ਵਧੇ।

ਕੇਸਾਂ ਨੂੰ ਸਾਫ਼ ਰੱਖਣ ਅਤੇ ਵਕਤ ਸਿਰ ਕੰਘਾ ਕਰਨ ਨਾਲ ਇਨ੍ਹਾਂ ਵਿਚ ਕਦੀ ਇਕਰੂਪਤਾ ਨਹੀਂ ਆ ਸਕਦੀ ਅਤੇ ਨਾ ਹੀ ਇਨ੍ਹਾਂ ਤੋਂ ਕਿਸੇ ਨੂੰ ਕਦੀ ਘ੍ਰਿਣਾ ਹੋ ਸਕਦੀ ਹੈ। ਜੋ ਲੋਕ ਮਹੀਨਾ-ਮਹੀਨਾ ਕੇਸੀ ਇਸ਼ਨਾਨ ਅਤੇ ਹਫ਼ਤਾ-ਹਫ਼ਤਾ ਕੰਘਾ ਨਹੀਂ ਕਰਦੇ, ਜਿਨ੍ਹਾਂ ਦੇ ਮੋਢਿਆਂ 'ਤੇ ਹਰ ਵੇਲੇ ਖੁਸ਼ਕ ਤੇ ਮੈਲੇ ਕੇਸਾਂ ਦੀਆਂ ਲਟਾਂ ਲਮਕਦੀਆਂ ਰਹਿੰਦੀਆਂ ਹਨ, ਉਹ ਕੇਸਾਂ ਬਾਰੇ ਘ੍ਰਿਣਾ ਫੈਲਾਉਣ ਲਈ ਜ਼ਿੰਮੇਵਾਰ ਹਨ। ਇਹ ਕਸੂਰ ਕੇਸਾਂ ਦਾ ਨਹੀਂ, ਉਨ੍ਹਾਂ ਲੋਕਾਂ ਦਾ ਆਪਣਾ ਹੈ।

—ਰੇਣੁਕਾ ਸਰਬਜੀਤ ਸਿੰਘ

ਸਿਦਕ ਦਾ ਭਰ ਵਗਦਾ ਦਰਿਆ : ਮਾਤਾ ਗੁਜਰੀ ਜੀ

ਜਗਜੀਵਨ ਸਿੰਘ (ਡਾ:)

ਸਿੱਖ ਇਤਿਹਾਸ ਦਾ ਗੌਰਵ ਅਤੇ ਕੀਮਤੀ ਹਿੱਸਾ ਬਣੇ ਅਨੇਕਾਂ ਲਿਸ਼ਕਾਰੇ ਵਾਲੇ ਵਿਅਕਤਿੱਤਵਾਂ, ਲਾਸਾਨੀ ਘਟਨਾਕ੍ਰਮਾਂ ਅਤੇ ਸਿੱਖ ਯਾਦ ਵਿਚ ਡੂੰਘੇ ਉੱਕਰੇ ਮਿਸਾਲੀ ਦ੍ਰਿਸ਼ਾਂ ਵਿਚੋਂ ਇਕ ਅਜ਼ੀਮ, ਬਲਕਾਰੀ ਵਿਅਕਤਿੱਤਵ ਅਤੇ ਦ੍ਰਿਸ਼ ਸਰਹਿੰਦ ਦੇ ਠੰਢੇ ਬੁਰਜ ਵਿਚ ਆਪਣੇ ਦੋ ਚਮਕਦਾਰ ਪੋਤਰਿਆਂ ਸੰਗ ਅਡੋਲ ਬੈਠੀ ਮਾਂ ਗੁਜਰੀ ਦਾ ਹੈ।

ਅੱਜ ਜੇਕਰ ਸਿੱਖੀ ਦੇ ਡੂੰਘੀਆਂ ਜੜ੍ਹਾਂ ਵਾਲੇ ਲਹਿਲਹਾਉਂਦੇ ਸਰਸਬਜ਼ ਬੂਟੇ 'ਤੇ ਪਿਲੱਤਣ, ਪੱਤਝੜ ਅਤੇ ਮੁਰਝਾਹਟ ਛਾਈ ਹੈ ਤਾਂ ਹੋਰ ਕਈ ਕਾਰਨਾਂ ਤੋਂ ਇਲਾਵਾ ਇਸ ਦਾ ਠੋਸ ਕਾਰਨ ਇਹ ਹੈ ਕਿ ਸ਼ਾਨਾਮੱਤੇ ਸਿੱਖ ਵਿਰਸੇ ਨਾਲ ਸੰਬੰਧਤ ਮਹਾਨ ਵਿਅਕਤਿੱਤਵ, ਬਲਕਾਰੀ ਘਟਨਾਕ੍ਰਮ ਅਤੇ ਅਜ਼ੀਮ ਦ੍ਰਿਸ਼ ਜੋ ਕਿਸੇ ਸਮੇਂ ਸਿੱਖ ਯਾਦ ਦਾ ਸਹਿਜ ਅੰਗ ਬਣੇ ਹੋਏ ਸਨ, ਅੱਜ ਸਿੱਖ ਸਿਮਰਤੀ ਵਿਚੋਂ ਨਾ ਕੇਵਲ ਖੁਰਦੇ ਅਤੇ ਭੁਰਦੇ ਜਾ ਰਹੇ ਹਨ ਸਗੋਂ ਮਿਟਦੇ ਵੀ ਜਾ ਰਹੇ ਹਨ। ਸਿੱਖ ਯਾਦ ਵਿਚ ਇਨ੍ਹਾਂ ਦਾ ਧੁੰਦਲੇ ਪੈ ਜਾਣਾ ਅਤੇ ਮਿਟਣਾ ਇਕ ਦੁਖਦਾਈ ਤੇ ਨਾਂਹ-ਪੱਖੀ ਵਰਤਾਰਾ ਹੈ ਜਿਸ ਨੂੰ ਰੋਕੇ ਜਾਣ ਦੀ ਲੋੜ ਹੈ। ਇਨ੍ਹਾਂ ਇਤਿਹਾਸਕ ਦ੍ਰਿਸ਼ਾਂ ਵਿਚਲੀ ਰੂਹਾਨੀ ਥਰਥਰਾਹਟ ਅਤੇ ਹਰੀਕਚੂਰ ਪਹਿਲ-ਤਾਜ਼ਗੀ ਨੂੰ ਬੇਪਨਾਹ ਮੁਹੱਬਤ ਅਤੇ ਸ਼ਿੱਦਤ ਨਾਲ ਮਹਿਸੂਸ ਕੀਤੇ ਬਿਨਾਂ ਮਨ ਵਿਚ ਵਸਾਏ, ਸੀਨੇ ਨਾਲ ਲਾਏ ਅਤੇ ਸਿਮਰਤੀ ਅੰਦਰ ਪੁਨਰ-ਸੁਰਜੀਤ ਕੀਤੇ ਬਿਨਾਂ ਸਿੱਖੀ ਦੀ ਫੁਲਵਾੜੀ ਦਾ ਵਿਕਸਿਤ ਅਤੇ ਪ੍ਰਫੁਲਤ ਹੋਣਾ ਲਗਭਗ ਅਸੰਭਵ ਹੈ।

ਇਸ ਲੇਖ ਦਾ ਮੂਲ ਸਰੋਕਾਰ ਅਤੇ ਮੰਤਵ ਅਜਿਹੇ ਹੀ ਇਕ ਯਾਦਗਾਰੀ, ਗੌਰਵਮਈ ਦ੍ਰਿਸ਼ ਨੂੰ ਇਸ ਵਿਚਲੀ ਕੁਦਰਤੀ ਸਾਦਗੀ ਅਤੇ ਮੌਲਿਕ ਨੁਹਾਰ ਸਹਿਤ ਸਿੱਖ ਹਿਰਦੇ ਤੇ ਸਿਮਰਤੀ ਅੰਦਰ ਪੁਨਰ-ਸੁਰਜੀਤ ਕਰਨਾ ਹੈ ਅਤੇ ਇਹ ਅਮਿੱਟ ਇਤਿਹਾਸਕ ਦ੍ਰਿਸ਼ ਹੈ—ਸਰਹਿੰਦ ਦੇ ਜਾਬਰ ਸੂਬੇਦਾਰ ਵਜ਼ੀਰ ਖਾਨ ਦੁਆਰਾ ਪੋਹ-ਮਾਘ ਦੀਆਂ ਡਾਢੀਆਂ ਠੰਢੀਆਂ ਰਾਤਾਂ ਅੰਦਰ ਠੰਢੇ ਬੁਰਜ ਵਿਚ ਕੈਦ ਕੀਤੇ ਪਰ ਉੱਚੇ-ਸੁੱਚੇ ਸਦਾਚਾਰਕ ਤਾਣ, ਰੂਹਾਨੀ ਨੂਰ ਅਤੇ ਸਿਦਕ-ਜਲਾਲ ਨਾਲ ਲਬਰੇਜ਼ ਅਡੋਲ ਸਮਾਧੀ ਦੀ ਅਵਸਥਾ ਵਿਚ ਬੈਠੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਾਂ ਮਾਤਾ ਗੁਜਰੀ ਜੀ ਦਾ ਅਤੇ ਦਾਦੀ ਮਾਂ ਦੀ ਤੇਜਸਵੀ ਅਸੀਸ, ਨਿੱਘੀ ਗਲਵੱਕੜੀ ਅਤੇ ਮਮਤਾਮਈ ਗੋਦ ਦਾ ਆਨੰਦ ਮਾਣਦੇ ਦੋ ਚਮਤਕਾਰ ਪੋਤਰਿਆਂ ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਜੀ ਦਾ।

ਸਿਦਕ ਦਾ ਭਰ ਵਗਦਾ ਦਰਿਆ ਮਾਂ ਗੁਜਰੀ। ਉਨ੍ਹਾਂ ਦੀ ਬੇਮਿਸਾਲ ਸਮਰਪਣ ਭਾਵਨਾ, ਸਿਦਕਦਿਲੀ ਅਤੇ ਅਡੋਲਤਾ ਨੂੰ ਕੁਝ ਇਕ ਭਾਰੇ-ਗੌਰੇ ਵਿਸ਼ੇਸ਼ਣਾਂ ਦੁਆਰਾ ਰੂਪਮਾਨ ਕਰ ਸਕਣਾ ਆਮ ਮਨੁੱਖ ਦੀ ਸਮਰੱਥਾ ਅਤੇ ਸ਼ਬਦਾਂ ਤੋਂ ਪਾਰ ਦੀ ਗੱਲ ਹੈ।

ਬਾਬਾ ਬਕਾਲਾ ਅੰਦਰ ਮੱਖਣ ਸ਼ਾਹ ਦੇ ਸੁਰੀਲੇ ਵਜਦਮਈ ਬੋਲਾਂ 'ਗੁਰੂ ਲਾਧੋ ਰੇ' ਨਾਲ ਆਪਣੇ ਪੂਰੇ ਇਲਾਹੀ ਜਲੌਅ ਵਿਚ ਪ੍ਰਗਟ ਹੋਏ ਅਤੇ ਫਿਰ ਦਿੱਲੀ ਦੇ ਚਾਂਦਨੀ ਚੌਕ ਅੰਦਰ ਮਨੁੱਖੀ ਅਧਿਕਾਰਾਂ, ਗੌਰਵ, ਕਦਰਾਂ-ਕੀਮਤਾਂ, ਮਾਣ-ਸਨਮਾਨ, ਅਣਖ, ਆਜ਼ਾਦੀ ਅਤੇ ਧਰਮ ਖਾਤਰ ਸੀਸ ਵਾਰ 'ਧਰਮ ਦੀ ਚਾਦਰ' ਕਹਾਉਣ ਵਾਲੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਪਤਨੀ ਹੋਣਾ, ਸਾਹਿਬ-ਏ-ਕਮਾਲ ਮਹਾਨ ਦਾਨਵੀਰ ਬਾਦਸ਼ਾਹ-ਦਰਵੇਸ਼ ਗੁਰੂ ਦੀ ਜਣਨੀ ਹੋਣਾ ਅਤੇ ਕੋਹਿਨੂਰ ਹੀਰਿਆਂ ਤੋਂ ਵੀ ਵੱਧ ਚਮਕ ਵਾਲੇ ਚਾਰ ਲਾਲਾਂ ਦੀ ਦਾਦੀ ਮਾਂ ਹੋਣਾ ਆਪਣੇ ਆਪ ਵਿਚ ਅਜਿਹੇ ਕੀਮਤੀ, ਮਾਣਮੱਤੇ ਅਤੇ ਲਾਸਾਨੀ ਅਨੁਭਵ, ਵਿਸ਼ੇਸ਼ਣ ਜਾਂ ਰੁਤਬੇ ਹਨ ਕਿ ਇਨ੍ਹਾਂ ਦੀ ਰੂਹਾਨੀ ਲਿਸ਼ਕ ਸਾਹਮਣੇ ਹੋਰ ਕਿਸੇ ਵਿਸ਼ੇਸ਼ਣ ਦਾ ਹੋਣਾ ਸੂਰਜ ਦੇ ਉਦੈ ਹੋਣ 'ਤੇ ਚੰਦਰਮਾ ਅਤੇ ਤਾਰਿਆਂ ਦੇ ਨਾ ਦਿੱਸਣ ਵਾਂਗ ਹੈ।

ਔਰਤ ਦੇ ਇਨ੍ਹਾਂ ਤਿੰਨ ਰੂਪਾਂ ਨੂੰ ਮਾਣਮੱਤੇ ਢੰਗ ਨਾਲ ਜਿਉਂਦਿਆਂ ਅਤੇ ਇਨ੍ਹਾਂ ਨਾਲ ਪੂਰਾ-ਪੂਰਾ ਨਿਆਂ ਕਰਦਿਆਂ ਮਾਤਾ ਗੁਜਰੀ ਨੇ ਮਨੁੱਖੀ ਗੌਰਵ ਅਤੇ ਜੀਵਨ ਹੋਂਦ ਦੀਆਂ ਜਿਹੜੀਆਂ ਉੱਚੀਆਂ ਸੁੱਚੀਆਂ ਸਿਖਰਲੀਆਂ ਟੀਸੀਆਂ ਨੂੰ ਛੋਹਿਆ ਹੈ, ਉਹ ਨਿਰਸੰਦੇਹ ਲਾਸਾਨੀ ਅਤੇ ਅਛੋਹ ਹਨ।

ਇਤਿਹਾਸ ਸਿਰਜਕ ਚਾਰ ਸੂਰਬੀਰ ਪੋਤਰਿਆਂ, ਜਿਨ੍ਹਾਂ ਦੇ ਨਾਵਾਂ (ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ) ਵਿਚਲੀਆਂ ਅਸਮਾਨੀ ਬਿਜਲੀ ਵਾਂਗ ਲਿਸ਼ਕਦੀਆਂ, ਬੱਦਲਾਂ ਵਾਂਗ ਗਰਜਦੀਆਂ ਅਤੇ ਸ਼ੇਰਾਂ ਵਾਂਗ ਦਹਾੜਦੀਆਂ ਪ੍ਰਚੰਡ ਖਾੜਕੂ ਧੁਨੀਆਂ ਦੀ ਤੇਜੱਸਵੀ ਵਿਸਮਾਦੀ ਟੁਣਕਾਰ, ਗੂੰਜ ਹੀ ਸਾਡੇ ਲੂੰ-ਕੰਡੇ ਖੜ੍ਹੇ ਕਰ ਦੇਣ ਅਤੇ ਸਾਡੇ ਹਿਰਦਿਆਂ ਅੰਦਰ ਉਮਾਹ ਅਤੇ ਜੋਸ਼ ਦੀਆਂ ਬਿਜਲਈ ਤਰੰਗਾਂ ਛੇੜ ਦੇਣ ਦੀ ਸਮਰੱਥਾ ਰੱਖਦੀ ਹੈ, ਦੀ ਦਾਦੀ ਮਾਂ ਹੋਣ ਨਾਲੋਂ ਵੱਡੀ ਸ਼ਾਨਾਮੱਤੀ ਪ੍ਰਾਪਤੀ, ਸੰਤੁਸ਼ਟੀ ਅਤੇ ਵੱਡੇ ਗੌਰਵ ਜਾਂ ਮਾਣ-ਸਤਿਕਾਰ ਵਾਲੀ ਗੱਲ ਭਲਾ ਹੋਰ ਕਿਹੜੀ ਹੋ ਸਕਦੀ ਹੈ?

ਮਾਂ ਗੁਜਰੀ ਜੀ ਦੇ ਆਦਰਸ਼ਕ ਪ੍ਰਤਿਭਾਵਾਨ ਵਿਅਕਤਿੱਤਵ ਅਤੇ ਚਰਿੱਤਰ ਬਾਰੇ ਚਰਚਾ ਉਦੋਂ ਤੱਕ ਅਧੂਰੀ ਰਹੇਗੀ ਜਦੋਂ ਤੱਕ 'ਠੰਢੇ ਬੁਰਜ' ਬਾਰੇ ਗੱਲ

ਨਾ ਕੀਤੀ ਜਾਵੇ। ਮਾਂ ਗੁਜਰੀ ਜੀ ਦੀ ਸ਼ਖਸੀਅਤ ਦੇ ਸਿੱਖ ਮਨਾਂ ਅੰਦਰ ਖੁਣੇ ਚਿੱਤਰਾਂ ਵਿਚੋਂ ਸਭ ਤੋਂ ਵੱਧ ਉਭਰਵਾਂ, ਪ੍ਰਭਾਵਸ਼ਾਲੀ ਅਤੇ ਯਾਦਗਾਰੀ ਚਿੱਤਰ ਉਨ੍ਹਾਂ ਦੇ 'ਠੰਢੇ ਬੁਰਜ' ਵਿਚ ਬੈਠੇ ਹੋਣ ਦਾ ਹੈ। ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨੂੰ ਕੈਦ ਕਰਨ ਉਪਰੰਤ ਈਨ ਮਨਾਉਣ ਦੇ ਮੰਤਵ ਨਾਲ ਸੂਬੇਦਾਰ ਵਜ਼ੀਦ ਖਾਨ ਵਲੋਂ ਦਿੱਤੇ ਬੇਕਿਰਕ ਕਸ਼ਟਾਂ ਅਤੇ ਤਸੀਹਿਆਂ ਵਿਚੋਂ ਇਕ ਤਿੱਖਾ ਤਸੀਹਾ ਉਨ੍ਹਾਂ ਨੂੰ ਪੋਹ ਮਾਘ ਦੀਆਂ ਕਕਰੀਲੀਆਂ ਰਾਤਾਂ ਅੰਦਰ ਨਿਹਾਇਤ ਠੰਢੇ ਬੁਰਜ ਵਿਚ ਬੰਦੀ ਬਣਾ ਕੇ ਰੱਖਣਾ ਸੀ।

'ਪ੍ਰੰਪਰਕ ਠੰਢਾ ਬੁਰਜ' ਜਿਸ ਦੇ ਹੇਠਾਂ ਇਕ ਖੂਹਨੁਮਾ ਬਾਉਲੀ ਸੀ ਅਤੇ ਜਿਸ ਦੇ ਕੋਲੋਂ ਦੀ ਕਿਸੇ ਸਮੇਂ ਹੰਸਲਾ ਨਦੀ (ਸਤਲੁਜ ਦਰਿਆ ਦਾ ਇਕ ਬਰਸਾਤੀ ਵਹਾਓ) ਵੀ ਵਗਿਆ ਕਰਦੀ ਸੀ, ਭਾਵੇਂ ਤਿੱਖੀ ਗਰਮੀ ਦੀ ਰੁੱਤੇ ਸਰੀਰ ਨੂੰ ਠੰਢਕ ਪ੍ਰਦਾਨ ਕਰਨ ਦਾ ਵੱਧ ਕਾਰਗਰ ਵਸੀਲਾ ਸੀ ਪਰ ਵਜ਼ੀਦ ਖ਼ਾਨ ਦੇ ਸ਼ਾਤਰ ਅਤੇ ਸ਼ੈਤਾਨ ਦਿਮਾਗ਼ ਨੇ ਮਾਂ ਗੁਜਰੀ ਅਤੇ ਸਾਹਿਬਜ਼ਾਦਿਆਂ ਨੂੰ ਇਸ ਠੰਢੇ ਬੁਰਜ ਅੰਦਰ ਕੈਦ ਕੇਵਲ ਇਸ ਨਾਪਾਕ ਇਰਾਦੇ ਨਾਲ ਕੀਤਾ ਕਿ ਸਖ਼ਤ ਸਰਦੀ ਦੀ ਰੁੱਤੇ ਉਨ੍ਹਾਂ ਦੇ ਸਰੀਰਾਂ ਨੂੰ ਵੱਧ ਤੋਂ ਵੱਧ ਕਸ਼ਟ ਪਹੁੰਚਾਇਆ ਜਾ ਸਕੇ। ਇਵੇਂ ਕਰਕੇ ਉਹ ਉਨ੍ਹਾਂ ਦੇ ਵਿਅਕਤਿਤਵ ਵਿਚਲੀ ਨੂਰਾਨੀ ਸ਼ਾਨ ਅਤੇ ਅਡੋਲਤਾ ਕਿਵੇਂ ਨਾ ਕਿਵੇਂ ਖੋਰਨਾ ਲੋਚਦਾ ਸੀ। ਕਿਹਾ ਜਾ ਸਕਦਾ ਹੈ ਕਿ ਇਕ ਸਦੀਵੀ ਪ੍ਰਭਾਵ ਰੱਖਣ ਵਾਲੀ ਇਤਿਹਾਸਕ ਘਟਨਾ ਦੇ ਵਾਪਰਨ ਸਥਾਨ ਅਤੇ ਝਾਕੀ ਪੱਖੋਂ 'ਠੰਢੇ ਬੁਰਜ' ਦਾ ਸਿੱਖਾਂ ਲਈ ਬੁਨਿਆਦੀ ਅਤੇ ਕੇਂਦਰੀ ਮਹੱਤਵ ਸੀ ਅਤੇ ਹੈ। ਕਿੰਨਾ ਚੰਗਾ ਹੁੰਦਾ ਜੇਕਰ ਅਸੀਂ 'ਠੰਢੇ ਬੁਰਜ' ਨੂੰ ਇਸ ਦੀ ਪ੍ਰੰਪਰਕ ਪ੍ਰਮਾਣਿਕ ਦਿੱਖ ਸਮੇਤ ਉਵੇਂ ਦਾ ਉਵੇਂ ਸਾਂਭ ਕੇ ਰੱਖ ਲੈਂਦੇ। •

ਲਘੂ ਕਥਾ

ਰੈਪੀਟੀਸ਼ਨ

ਮੈਰਿਜ ਪੈਲੇਸ ਵਿਚ ਬੈਠੇ ਬਰਾਤੀ ਸਟੇਜ ਤੇ ਚੱਲ ਰਹੇ ਪ੍ਰੋਗਰਾਮ ਨੂੰ ਦੇਖ ਰਹੇ ਸਨ। ਹਾਲ ਵਿਚ ਵੱਜਦੇ ਤੇਜ਼ ਸਪੀਕਰਾਂ ਤੋਂ ਦੁਖੀ ਹੋ 2-3 ਜਣੇ ਬਾਹਰ ਲਾਅਨ ਵਿਚ ਆ ਕੇ ਬੈਠ ਗਏ।

ਚੰਦ ਕੁ ਮਿੰਟਾਂ ਪਿਛੋਂ ਉਹਨਾਂ ਮਹਿਸੂਸ ਕੀਤਾ ਕਿ ਉਹਨਾਂ ਤੋਂ ਕੁਝ ਦੂਰੀ ਤੇ ਪਿਛੇ ਬੈਠੇ 4-5 ਵਿਅਕਤੀ ਗੁਰਮਤਿ ਦੇ ਕਿਸੇ ਵਿਸ਼ੇ ਤੇ ਗੱਲਾਂ ਕਰ ਰਹੇ ਹਨ। ਇਕ ਨੇ ਕਿਹਾ, "ਗੁਰਬਾਣੀ ਵਿਚ ਰੈਪੀਟੀਸ਼ਨ (ਦੁਹਰਾਅ) ਬਹੁਤ ਹੈ।" ਦੂਸਰੇ ਨੇ ਸਹਿਮਤੀ ਜਤਾਈ। ਗੱਲ ਦਾ ਪਾਸਾ ਪਲਟਿਆ, ਰਾਗੀ ਵੀ ਵਾਰ ਵਾਰ ਉਹੋ ਹੀ ਸ਼ਬਦ ਗਾਈ ਜਾਂਦੇ ਹਨ। ਕਥਾ ਕਰਨ ਵਾਲੇ ਵੀ ਬੱਸ ਅੰਮ੍ਰਿਤ ਤੇ ਹੀ ਬੋਲੀ ਜਾਂਦੇ ਹਨ ਹੋਰ ਕੋਈ ਵਿਸ਼ਾ ਨਹੀਂ ਸੁੱਝਦਾ। ਭਾਂਤ-ਭਾਂਤ ਦੀਆਂ ਗੱਲਾਂ ਦਾ ਮੁੱਖ ਕੇਂਦਰ ਸੀ—"ਰੈਪੀਟੀਸ਼ਨ।"

ਗੁਰਮਤਿ ਦੇ ਇਕ ਚੰਗੇ ਜਾਣਕਾਰ ਨੇ ਸਾਰਿਆਂ ਦੀਆਂ ਸਾਰੀਆਂ ਗੱਲਾਂ ਸੁਣ ਲਈਆਂ ਸਨ। ਆਪਣੀ ਚੁੱਪ ਤੋੜਦਿਆਂ ਉਹਨਾਂ ਨਿੰਮ੍ਰਤਾ ਸਹਿਤ ਬੇਨਤੀ ਕੀਤੀ ਕਿ ਦਾਸ ਨੂੰ ਆਗਿਆ ਹੋਵੇ ਤਾਂ ਮੈਂ ਕੁਝ ਕਹਾਂ?

ਸਾਰਿਆਂ ਨੇ ਸਹਿਮਤੀ ਦਿੱਤੀ, "ਹਾਂ-ਹਾਂ ਕਿਉਂ ਨਹੀਂ?"

ਉਸ ਜਾਣਕਾਰ ਨੇ ਕਿਹਾ, "ਤੁਸੀਂ ਰੈਪੀਟੀਸ਼ਨ ਤੋਂ ਬਚ ਨਹੀਂ ਸਕਦੇ। ਮੈਨੂੰ ਦੱਸੋ ਰੈਪੀਟੀਸ਼ਨ ਕਿਥੇ ਨਹੀਂ ਹੈ? ਤੁਹਾਡੀਆਂ ਗੱਲਾਂ ਤੋਂ ਲਗਦਾ ਹੈ ਤੁਸੀਂ ਰੈਪੀਟੀਸ਼ਨ (ਗੁਰਮਤਿ ਦੀਆਂ ਗੱਲਾਂ) ਤੋਂ ਬੋਰੀਅਤ ਮਹਿਸੂਸ ਕਰ ਰਹੇ ਹੋ। ਰੋਜ਼ ਦਿਨ ਚੜ੍ਹਦਾ ਹੈ, ਰਾਤ ਪੈਂਦੀ ਹੈ, ਗਰਮੀ, ਬਰਸਾਤ ਤੇ ਸਰਦੀ ਵੀ ਹਰ ਸਾਲ ਸਮੇਂ ਮੁਤਾਬਕ ਆਉਂਦੀ ਹੈ। ਰੋਜ਼ ਸਵੇਰੇ ਉਠਦੇ ਹੋ, ਖਾਣਾ ਖਾਂਦੇ ਹੋ, ਕੰਮ ਧੰਦੇ ਕਰਦੇ ਹੋ, ਸ਼ਾਮ ਨੂੰ ਫਿਰ ਖਾਣਾ ਖਾ ਕੇ ਸੌਂ ਜਾਂਦੇ ਹੋ, ਲਿਖਣਾ ਪੜ੍ਹਨਾ, ਵਿਆਹ-ਸ਼ਾਦੀਆਂ ਸਭ ਰੈਪੀਟੀਸ਼ਨ ਹੀ ਤਾਂ ਹਨ।"

"ਇਹ ਸਭ ਕੁਝ ਸਾਡੇ ਜੀਵਨ ਵਿਚ ਢਲ ਚੁੱਕਾ ਹੈ ਤੇ ਇਸ ਤੇ ਸਾਡਾ ਵੱਸ ਨਹੀਂ ਇਹ ਤਾਂ ਏਦਾਂ ਹੀ ਚੱਲਣਾ ਹੈ।" ਸੁਣਨ ਵਾਲਿਆਂ ਕਿਹਾ।

"ਗੁਰਬਾਣੀ ਨੇ ਇਹ ਵੀ ਕਿਹਾ ਹੈ, "**ਬਾਰ ਬਾਰ ਹਰਿ ਕੇ ਗੁਨ ਗਾਓ।**" ਫਿਰ ਤਾਂ ਇਹ ਵੀ ਰੈਪੀਟੀਸ਼ਨ ਹੋਇਆ। ਰੈਪੀਟੀਸ਼ਨ ਦਾ ਰੌਲਾ ਪਾਉਣ ਵਾਲਿਆਂ ਨੇ ਕੌਮ ਦਾ ਬਹੁਤ ਨੁਕਸਾਨ ਕੀਤਾ ਹੈ। ਦੂਜੀ ਗੱਲ ਤੁਸੀਂ ਕਹਿ ਚੁੱਕੇ ਹੋ ਕਿ ਇਹ ਸਾਰਾ ਕੁਝ ਜੀਵਨ ਵਿਚ ਢਲ ਚੁੱਕਾ ਹੈ ਤਾਂ ਇਸ ਨੂੰ ਵੀ ਆਪਣੇ ਜੀਵਨ ਵਿਚ ਢਾਲ ਲੈਣਾ ਚਾਹੀਦਾ ਹੈ।"

ਜਾਣਕਾਰ ਦੀਆਂ ਗੱਲਾਂ ਸੁਣ ਸਭ ਚੁੱਪ ਹੋ ਗਏ।

—ਸ: ਗੁਰਪ੍ਰੀਤ ਸਿੰਘ, ਏ-145, ਤਾਰਾ ਨਗਰ, ਝੋਤਵਾੜਾ, ਜੈਪੁਰ-302012

ਭਲਾ ਕਿਸ ਤਰ੍ਹਾਂ ਦਾ ਸੀ ਯੁੱਧ ਚਮਕੌਰ ਦਾ

ਸ: ਕਰਮਜੀਤ ਸਿੰਘ

ਸੰਸਾਰ ਦੀਆਂ ਬੇਜੋੜ, ਬੇਮਿਸਾਲ ਅਤੇ ਅਣਗੌਲੀਆਂ ਜੰਗਾਂ ਵਿਚੋਂ ਇਕ ਅਤੀ ਮਹੱਤਵਪੂਰਨ, ਮਨੁੱਖੀ ਰੂਹਾਂ ਨੂੰ ਗਰਮਾਉਣ ਵਾਲੀ ਅਤੇ ਸੁੱਤੀਆਂ ਕੌਮਾਂ ਨੂੰ ਜਗਾਉਣ ਵਾਲੀ ਜੰਗ ਹੈ : ਚਮਕੌਰ ਦੀ ਜੰਗ। ਇਸ ਜੰਗ ਬਾਰੇ ਮਿਲਣ ਵਾਲੀ ਜਾਣਕਾਰੀ ਦਾ ਅਫ਼ਸੋਸਨਾਕ ਪਹਿਲੂ ਇਹ ਹੈ ਕਿ ਚਮਕੌਰ ਦੀ ਗੜ੍ਹੀ ਦੇ ਬਰਬਾਦ ਹੋ ਚੁੱਕੇ ਖੰਡਰਾਂ ਦਾ ਕੋਈ ਵੀ ਹਿੱਸਾ ਜਾਂ ਕੋਈ ਵੀ ਯਾਦਗਾਰ ਅਸਾਂ ਸਾਂਭ ਕੇ ਨਹੀਂ ਰੱਖੀ ਜਿਸ ਤੋਂ ਪੁਰਾਤੱਤਵ ਵਿਗਿਆਨੀ, ਪੁਰਾਤਨ ਜੰਗੀ ਵਿੱਦਿਆ ਦੇ ਮਾਹਿਰ ਫੌਜੀ ਅਫਸਰ ਅਤੇ ਵਰਤਮਾਨ ਇਤਿਹਾਸਕਾਰ ਆਪਣੀ ਬਲਵਾਨ ਕਲਪਨਾ ਰਾਹੀਂ 300 ਸਾਲ ਪਹਿਲਾਂ ਹੋਈ ਜੰਗ ਦਾ ਦ੍ਰਿਸ਼ ਤੇ ਆਲੇ-ਦੁਆਲੇ ਦਾ ਮਾਹੌਲ ਸਿਰਜ ਸਕਣ। ਚਮਕੌਰ ਦੀ ਜੰਗ ਇਸ ਗੱਲ ਦਾ ਪ੍ਰਮਾਣ ਹੈ ਕਿ ਖਾਲਸੇ ਨੇ ਇਤਿਹਾਸ ਸਿਰਜਿਆ ਤਾਂ ਹੈ ਪਰ ਸਾਂਭਿਆ ਨਹੀਂ। ਉਸ ਨੇ ਇਤਿਹਾਸ ਨੂੰ ਹੱਡੀਂ ਹੰਢਾਇਆ ਤਾਂ ਹੈ ਪਰ ਲਿਖਿਆ ਨਹੀਂ।

ਚਮਕੌਰ ਸਾਹਿਬ ਵਿਚ ਜੰਗ ਨਾਲ ਸੰਬੰਧਤ ਸਾਰੀਆਂ ਥਾਵਾਂ (ਜਿਥੇ ਹੁਣ ਗੁਰਦੁਆਰੇ ਬਣ ਗਏ ਹਨ) ਦੀ ਭੂਗੋਲਿਕ ਪੋਜ਼ੀਸ਼ਨ, ਮੌਜੂਦਾ ਵਸੋਂ ਅਤੇ ਉਨ੍ਹਾਂ ਦੇ ਸੁਭਾਅ, ਇਲਾਕੇ ਦੀ ਉੱਚੀ ਨੀਵੀਂ ਜ਼ਮੀਨ ਦੀ ਬਣਤਰ ਅਤੇ ਖਾਸ ਕਰਕੇ ਚਮਕੌਰ ਦੀ ਗੜ੍ਹੀ ਦੇ ਇਰਦ-ਗਿਰਦ ਇਕ ਕਿਲੋਮੀਟਰ ਦੇ ਘੇਰੇ ਦੀ ਜ਼ਮੀਨ ਤੇ ਰੁੱਖਾਂ ਦੇ ਇਕ ਭਰਵੇਂ ਵਿਸ਼ਲੇਸ਼ਣ ਤੇ ਸਰਵੇਖਣ ਤੋਂ ਕੁਝ ਅਹਿਮ ਤੱਥ ਹਾਸਲ ਹੁੰਦੇ ਹਨ ਜਿਸ ਤੋਂ ਪਤਾ ਲਗਦਾ ਹੈ ਕਿ ਸਿੱਖ ਯੁੱਧਾਂ ਦੀ ਤਕਨੀਕ ਤੇ ਤਰਕੀਬ ਦੇ ਮਾਹਿਰ ਅਤੇ ਇਤਿਹਾਸਕਾਰ ਜੇ ਚਾਹੁਣ ਤਾਂ ਇਤਿਹਾਸਕ ਪਹਿਲੂ ਤੋਂ ਜੰਗ ਦੇ ਯਾਦਗਾਰੀ ਦ੍ਰਿਸ਼ ਅਜੇ ਵੀ ਸਿਰਜੇ ਜਾ ਸਕਦੇ ਹਨ।

ਚਮਕੌਰ ਦੀ ਗੜ੍ਹੀ ਦੀ ਪੁਜ਼ੀਸ਼ਨ ਨੂੰ ਜੇਕਰ ਧਿਆਨ ਨਾਲ ਵੇਖਿਆ ਜਾਏ ਤਾਂ ਜ਼ਾਹਿਰ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਸਮੇਂ ਹੀ ਅਗਲਾ ਉਤਾਰਾ ਚਮਕੌਰ ਵਿਚ ਕਰਨ ਦਾ ਫੈਸਲਾ ਕਰ ਲਿਆ ਸੀ। ਇਸ ਦੇ ਤਿੰਨ ਵੱਡੇ ਕਾਰਨ ਹੋ ਸਕਦੇ ਹਨ। ਇਕ, ਗੜ੍ਹੀ ਦੀ ਮਜ਼ਬੂਤ ਹਾਲਤ ਬਾਰੇ ਪਹਿਲਾਂ ਹੀ ਪਤਾ ਹੋਣਾ। ਦੂਜਾ, ਅਨੰਦਪੁਰ ਸਾਹਿਬ ਦੇ ਨੇੜੇ ਤੇੜੇ ਅਗਲੇ ਮੁਕਾਬਲੇ ਲਈ ਹੋਰ ਕੋਈ ਢੁਕਵੀਂ ਤੇ ਬਦਲਵੀਂ ਥਾਂ ਦਾ ਨਾ ਹੋਣਾ ਅਤੇ ਤੀਜਾ ਸਭ ਤੋਂ ਵੱਡਾ ਕਾਰਨ ਗੜ੍ਹੀ ਦੇ ਮਾਲਕ ਚੌਧਰੀ ਰੂਪ ਚੰਦ (ਕੁਝ ਸਰੋਤਾਂ ਅਨੁਸਾਰ ਚੌਧਰੀ ਬੁੱਧੀ ਚੰਦ) ਦਾ ਗੁਰੂ ਸਾਹਿਬ ਦਾ ਸ਼ਰਧਾਲੂ ਹੋਣਾ। ਚੌਧਰੀ ਰੂਪ ਚੰਦ ਦੇ ਵੱਡੇ ਵਡੇਰੇ ਮਹਿਮੂਦ ਗਜ਼ਨਵੀ ਦੇ ਸਮੇਂ ਰਾਜਸਥਾਨ ਤੋਂ ਇਥੇ ਆਏ ਸਨ। ਰੂਪ ਚੰਦ ਦੀ 8ਵੀਂ ਨੌਵੀਂ ਪੀੜ੍ਹੀ ਵਿਚੋਂ ਹੋਣ ਦਾ ਦਾਅਵਾ ਕਰਨ ਵਾਲੇ ਚੌਧਰੀ ਮਹਿੰਦਰ ਮੁਤਾਬਕ ਰੂਪ ਚੰਦ ਨੈਣਾ ਦੇਵੀ ਦੇ ਦਰਸ਼ਨਾਂ ਨੂੰ ਜਾਂਦਾ ਹੋਇਆ ਅਨੰਦਗੜ੍ਹ ਦੇ ਕਿਲ੍ਹੇ ਵਿਚ ਗੁਰੂ ਸਾਹਿਬ ਕੋਲ ਠਹਿਰਦਾ ਹੀ ਨਹੀਂ ਸੀ ਸਗੋਂ ਉਨ੍ਹਾਂ ਦੇ ਪਰਿਵਾਰ ਨਾਲ ਵੀ ਗੂੜ੍ਹੇ ਸੰਬੰਧ ਸਨ ਹਾਲਾਂਕਿ ਸਿਧਾਂਤਕ ਰੂਪ ਵਿਚ ਗੁਰੂ ਸਾਹਿਬ ਨੈਣਾ ਦੇਵੀ ਨੂੰ ਮਾਨਤਾ ਨਹੀਂ ਦਿੰਦੇ ਪਰ ਫਿਰ ਵੀ ਉਹ ਜਾਣਦੇ ਸਨ ਕਿ ਸਦੀਆਂ ਦੇ ਸੰਸਕਾਰ ਛੇਤੀ ਛੇਤੀ ਨਹੀਂ ਮਿਟਿਆ ਕਰਦੇ। ਇਨ੍ਹਾਂ ਮੁਲਾਕਾਤਾਂ ਵਿਚ ਹੀ ਰੂਪ ਚੰਦ ਗੁਰੂ ਸਾਹਿਬ ਨੂੰ ਚਮਕੌਰ ਵਿਚ ਆਉਣ ਲਈ ਬੇਨਤੀਆਂ ਕਰਦਾ ਰਹਿੰਦਾ ਹੋਵੇਗਾ। ਇਹ ਵੱਡੀ ਹਕੀਕਤ ਹੈ ਕਿ ਗੁਰੂ ਸਾਹਿਬ ਦੀ ਮੁਸਲਮਾਨ ਹਕੂਮਤ ਵਿਰੁੱਧ ਜਦੋ-ਜਹਿਦ ਲਈ ਚੌਧਰੀ ਰੂਪ ਚੰਦ ਵਰਗਿਆਂ ਦੀ ਹਿੰਦੂ ਮਾਨਸਿਕਤਾ ਵਿਚ ਇਕ ਸਤਿਕਾਰ ਤੇ ਹਮਦਰਦੀ ਪਈ ਹੋਈ ਸੀ। ਇਸ ਤੋਂ ਇਲਾਵਾ ਚਮਕੌਰ ਵਿਚ **ਰਣਜੀਤਗੜ੍ਹ** ਗੁਰਦੁਆਰੇ ਦੇ ਇਤਿਹਾਸ ਤੋਂ ਪਤਾ ਲਗਦਾ ਹੈ ਕਿ ਕਿਸੇ ਸਮੇਂ ਸਿੰਘਾਂ ਦੀ ਮੁਗਲਾਂ ਦੇ ਦਸਤੇ ਨਾਲ ਇਥੇ ਝੜਪ ਹੋਈ ਸੀ। ਇਨ੍ਹਾਂ ਸਿੰਘਾਂ ਨੇ ਗੁਰੂ ਸਾਹਿਬ ਨੂੰ ਚਮਕੌਰ ਦੀ ਗੜ੍ਹੀ ਦੀ ਹਾਲਤ ਬਾਰੇ ਜ਼ਰੂਰ ਦੱਸਿਆ ਹੋਵੇਗਾ। ਚੌਧਰੀ ਰੂਪ ਚੰਦ ਇਕ ਤਕੜਾ ਜ਼ਿਮੀਂਦਾਰ ਸੀ ਅਤੇ ਸ਼ਾਇਦ 60-65 ਪਿੰਡਾਂ ਦੀ ਉਸ ਕੋਲ ਜਾਗੀਰ ਵੀ ਸੀ।

'ਸਹਿਜੇ ਰਚਿਓ ਖਾਲਸਾ' ਦੇ ਲੇਖਕ ਹਰਿੰਦਰ ਸਿੰਘ ਮਹਿਬੂਬ, ਜਿਨ੍ਹਾਂ ਨੇ ਚਮਕੌਰ ਦੀ ਧਰਤੀ ਦੇ ਇਰਦ-ਗਿਰਦ ਇਲਾਕੇ ਦਾ ਚੱਪਾ-ਚੱਪਾ ਛਾਣ ਮਾਰਿਆ ਹੈ ਅਤੇ ਜਿਨ੍ਹਾਂ ਨੇ ਆਪਣੀ ਅਣਛਪੀ ਪੁਸਤਕ 'ਇਲਾਹੀ ਨਦਰ ਦੇ ਪੈਂਡੇ' ਵਿਚ ਇਸ ਜੰਗ ਦਾ ਵਿਸਥਾਰ ਸਹਿਤ ਜ਼ਿਕਰ ਵੀ ਕੀਤਾ ਹੈ, ਉਨ੍ਹਾਂ ਮੁਤਾਬਕ 1960-62 ਤੱਕ ਇਸ ਗੜ੍ਹੀ ਦਾ ਇਕ ਹਿੱਸਾ ਚੁਬਾਰੇ ਦੀ ਸ਼ਕਲ ਵਿਚ ਬਚਿਆ ਹੋਇਆ ਸੀ ਜਿਸ ਨੂੰ ਵਿੰਗੀਆਂ-ਟੇਢੀਆਂ ਪੌੜੀਆਂ ਚੜ੍ਹਦੀਆਂ ਸਨ। ਉਨ੍ਹਾਂ ਦਾ ਸਹੁਰਾ ਪਿੰਡ ਨੇੜੇ ਹੋਣ ਕਾਰਨ ਉਹ ਕਈ ਵਾਰ ਇਸ ਗੜ੍ਹੀ ਦੇ ਚੁਬਾਰੇ ਵਿਚ ਘੰਟਿਆਂ ਬੱਧੀ ਬੈਠੇ ਰਹਿੰਦੇ ਸਨ। ਉਨ੍ਹਾਂ ਨੂੰ ਇਉਂ ਲਗਦਾ ਹੈ ਜਿਵੇਂ ਗੁਰੂ ਸਾਹਿਬ ਇਸੇ ਹੀ ਥਾਂ ਤੋਂ ਜੰਗ ਦੀ ਅਗਵਾਈ ਕਰ ਰਹੇ ਹੋਣਗੇ। ਮਹਿਬੂਬ ਸਾਹਿਬ ਇਹ ਵੀ ਦੱਸਦੇ ਹਨ ਕਿ ਗੜ੍ਹੀ ਦੇ ਅੰਦਰ ਘੋੜਿਆਂ ਦੇ ਤਬੇਲੇ ਦਾ ਹੋਣਾ ਵੀ ਜਾਪਦਾ ਸੀ। ਚੌਧਰੀ ਰੂਪ ਚੰਦ ਦੀ ਹੀ ਬਰਾਦਰੀ ਦੇ ਇਕ ਹੋਰ ਬਜ਼ੁਰਗ ਨਸੀਬ ਚੰਦ (ਉਮਰ ਕਰੀਬ 70 ਸਾਲ) ਨੇ ਉਹ ਥਾਂ ਦਿਖਾਈ ਹੈ ਜਿਥੇ ਉਨ੍ਹਾਂ ਨੇ 50-55 ਸਾਲ ਪਹਿਲਾਂ ਗੜ੍ਹੀ ਦੇ ਖੰਡਰ ਦੀ ਬਚੀ-ਖੁਚੀ ਬਾਹਰਲੀ ਦੀਵਾਰ ਦਾ ਇਕ ਹਿੱਸਾ ਦੇਖਿਆ ਸੀ ਜੋ ਉਨ੍ਹਾਂ ਮੁਤਾਬਕ 15 ਫੁੱਟ ਲੰਮਾ ਸੀ ਪੰਜ ਫੁੱਟ ਚੌੜਾ ਤੇ 16 ਫੁੱਟ ਉੱਚਾ ਸੀ। ਉਸ ਸਮੇਂ ਤੱਕ ਦੀਵਾਰ ਦਾ

ਇਹੋ ਹਿੱਸਾ ਹੀ ਬਚਿਆ ਰਹਿ ਗਿਆ ਸੀ। ਕਾਰ ਸੇਵਾ ਵਾਲੇ ਬਾਬਿਆਂ ਨਾਲ ਸੰਪਰਕ ਨਹੀਂ ਹੋ ਸਕਿਆ ਕਿਉਂਕਿ ਉਹ ਵੀ ਇਹ ਅਹਿਮ ਜਾਣਕਾਰੀ ਦੇ ਸਕਦੇ ਹਨ ਕਿ ਗੁਰਦੁਆਰੇ ਦੀ ਉਸਾਰੀ ਸਮੇਂ ਗੜ੍ਹੀ ਦਾ ਕੋਈ ਹਿੱਸਾ ਜੇ ਮੌਜੂਦ ਸੀ ਤਾਂ ਉਸ ਦੀ ਹਾਲਤ ਅਤੇ ਬਣਤਰ ਕਿਸ ਤਰ੍ਹਾਂ ਦੀ ਸੀ। ਸ਼੍ਰੋਮਣੀ ਕਮੇਟੀ ਇਸ ਇਤਿਹਾਸਕ ਕਾਰਜ ਨੂੰ ਆਪਣੇ ਹੱਥ ਵਿਚ ਲੈ ਸਕਦੀ ਹੈ।

ਸਿੱਖ ਰਵਾਇਤਾਂ ਵਿਚ ਬੈਠੀ ਇਹ ਧਾਰਨਾ ਹਕੀਕਤਾਂ ਨਾਲ ਮੇਲ ਨਹੀਂ ਖਾਂਦੀ ਜਾਪਦੀ ਕਿ ਰੂਪ ਚੰਦ ਦੇ ਦੂਜੇ ਭਰਾ (ਜੋ ਗਰੀਬੂ ਜਾਂ ਹੋਰ ਕੋਈ ਹੈ) ਨੇ ਗੁਰੂ ਸਾਹਿਬ ਨੂੰ ਗੜ੍ਹੀ ਦਾ ਕਬਜ਼ਾ ਦੇਣ ਤੋਂ ਪਹਿਲਾਂ ਨਾਂਹ ਕੀਤੀ ਤੇ ਫਿਰ 40 ਮੋਹਰਾਂ ਲੈ ਕੇ ਕਬਜ਼ਾ ਦਿੱਤਾ। ਏਨੀ ਵੱਡੀ ਮਲਕੀਅਤ ਦੇ ਮਾਲਕ ਨੇ 40 ਮੋਹਰਾਂ ਲੈ ਕੇ ਕਬਜ਼ਾ ਦਿੱਤਾ ਹੋਏਗਾ, ਹਾਸੋਹੀਣੀ ਗੱਲ ਜਾਪਦੀ ਹੈ ਪਰ ਇਹ ਹੋ ਸਕਦਾ ਹੈ ਕਿ ਇਸ ਭਰਾ ਨੇ ਮੁਗਲ ਫੌਜਾਂ ਦੇ ਜ਼ੁਲਮ ਦੇ ਡਰੋਂ ਗੜ੍ਹੀ ਗੁਰੂ ਸਾਹਿਬ ਦੇ ਹਵਾਲੇ ਕਰਨ ਤੋਂ ਝਿਜਕ ਦਿਖਾਈ ਹੋਏਗੀ।

ਜਿਸ ਥਾਂ 'ਤੇ ਇਸ ਸਮੇਂ ਗੁਰਦੁਆਰਾ ਗੜ੍ਹੀ ਸਾਹਿਬ ਮੌਜੂਦ ਹੈ, ਉਹ ਥਾਂ ਦੀ ਪਹਿਲੀ ਚਾਰਦੀਵਾਰੀ ਅਸਲ ਵਿਚ ਚੌਧਰੀ ਰੂਪ ਚੰਦ ਦੀ ਰਿਹਾਇਸ਼ ਹੋਏਗੀ ਅਤੇ ਜਿਥੇ ਇਸ ਗੁਰਦੁਆਰੇ ਦੀ ਦੂਜੀ ਚਾਰਦੀਵਾਰੀ ਇਸ ਸਮੇਂ ਬਣੀ ਹੋਈ ਹੈ, ਉਸ ਥਾਂ ਤੋਂ 10-15 ਫੁੱਟ ਬਾਹਰਵਾਰ ਉਸ ਸਮੇਂ ਗੜ੍ਹੀ ਦੀ ਚਾਰਦੀਵਾਰੀ ਸੀ। ਇਹ ਜਾਣਕਾਰੀ ਪਿੰਡ ਦੇ ਪੁਰਾਣੇ ਬਜ਼ੁਰਗਾਂ ਮੁਤਾਬਕ ਹੈ। ਇਹ ਥਾਂ ਕਰੀਬ ਦੋ ਏਕੜ ਬਣਦੀ ਹੈ। ਫੌਜੀ ਸੂਤਰਾਂ ਮੁਤਾਬਕ ਜੇ ਉਹ ਮਜ਼ਬੂਤ ਹਵੇਲੀ ਹੈ ਤਾਂ ਇਸ ਹਵੇਲੀ ਦਾ ਏਨਾ ਰਕਬਾ ਜ਼ਰੂਰ ਹੋਣਾ ਚਾਹੀਦਾ ਹੈ। ਇਨ੍ਹਾਂ ਸੂਤਰਾਂ ਮੁਤਾਬਕ ਇਹ ਦੋ ਮੰਜ਼ਿਲਾ ਇਮਾਰਤ ਸੀ ਅਤੇ ਦੂਜੀ ਮੰਜ਼ਲ 'ਤੇ ਅਜਿਹੀ ਕੋਈ ਸੁਰੱਖਿਅਤ ਥਾਂ ਜ਼ਰੂਰ ਹੋਏਗੀ ਜਿਹੜੀ ਗੜ੍ਹੀ ਦੇ ਮਾਲਕ ਨੇ ਆਲੇ-ਦੁਆਲੇ ਦੀ ਸਥਿਤੀ 'ਤੇ ਪੂਰੀ ਨਿਗਾਹ ਰੱਖਣ ਲਈ ਨਿਸ਼ਚਿਤ ਕੀਤੀ ਹੋਏਗੀ। ਹੁਣ ਇਹ ਸਪੱਸ਼ਟ ਹੈ ਕਿ ਇਸੇ ਹੀ ਥਾਂ 'ਤੇ ਗੁਰੂ ਗੋਬਿੰਦ ਸਿੰਘ ਮੁਗਲ ਫੌਜਾਂ ਦੀ ਪਲ-ਪਲ ਦੀ ਹਾਲਤ ਉਤੇ ਨਿਗਾਹ ਰੱਖ ਰਹੇ ਹੋਣਗੇ ਅਤੇ ਇਥੋਂ ਹੀ ਉਹ ਤੀਰਾਂ ਦੀ ਬਾਰਿਸ਼ ਕਰ ਰਹੇ ਹੋਣਗੇ।

ਇਸ ਥਾਂ ਦਾ ਸਰਵੇਖਣ ਕਰਨ ਵਾਲੇ ਆਰਕੀਟੈਕਟ ਸ: ਅਮਰਜੀਤ ਸਿੰਘ ਮੁਤਾਬਕ ਇਸ ਗੜ੍ਹੀ ਦੀ ਦੂਜੀ ਮੰਜ਼ਲ ਜ਼ਮੀਨ ਤੋਂ ਕਰੀਬ 80 ਫੁੱਟ ਦੀ ਉਚਾਈ 'ਤੇ ਹੈ। ਦੂਜੇ ਪਾਸੇ ਫੌਜੀ ਮਾਮਲਿਆਂ ਦੇ ਉੱਘੇ ਪੱਤਰਕਾਰ ਕਰਨਲ ਪ੍ਰੀਤਮ ਸਿੰਘ (ਭੁੱਲਰ) ਨੇ ਦੱਸਿਆ ਕਿ ਗੜ੍ਹੀ ਏਨੀ ਉਚਾਈ ਉਤੇ ਹੋਣ ਦਾ ਮਤਲਬ ਹੈ ਕਿ ਫੌਜ ਘੱਟੋ-ਘੱਟ ਗੜ੍ਹੀ ਤੋਂ ਤਿੰਨ ਫਰਲਾਂਗ ਪਰ੍ਹੇ ਤਾਇਨਾਤ ਹੋਵੇਗੀ। ਜੇ ਜ਼ਮੀਨ ਰੇਤਲੇ ਟਿੱਬਿਆਂ ਵਾਲੀ ਹੈ ਤਾਂ ਮੁਗਲ ਫੌਜ ਨੇ ਟਿੱਬਿਆਂ ਦੀ ਓਟ ਲੈ ਕੇ ਮੋਰਚੇ ਬਣਾਏ ਹੋਣਗੇ। ਹੁਣ ਵੀ ਜੇਕਰ ਤੁਸੀਂ ਗੁਰਦੁਆਰੇ ਦੇ ਗੁੰਬਦ ਦੇ ਹੇਠਾਂ ਬੁਰਜੀਆਂ 'ਤੇ ਖਲੋ ਕੇ ਨਜ਼ਰ ਮਾਰੋ ਤਾਂ ਤੁਹਾਨੂੰ ਚਮਕੌਰ ਦੇ ਚਾਰੇ ਪਾਸੇ ਨਜ਼ਰ ਆਉਣਗੇ। ਪਰ ਜਾਪਦਾ ਹੈ ਜਿਸ ਪੱਛਮੀ ਬਾਹੀ ਵੱਲ ਗੁਰਦੁਆਰਾ ਤਾੜੀ ਸਾਹਿਬ ਹੈ, ਉਸ ਥਾਂ ਤੇ ਝਾੜੀਆਂ ਤੇ ਰੁੱਖਾਂ ਦੇ ਝੁੰਡ ਸਨ ਤੇ ਮੁਗਲ ਜਰਨੈਲ ਖ਼ਵਾਜਾ ਮਰਦੂਦ ਨੇ ਉਸੇ ਹੀ ਥਾਂ 'ਤੇ ਫੌਜ ਦਾ ਇਕ ਹਿੱਸਾ ਤਾਇਨਾਤ ਕੀਤਾ ਸੀ। ਹਰਿੰਦਰ ਸਿੰਘ ਮਹਿਬੂਬ ਦਾ ਦਾਅਵਾ ਹੈ ਕਿ 1960-62 ਵਿਚ ਜੋ ਚਮਕੌਰ ਦੇ ਆਲੇ ਦੁਆਲੇ ਦੀ ਹਾਲਤ ਸੀ, ਉਹੋ ਹਾਲਤ 22 ਦਸੰਬਰ 1704 ਈ: ਨੂੰ ਸੀ।

ਕਰਨਲ ਪ੍ਰੀਤਮ ਸਿੰਘ ਦਾ ਕਹਿਣਾ ਹੈ ਕਿ ਉਸ ਸਮੇਂ ਤੋੜੇਦਾਰ ਬੰਦੂਕਾਂ ਸਨ ਜਿਨ੍ਹਾਂ ਦੀ ਮਾਰ 100 ਗਜ਼ ਤੋਂ ਪਰ੍ਹੇ ਨਹੀਂ ਸੀ ਹੁੰਦੀ। ਇਸ ਲੜਾਈ ਵਿਚ ਤੋਪ ਦੀ ਵਰਤੋਂ ਨਹੀਂ ਹੋਈ ਕਿਉਂਕਿ ਇਕ ਤਾਂ ਮੁਗਲ ਫੌਜ ਗੁਰੂ ਗੋਬਿੰਦ ਸਿੰਘ ਜੀ ਨੂੰ ਜਿਉਂਦਿਆਂ ਹੀ ਫੜਨਾ ਚਾਹੁੰਦੀ ਸੀ ਅਤੇ ਦੂਜਾ ਸਰਸਾ ਨਦੀ ਤੋਂ ਪਿਛੋਂ ਗੁਰੂ ਸਾਹਿਬ ਦੀ ਮੌਜੂਦਗੀ ਬਾਰੇ ਸਹੀ ਸਹੀ ਜਾਣਕਾਰੀ ਨਾ ਮਿਲਣ ਕਾਰਨ ਮੁਗਲ ਫੌਜ ਦੀ ਤੋਪ ਚਮਕੌਰ ਵਿਚ ਏਨੀ ਛੇਤੀ ਨਹੀਂ ਪਹੁੰਚ ਸਕਦੀ। ਤੀਜਾ, ਸਮਾਂ ਬਹੁਤ ਹੀ ਥੋੜ੍ਹਾ ਸੀ ਅਤੇ ਫੌਜ ਬਹੁਤ ਹੀ ਹੌਲੀ ਹੌਲੀ ਕੂਚ ਕਰ ਰਹੀ ਸੀ ਕਿਉਂਕਿ ਰਾਹ ਵਿਚ ਸਿੰਘਾਂ ਵਲੋਂ ਅਚਨਚੇਤ ਘਾਤ ਲਾ ਕੇ ਹਮਲਾ ਕਰਨ ਦਾ ਡਰ ਹਰ ਪਾਸਿਉਂ ਸੀ। ਇਸ ਲਈ ਕੁਲ ਮਿਲਾ ਕੇ ਮੁਗਲ ਫੌਜ ਨੂੰ ਬਹੁਤੀ ਕਾਹਲ ਨਹੀਂ ਸੀ, ਇਸ ਲਈ ਉਹ ਲੜਾਈ ਲਮਕਾਉਣ ਦੀ ਵੀ ਰਣਨੀਤੀ ਅਖਤਿਆਰ ਕਰ ਰਹੇ ਹੋਣਗੇ।

ਸਾਫ਼ ਜ਼ਾਹਿਰ ਹੈ ਕਿ ਗੜ੍ਹੀ ਦੇ ਅੰਦਰ ਹਥਿਆਰਾਂ ਦੀ ਕਮੀ ਸੀ ਤੇ ਗਿਣਤੀ ਵਿਚ ਵੀ 40 ਕੁ ਸਿੰਘ ਹੀ ਸਨ। ਇਸ ਲਈ ਲੜਾਈ ਬਹੁਤਾ ਲਮਕ ਵੀ ਨਹੀਂ ਸੀ ਸਕਦੀ। ਲਮਕ ਜਾਣ ਵਿਚ ਖ਼ਤਰੇ ਬਹੁਤੇ ਸਨ। ਸੋ 30 ਤੋਂ ਉੱਪਰ ਸਿੰਘਾਂ ਦੀ ਸ਼ਹੀਦੀ ਪਿਛੋਂ ਖ਼ਾਲਸੇ ਨੇ ਗੁਰਮਤਾ ਸੋਧ ਕੇ ਗੁਰੂ ਸਾਹਿਬ ਨੂੰ ਗੜ੍ਹੀ ਛੱਡ ਜਾਣ ਦੀ ਬੇਨਤੀ ਕੀਤੀ ਅਤੇ ਬੇਨਤੀ ਨਾ ਮੰਨਣ 'ਤੇ ਖ਼ਾਲਸੇ ਨੇ ਹੁਕਮਨਾਮਾ ਜਾਰੀ ਕਰ ਦਿੱਤਾ। ਇਹ ਤਰਕ ਮੰਨਣ ਦੇ ਆਧਾਰ ਮੌਜੂਦ ਹਨ ਕਿ ਗੁਰੂ ਸਾਹਿਬ ਭੇਸ ਬਦਲ ਕੇ ਗੜ੍ਹੀ ਵਿਚੋਂ ਨਿਕਲੇ। ਉਨ੍ਹਾਂ ਨੇ ਭੇਸ ਬਦਲ ਕੇ ਮੁਗਲ ਫੌਜੀਆਂ ਦੀ ਵਰਦੀ ਪਾ ਲਈ ਅਤੇ ਭਾਈ ਦਇਆ ਸਿੰਘ ਤੇ ਮਾਨ ਸਿੰਘ ਨੇ ਵੀ ਇੰਝ ਹੀ ਕੀਤਾ ਤਾਂ ਜੋ ਮੁਗਲ ਫੌਜਾਂ ਨੂੰ ਕਿਸੇ ਕਿਸਮ ਦਾ ਸ਼ੱਕ ਨਾ ਪੈਦਾ ਹੋਏ। ਇਹ ਵਰਦੀਆਂ ਖਾਲਸੇ ਕੋਲ ਪਹਿਲਾਂ ਵੀ ਮੌਜੂਦ ਹੋ ਸਕਦੀਆਂ ਸਨ ਅਤੇ ਮ੍ਰਿਤਕ ਮੁਗਲ ਸਿਪਾਹੀਆਂ ਦੀਆਂ ਵੀ ਲਾਹੀਆਂ ਜਾ ਸਕਦੀਆਂ ਸਨ। ਇਤਿਹਾਸ ਇਸ ਬਾਰੇ ਸਪੱਸ਼ਟ ਨਹੀਂ। ਇਕ ਮਿਥੀ ਯੋਜਨਾ ਅਨੁਸਾਰ ਗੁਰੂ ਸਾਹਿਬ ਅੱਧੀ ਰਾਤ ਤੋਂ ਪਿਛੋਂ ਗੜ੍ਹੀ ਵਿਚੋਂ ਨਿਕਲੇ ਜਦੋਂ ਅਸਮਾਨ ਵਿਚ ਚੰਨ ਪੂਰੀ ਤਰ੍ਹਾਂ ਛੁਪ ਚੁੱਕਾ ਸੀ। ਹੁਣ ਵੀ ਤੁਸੀਂ ਦੇਖੋਗੇ ਕਿ ਚੰਨ ਅੱਧੀ ਰਾਤ ਤੋਂ ਪਿਛੋਂ ਛਿਪ ਜਾਂਦਾ ਹੈ। ਘੁੱਪ ਹਨੇਰੇ ਵਿਚ ਗੁਰੂ ਸਾਹਿਬ ਪੱਛਮੀ ਬਾਹੀ ਵਾਲੇ ਪਾਸੇ ਜਾਂਦੇ ਹਨ ਅਤੇ ਉਨ੍ਹਾਂ ਤੋਂ ਥੋੜ੍ਹੇ ਫਾਸਲੇ 'ਤੇ ਹੀ ਭਾਈ ਦਇਆ ਸਿੰਘ ਤੇ ਭਾਈ ਮਾਨ ਸਿੰਘ ਉਨ੍ਹਾਂ ਦੇ ਪਿੱਛੇ ਆ ਰਹੇ ਹਨ ਤਾਂ ਜੋ ਜੇ ਸ਼ੱਕ ਦੀ

ਸੂਰਤ ਵਿਚ ਮੁਗਲ ਫੌਜ ਗੁਰੂ ਸਾਹਿਬ ਦੀ ਸ਼ਨਾਖਤ ਬਾਰੇ ਪੁੱਛ-ਗਿੱਛ ਕਰਦੀ ਹੈ ਤਾਂ ਇਹ ਸਿੰਘ ਉਸ ਹਾਲਤ ਵਿਚ ਸਥਿਤੀ ਮੁਤਾਬਕ ਕੋਈ ਵੀ ਐਕਸ਼ਨ ਕਰਨਗੇ। ਜਿਥੇ ਅੱਜਕੱਲ੍ਹ ਤਾੜੀ ਸਾਹਿਬ ਗੁਰਦੁਆਰਾ ਹੈ, ਉਥੇ ਗੁਰੂ ਜੀ 'ਖਾਲਸੇ ਦਾ ਗੁਰੂ ਜਾ ਰਿਹਾ ਹੈ' ਜਾਂ ਕੁਝ ਲਿਖਤਾਂ ਵਿਚ 'ਹਿੰਦ ਦਾ ਪੀਰ ਜਾ ਰਿਹਾ ਹੈ' ਉੱਚੀ ਆਵਾਜ਼ ਵਿਚ ਕਹਿ ਕੇ ਦੂਰ ਨਿਕਲ ਜਾਂਦੇ ਹਨ।

ਕੀ ਏਨੇ ਵੱਡੇ ਘੇਰੇ ਵਿਚੋਂ ਨਿਕਲ ਸਕਣ ਦੀ ਗੁੰਜਾਇਸ਼ ਹੈ ? ਇਸ ਗੱਲ ਦਾ ਜਵਾਬ ਕਰਨਲ ਪ੍ਰੀਤਮ ਸਿੰਘ ਦਿੰਦੇ ਹਨ ਕਿ "ਹਾਂ, ਬਿਲਕੁਲ ਗੁੰਜਾਇਸ਼ ਹੈ। ਨਿਕਲ ਸਕਣ ਦੀ ਸੰਭਾਵਨਾ ਹਰ ਸਮੇਂ ਬਣੀ ਰਹਿੰਦੀ ਹੈ ਅਤੇ ਇਹ ਅੱਜ ਵੀ ਜਦੋਂ ਨਿਗਰਾਨੀ ਏਨੀ ਤਕੜੀ ਹੋਣ ਦੇ ਸਾਧਨ ਮੌਜੂਦ ਹਨ, ਨਿਕਲਣ ਵਾਲੇ ਬਚ ਕੇ ਨਿਕਲ ਜਾਂਦੇ ਹਨ।" ਸਪੱਸ਼ਟ ਹੈ ਕਿ ਤਾੜੀ ਮਾਰਨ 'ਤੇ ਰੌਲਾ ਪੈ ਗਿਆ ਅਤੇ ਦਇਆ ਸਿੰਘ ਤੇ ਮਾਨ ਸਿੰਘ ਨੂੰ ਵੀ ਨਹੀਂ ਪਤਾ ਕਿ ਉਸ ਭਗਦੜ ਵਿਚ ਗੁਰੂ ਸਾਹਿਬ ਕਿਹੜੇ ਪਾਸੇ ਵੱਲ ਗਏ ਹੋਣਗੇ। ਸ: ਹਰਿੰਦਰ ਸਿੰਘ ਮਹਿਬੂਬ ਮੁਤਾਬਕ ਗੁਰੂ ਸਾਹਿਬ ਤੀਜੇ ਦਿਨ ਭਾਈ ਦਇਆ ਸਿੰਘ ਤੇ ਭਾਈ ਮਾਨ ਸਿੰਘ ਨੂੰ ਮਾਛੀਵਾੜੇ ਦੇ ਜੰਗਲ ਵਿਚ ਮਿਲਦੇ ਹਨ।

ਜੰਗ ਦਾ ਦਿਨ 22 ਦਸੰਬਰ ਦਾ ਹੈ। ਗੁਰੂ ਸਾਹਿਬ 21 ਦਸੰਬਰ ਨੂੰ ਚਮਕੌਰ ਵਿਚ ਅੰਬਾਂ ਦੇ ਦਰਖ਼ਤ ਹੇਠ ਉਤਾਰਾ ਕਰਦੇ ਹਨ ਜਿਥੇ ਅੱਜਕੱਲ੍ਹ ਗੁਰਦੁਆਰਾ ਦਮਦਮਾ ਸਾਹਿਬ ਹੈ। ਇਸ ਧਾਰਨਾ ਵਿਚ ਕੋਈ ਸਚਾਈ ਨਹੀਂ ਕਿ ਸਰਸਾ ਨਦੀ ਪਾਰ ਕਰਨ ਪਿਛੋਂ ਗੁਰੂ ਸਾਹਿਬ ਦੇ ਪਿਛੇ ਮੁਗਲ ਫੌਜਾਂ ਵਾਹੋਦਾਹੀ ਭੱਜੀਆਂ ਆ ਰਹੀਆਂ ਸਨ। ਅਸਲ ਵਿਚ ਗੁਰੂ ਸਾਹਿਬ ਦੇ ਚਮਕੌਰ ਸਾਹਿਬ ਪੁੱਜ ਜਾਣ ਦੀ ਖਬਰ ਸੂਹੀਆਂ ਨੂੰ 6-7 ਘੰਟੇ ਦੇਰ ਨਾਲ ਮਿਲੀ। ਇਸੇ ਲਈ ਗੁਰੂ ਸਾਹਿਬ ਦੇ ਗੜ੍ਹੀ ਵਿਚ ਦਾਖਲ ਹੋਣ ਪਿਛੋਂ ਹੀ 21 ਦਸੰਬਰ ਦੀ ਸ਼ਾਮ ਨੂੰ ਫੌਜ ਚਮਕੌਰ ਸਾਹਿਬ ਵਿਚ ਪਹੁੰਚ ਸਕਦੀ ਹੈ ਅਤੇ 21 ਦਸੰਬਰ ਦੀ ਰਾਤ ਨੂੰ ਕੋਈ ਲੜਾਈ ਨਹੀਂ ਹੋਈ। ਵੈਸੇ ਵੀ ਲੜਾਈ ਰਾਤ ਨੂੰ ਬੰਦ ਹੋ ਜਾਂਦੀ ਹੈ ਅਤੇ ਦੋਵੇਂ ਧਿਰਾਂ ਨੇ ਰਾਤ ਨੂੰ ਸਾਰੀ ਸਥਿਤੀ ਦਾ ਪੂਰਾ ਜਾਇਜ਼ਾ ਲੈਣ ਮਗਰੋਂ ਮੋਰਚੇ ਸੰਭਾਲੇ ਹੋਣਗੇ।

ਲੜਾਈ ਕਿਵੇਂ ਹੋਈ ? ਇਹ ਲੜਾਈ ਤਲਵਾਰਾਂ ਨਾਲ ਹੀ ਹੋਈ। ਮੁਗਲ ਫੌਜ ਲਈ ਨੀਵੀਂ ਥਾਂ 'ਤੇ ਹੋਣ ਕਾਰਨ ਗੜ੍ਹੀ ਦੇ ਅੰਦਰ ਦਾਖਲ ਹੋਣਾ ਏਨਾ ਆਸਾਨ ਨਹੀਂ ਸੀ। ਇਸ ਲਈ ਲੜਾਈ ਦਾ ਮੈਦਾਨ ਉਹ ਥਾਂ ਹੀ ਬਣਦੀ ਹੈ ਜਿਥੇ ਗੁਰਦੁਆਰਾ ਕਤਲਗੜ੍ਹ ਸਾਹਿਬ ਹੈ। ਜਿਥੋਂ ਤੱਕ ਵਸੋਂ ਦਾ ਸੰਬੰਧ ਹੈ, ਘਰਾਂ ਦੀ ਗਿਣਤੀ 50-60 ਤੋਂ ਉੱਪਰ ਨਹੀਂ ਜਾਪਦੀ। ਜਿਹੜੀ ਵਸੋਂ ਅੱਜਕੱਲ੍ਹ ਗੜ੍ਹੀ ਸਾਹਿਬ ਦੇ ਐਨ ਨੇੜੇ ਵੱਸਦੀ ਹੈ, ਉਨ੍ਹਾਂ ਦੇ ਘਰ 70-80 ਸਾਲ ਹੀ ਪੁਰਾਣੇ ਲਗਦੇ ਹਨ। ਇਸ ਦਾ ਮਤਲਬ ਹੈ ਕਿ ਗੁਰੂ ਸਾਹਿਬ ਦੇ ਚਲੇ ਜਾਣ ਪਿਛੋਂ ਮੁਗਲ ਫੌਜਾਂ ਨੇ ਸਭ ਕੁਝ ਨਸ਼ਟ ਕਰ ਦਿੱਤਾ ਹੋਏਗਾ। ਗੜ੍ਹੀ ਦਾ ਵੱਡਾ ਹਿੱਸਾ ਵੀ ਖੰਡਰ ਬਣ ਗਿਆ ਹੋਵੇਗਾ। ਗੜ੍ਹੀ ਦੇਣ ਦੇ ਬਦਲੇ ਰੂਪ ਚੰਦ ਦੇ ਪਰਿਵਾਰ ਨਾਲ ਕੀ ਬੀਤੀ, ਇਤਿਹਾਸ ਇਸ ਬਾਰੇ ਵੀ ਚੁੱਪ ਹੈ।

ਮੁਗਲ ਫੌਜਾਂ ਦਾ ਬਹੁਤਾ ਨੁਕਸਾਨ ਹੋਣ ਦਾ ਵੱਡਾ ਕਾਰਨ ਇਹ ਹੋ ਸਕਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਤੇ ਉਨ੍ਹਾਂ ਦੇ ਨਾਲ ਸਿੰਘ ਉੱਚੀ ਥਾਂ 'ਤੇ ਹੋਣ ਕਾਰਨ ਇਕ ਪਾਸੇ ਤਾਂ ਲੜ ਰਹੇ ਸਿੰਘਾਂ ਨੂੰ ਕਵਰ ਕਰਦੇ ਸਨ ਅਤੇ ਦੂਜੇ ਪਾਸੇ ਮੁਗਲ ਸਿਪਾਹੀਆਂ ਨੂੰ ਤੀਰਾਂ ਨਾਲ ਫੁੰਡਦੇ ਸਨ। ਇਸ ਦਾ ਇਕ ਪ੍ਰਭਾਵ ਜ਼ਫ਼ਰਨਾਮੇ ਤੋਂ ਵੀ ਮਿਲਦਾ ਹੈ। ਚਮਕੌਰ ਦਾ ਯੁੱਧ ਜੰਗੀ ਰਣਨੀਤੀ ਦਾ ਵੀ ਕਮਾਲ ਹੈ, ਦ੍ਰਿੜ੍ਹਤਾ ਤੇ ਬਹਾਦਰੀ ਨਾਲ ਲੜ ਮਰਨ ਦੀ ਵੀ ਇਤਿਹਾਸ ਵਿਚ ਇਹੋ ਜਿਹੀ ਘੱਟ ਹੀ ਮਿਸਾਲ ਮਿਲਦੀ ਹੈ। ਜੇ ਗੁਰੂ ਗੋਬਿੰਦ ਸਿੰਘ ਮਹਾਰਾਜ ਨੂੰ ਸ਼ਰਧਾ ਦੇ ਘੇਰੇ ਵਿਚੋਂ ਅਤੇ ਉਨ੍ਹਾਂ ਦੁਆਲੇ ਸਿਰਜੀਆਂ ਕਰਾਮਾਤਾਂ ਤੋਂ ਬਾਹਰ ਕੱਢ ਲਿਆ ਜਾਵੇ ਤਾਂ ਇਸ ਲੜਾਈ ਵਿਚ ਉਹ ਇਕ ਮਹਾਨ ਜਰਨੈਲ ਦੇ ਰੂਪ ਵਿਚ ਵੀ ਉਭਰ ਕੇ ਸਾਹਮਣੇ ਆਉਂਦੇ ਹਨ ਅਤੇ ਆਪਣੀ ਹੀ ਕਿਸਮ ਦੇ ਇਕ ਮਹਾਨ ਨੀਤੀਵਾਨ ਵੀ ਜ਼ਾਹਿਰ ਹੁੰਦੇ ਹਨ ਜਿਨ੍ਹਾਂ ਨੇ ਖਾਲਸੇ ਦੀ ਪ੍ਰਭੂਸੱਤਾ ਨੂੰ ਆਪਣੇ ਤੋਂ ਵੀ ਉਪਰ ਸਮਝਿਆ ਤੇ ਅਜਿਹਾ ਕਰ ਕੇ ਵੀ ਦਿਖਾਇਆ। ਕਰਨਲ ਪ੍ਰੀਤਮ ਸਿੰਘ ਮੁਤਾਬਕ ਗੁਰੂ ਗੋਬਿੰਦ ਸਿੰਘ ਖਾਲਸੇ ਰਾਹੀਂ ਜਦੋਜਹਿਦ ਜਾਰੀ ਰੱਖਣਾ ਚਾਹੁੰਦੇ ਸਨ ਅਤੇ ਉੱਘੇ ਇਤਿਹਾਸਕਾਰ ਡਾਕਟਰ ਹਰੀ ਰਾਮ ਗੁਪਤਾ ਵੀ ਇਹੋ ਫੈਸਲਾ ਦਿੰਦੇ ਹਨ। ਇਸ ਜਦੋ-ਜਹਿਦ ਦਾ ਇਕ ਰੂਪ ਛੇਤੀ ਹੀ ਸਰਹਿੰਦ ਦੀ ਫਤਹਿ ਤੇ ਬੰਦਾ ਸਿੰਘ ਬਹਾਦਰ ਦੇ ਰਾਜ ਦੇ ਰੂਪ ਵਿਚ ਸਾਹਮਣੇ ਆਇਆ। •

ਫ੍ਰੀ ਲਿਟਰੇਚਰ ਫ਼ੰਡ ਵਿਚ ਆਪਣਾ ਹਿੱਸਾ ਪਾਉ ਜੀ

ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ ਨੇ ਹਰ ਸਿੱਖ ਘਰ ਵਿਚ ਫ੍ਰੀ ਧਾਰਮਿਕ ਲਿਟਰੇਚਰ ਪਹੁੰਚਾਉਣ ਦਾ ਉਪਰਾਲਾ ਕੀਤਾ ਹੈ। ਹਰ ਮਹੀਨੇ 60,000 ਦੀ ਗਿਣਤੀ ਵਿਚ ਗੁਰਬਾਣੀ, ਸਿੱਖ ਇਤਿਹਾਸ ਤੇ ਰਹਿਤ ਮਰਯਾਦਾ ਦੇ ਕਿਸੇ ਪਹਿਲੂ ਤੇ ਲਿਟਰੇਚਰ ਛਾਪ ਕੇ ਵੰਡਿਆ ਜਾ ਰਿਹਾ ਹੈ। ਧਰਮ ਪ੍ਰਚਾਰ ਦੀ ਇਸ ਮਹਾਨ ਸੇਵਾ ਵਿਚ ਹਿੱਸਾ ਪਾਉਣ ਲਈ ਹਰ ਪਾਠਕ ਨੂੰ ਬੇਨਤੀ ਕੀਤੀ ਜਾਂਦੀ ਹੈ। ਆਪ ਇਹ ਲਿਟਰੇਚਰ 100 ਰੁਪਏ ਪ੍ਰਤੀ ਸੈਂਕੜਾ ਭੇਜ ਕੇ ਵੀ ਮੰਗਵਾ ਸਕਦੇ ਹੋ ਅਤੇ ਸੰਗਤਾਂ ਵਿਚ ਵੰਡ ਸਕਦੇ ਹੋ।

ਚਾਨਣ-ਮੁਨਾਰੇ

ਅਕਾਲੀ ਫੂਲਾ ਸਿੰਘ ਜੀ ਨਿਹੰਗ

ਸਰਦਾਰ ਰੂਪ ਸਿੰਘ*

ਹਰ ਰਾਜ-ਪ੍ਰਬੰਧ ਵਿਚ ਕੁਝ ਇਕ ਵਿਅਕਤੀਤਵ ਅਜਿਹੇ ਹੁੰਦੇ ਹਨ ਜਿਨ੍ਹਾਂ ਦੁਆਲੇ ਸਮੁੱਚਾ ਰਾਜ-ਪ੍ਰਬੰਧ ਘੁੰਮਦਾ ਹੈ। ਜੇਕਰ ਅਜਿਹੇ ਵਿਅਕਤੀਤਵ ਰਾਜ ਦੀ ਉਸਾਰੀ ਹਿਤ ਲੱਗ ਜਾਣ ਤਾਂ 'ਰਾਜ' ਤਰੱਕੀ ਦੀਆਂ ਸਰਬੁਲੰਦੀਆਂ ਨੂੰ ਪ੍ਰਾਪਤ ਕਰ ਸਕਦਾ ਹੈ, ਪਰ ਜੇ ਇਨ੍ਹਾਂ ਦੀ ਰੁਚੀ ਰਾਜ ਨੂੰ ਖੋਖਲਾ ਕਰਨ ਹਿਤ ਲੱਗ ਜਾਵੇ ਤਾਂ ਸਦੀਆਂ 'ਚ ਬਣੇ ਰਾਜ-ਪ੍ਰਬੰਧ ਨੂੰ ਖੇਰੂੰ-ਖੇਰੂੰ ਹੁੰਦਿਆਂ ਵੀ ਸਮਾਂ ਨਹੀਂ ਲਗਦਾ। ਅਜਿਹੇ ਹੀ ਵਿਅਕਤੀਤਵ ਦੇ ਮਾਲਕ ਸਨ ਅਕਾਲੀ ਫੂਲਾ ਸਿੰਘ ਜਿਨ੍ਹਾਂ ਦੀ ਮਹਾਨ ਸ਼ਖਸੀਅਤ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਪਾਰਖੂ ਅੱਖ ਨੇ ਪਛਾਣ, ਰਾਜ-ਉਸਾਰੀ ਹਿਤ ਲਾ ਲਿਆ।

ਸਈਯਦ ਵਹੀਦ-ਉ-ਦੀਨ ਅਕਾਲੀ ਫੂਲਾ ਸਿੰਘ ਜੀ ਦੇ ਵਿਅਕਤੀਤਵ ਨੂੰ ਇਸ ਤਰ੍ਹਾਂ ਰੂਪਮਾਨ ਕਰਦਾ ਹੈ, "ਇਕ ਵਿਅਕਤੀ ਵਜੋਂ ਬੜਾ ਬਹਾਦਰ ਤੇ ਕਾਬਲ ਸੈਨਿਕ ਸੀ। ਅਕਾਲੀ ਜਥੇ ਦੇ ਜਥੇਦਾਰ ਦੀ ਹੈਸੀਅਤ ਵਿਚ ਇਕ ਅਜਿਹੀ ਤਾਕਤ ਸੀ ਜਿਹੜੀ ਅਗਰ ਰਾਜ-ਪ੍ਰਬੰਧ ਦੇ ਕੰਮਾਂ ਵੱਲ ਨਾ ਲਾਈ ਜਾਂਦੀ ਤਾਂ ਇਹਦੀਆਂ ਨੀਹਾਂ ਪੋਲੀਆਂ ਕਰ ਦਿੰਦੀ।"

ਖਾਲਸਾ ਫੌਜਾਂ ਵਿਚ ਜਿਸ ਜਥੇ ਨੂੰ 'ਕਮਾਂਡੋ' ਹੋਣ ਦਾ ਮਾਣ ਹਾਸਲ ਸੀ—ਉਸ ਜਥੇ ਦੇ ਜਥੇਦਾਰ ਸਨ—ਮੌਤ ਨੂੰ ਕਲੋਲਾਂ ਕਰਨ ਵਾਲੇ, ਸਿਰਲੱਥ ਯੋਧੇ ਅਕਾਲੀ ਫੂਲਾ ਸਿੰਘ।

ਨਿਸ਼ਾਨ ਵਾਲੀਆਂ ਮਿਸਲ ਨਾਲ ਸੰਬੰਧਤ ਸਰਦਾਰਾਂ 'ਚੋਂ ਸਰਦਾਰ ਈਸ਼ਰ ਸਿੰਘ ਦੇ ਘਰ ਪਿੰਡ ਸ਼ੀਹਾਂ (ਜੋ ਪੰਜਾਬ ਦੇ ਬਾਂਗਰ ਇਲਾਕੇ ਵਿਚ ਸੀ) ਵਿਚ 1761 ਈ: ਨੂੰ ਫੂਲਾ ਸਿੰਘ ਦਾ ਜਨਮ ਹੋਇਆ। ਸਰਦਾਰ ਈਸ਼ਰ ਸਿੰਘ 1762 ਈ: ਵਿਚ ਅਬਦਾਲੀ ਦੇ ਹਮਲੇ ਦੌਰਾਨ ਸਖਤ ਫੱਟੜ ਹੋ ਗਏ ਜਿਸ ਕਾਰਨ ਜਲਦੀ ਪ੍ਰਭੂ-ਚਰਨਾਂ ਵਿਚ ਜਾ ਬਿਰਾਜੇ। ਬਾਲਕ ਫੂਲਾ ਸਿੰਘ ਦੇ ਪਾਲਣ-ਪੋਸਣ ਦੀ ਜ਼ਿੰਮੇਵਾਰੀ ਸ: ਈਸ਼ਰ ਸਿੰਘ ਦੇ ਇਕ ਸੁਹਿਰਦ ਮਿੱਤਰ ਨੇ ਨਿਭਾਈ। ਫੂਲਾ ਸਿੰਘ ਨੂੰ ਧਾਰਮਿਕ ਵਿਦਿਆ ਦੇ ਨਾਲ ਨਾਲ ਸਮਕਾਲੀ ਸਮਾਜ ਦਾ ਸਿਰਲੱਥ ਯੋਧਾ ਬਣਾਉਣ ਲਈ ਭਾਂਤ-ਭਾਂਤ ਦੀ ਸ਼ਸਤਰ ਵਿਦਿਆ ਦਾ ਵੀ ਯੋਗ ਪ੍ਰਬੰਧ ਕੀਤਾ ਗਿਆ। ਘੋੜ-ਸਵਾਰੀ ਤੇ ਨੇਜ਼ਾ-ਬਾਜ਼ੀ ਦਾ ਬਾਲਕ ਨੂੰ ਅਥਾਹ ਸ਼ੌਕ ਸੀ। ਇਸ ਤਰ੍ਹਾਂ ਸੁਯੋਗ ਪ੍ਰਬੰਧ ਤੇ ਕੁਦਰਤੀ ਰੁਚੀਆਂ-ਵਸ ਅਕਾਲੀ ਜੀ ਨੇ ਜਲਦੀ ਹੀ ਯੁੱਧ ਕਲਾ ਵਿਚ ਮੁਹਾਰਤ ਹਾਸਲ ਕਰ ਲਈ।

ਆਰੰਭਕ ਵਿਦਿਆ ਦੀ ਪ੍ਰਾਪਤੀ ਉਪਰੰਤ ਬਾਲਕ ਫੂਲਾ ਸਿੰਘ ਨੇ ਸ: ਨਰੈਣ ਸਿੰਘ ਦੇ ਜਥੇ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਅਨੰਦਪੁਰ ਸਾਹਿਬ ਜਥੇ ਦੇ ਨਾਲ ਹੀ ਰਹਿਣਾ ਸ਼ੁਰੂ ਕਰ ਦਿੱਤਾ। ਸ: ਨਰੈਣ ਸਿੰਘ ਦੇ ਅਕਾਲ-ਚਲਾਣੇ ਪਿਛੋਂ ਜਥੇ ਦੇ ਮੈਂਬਰਾਂ ਨੇ ਇਨ੍ਹਾਂ ਦੀ ਸਰਦਾਰੀ ਨੂੰ ਸਵੀਕਾਰ ਕਰ ਲਿਆ।

1800 ਈ: ਵਿਚ ਅਕਾਲੀ ਜਥੇ ਨੇ ਆਪਣਾ ਸਦਰ-ਮੁਕਾਮ ਅੰਮ੍ਰਿਤਸਰ ਨੂੰ ਬਣਾ ਕੇ ਸ੍ਰੀ ਅਕਾਲ ਤਖਤ ਸਾਹਿਬ ਤੇ ਹੋਰ ਗੁਰਦੁਆਰਿਆਂ ਵਿਚੋਂ ਮਹੰਤਾਂ ਵਲੋਂ ਸ਼ੁਰੂ ਕੀਤੀ ਬ੍ਰਾਹਮਣੀ ਮਰਯਾਦਾ ਦਾ ਸਫਾਇਆ ਕਰ ਅੰਮ੍ਰਿਤ-ਸਰੋਵਰ ਦੀ ਕਾਰ-ਸੇਵਾ ਕਰਵਾਈ। 1802 ਈ: ਨੂੰ ਸ਼ੇਰੇ-ਪੰਜਾਬ ਨੂੰ ਸੰਧਾਵਾਲੀਆਂ ਤੋਂ ਅੰਮ੍ਰਿਤਸਰ ਦਾ ਕਬਜ਼ਾ ਦਿਵਾਉਣ ਵਿਚ ਸਹਾਇਤਾ ਪ੍ਰਦਾਨ ਕੀਤੀ। 1807 ਈਸਵੀ ਵਿਚ ਕਸੂਰ ਦੀ ਫਤਹਿ ਸਮੇਂ ਅਕਾਲੀ ਜਥੇ ਦੀ ਬਹਾਦਰੀ ਤੇ ਅਕਾਲੀ ਜੀ ਦੀ ਵਰਿਆਮਤਾ ਨੇ ਮਹਾਰਾਜਾ ਰਣਜੀਤ ਸਿੰਘ ਦਾ ਮਨ ਮੋਹ ਲਿਆ। ਇਸ ਸਮੇਂ ਤੱਕ ਅਕਾਲੀ ਜਥੇ ਦੇ ਨਿਸ਼ਕਾਮ ਸੇਵਕਾਂ ਦੀ ਤਾਦਾਦ ਵਿਚ ਚੋਖਾ ਵਾਧਾ ਹੋ ਚੁੱਕਾ ਸੀ।

1809 ਈ: ਨੂੰ ਲਾਰਡ ਮੈਟਕਾਫ਼ ਮਹਾਰਾਜਾ ਰਣਜੀਤ ਸਿੰਘ ਨਾਲ ਸੰਧੀ ਕਰਨ ਹਿਤ ਅੰਮ੍ਰਿਤਸਰ ਆਇਆ। ਉਸ ਦੇ ਨਾਲ ਸ਼ੀਆ ਮੁਸਲਮਾਨਾਂ ਦੀ ਬਹੁ-ਗਿਣਤੀ ਵਾਲੀ ਇਕ ਪਲਟਨ ਵੀ ਸੀ। 25 ਫਰਵਰੀ ਨੂੰ ਮੁਹਰਮ ਦੇ ਦਿਨ ਮੁਸਲਮਾਨਾਂ ਤਾਜੀਆ ਕੱਢਿਆ, ਜਦ ਇਹ ਜਲੂਸ ਸ੍ਰੀ ਦਰਬਾਰ ਸਾਹਿਬ ਦੇ ਸਾਹਮਣਿਓਂ ਗੁਜ਼ਰ ਰਿਹਾ ਸੀ ਤਾਂ ਇਸ ਸ਼ੋਰ ਕਾਰਨ ਸ੍ਰੀ ਅਕਾਲ ਤਖਤ 'ਤੇ ਸਜੇ ਦੀਵਾਨ ਵਿਚ ਵਿਘਨ ਪੈਣ ਲੱਗਾ। ਕੁਝ ਸਿੰਘਾਂ ਨੇ ਜਾ ਕੇ ਮੁਸਲਮਾਨਾਂ ਨੂੰ ਜਲੂਸ ਦਾ ਰਸਤਾ ਬਦਲਣ ਲਈ ਬੇਨਤੀ ਕੀਤੀ ਪਰ ਇਸ ਬੇਨਤੀ ਦੀ ਮੁਸਲਮਾਨਾਂ ਨੇ ਪਰਵਾਹ ਨਾ ਕੀਤੀ ਜਿਸ 'ਤੇ ਅਕਾਲੀਆਂ ਤੇ ਮੁਸਲਮਾਨਾਂ ਦਰਮਿਆਨ ਝਗੜਾ ਹੋ ਗਿਆ। ਮਹਾਰਾਜਾ ਰਣਜੀਤ ਸਿੰਘ ਦੇ, ਸਮੇਂ ਸਿਰ ਪਹੁੰਚ ਜਾਣ ਕਾਰਨ ਝਗੜਾ ਤਾਂ ਟਲ ਗਿਆ—ਪਰ ਇਸ ਤੋਂ ਪਿਛੋਂ ਸ੍ਰੀ ਦਰਬਾਰ ਸਾਹਿਬ ਦੇ ਸਾਹਮਣੇ ਤੋਂ ਤਾਜੀਆ ਕੱਢਣ ਦੀ ਕਿਸੇ ਜੁਰਅਤ ਨਹੀਂ ਕੀਤੀ। ਇਸ ਸਮੇਂ ਹੀ ਲਾਰਡ ਮੈਟਕਾਫ਼ ਤੇ ਰਣਜੀਤ ਸਿੰਘ ਵਿਚਕਾਰ ਅੰਮ੍ਰਿਤਸਰ ਦੀ ਸੰਧੀ ਹੋ ਗਈ ਭਾਵੇਂ ਅਕਾਲੀ ਜਥਾ ਇਸ ਦੇ ਹੱਕ ਵਿਚ ਨਹੀਂ ਸੀ।

ਇਸ ਤੋਂ ਪਿਛੋਂ ਅਕਾਲੀ ਜਥਾ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਚਲਾ ਗਿਆ। ਇਸ ਦਾ ਮੁੱਖ ਕਾਰਨ ਅਕਾਲੀ ਜੀ ਤੇ ਖਾਲਸਾ ਸਰਕਾਰ ਵਿਚ ਆਪਸੀ ਮਤਭੇਦ ਸਨ ਜਿਨ੍ਹਾਂ ਵਿਚੋਂ ਮੁੱਖ ਇਹ ਸਨ—ਡੋਗਰਿਆਂ ਨੂੰ ਜ਼ਿੰਮੇਵਾਰੀਆਂ ਦੇ ਅਹੁਦੇ ਦਈ ਜਾਣਾ, ਮਿਸਰ ਗੰਗਾ ਰਾਮ ਦੇ ਪਰਿਵਾਰ ਦੇ ਮੈਂਬਰਾਂ ਨੂੰ ਦਰਬਾਰ ਵਿਚ ਭਰਤੀ ਕਰਨਾ, ਕੰਵਰ ਸ਼ੇਰ ਸਿੰਘ ਤੇ ਖੜਕ ਸਿੰਘ ਦੇ ਮਹਾਰਾਜਾ ਨਾਲ ਮਤਭੇਦ ਬਣਾਉਣ ਲਈ ਡੋਗਰਿਆਂ ਦੀ ਜ਼ਿੰਮੇਵਾਰੀ ਆਦਿ।

*ਸਾਬਕਾ ਸੰਪਾਦਕ, ਗੁਰਮਤਿ ਪ੍ਰਕਾਸ਼, ਅੰਮ੍ਰਿਤਸਰ

ਅਕਾਲੀ ਜਥਾ ਸ੍ਰੀ ਦਮਦਮਾ ਸਾਹਿਬ ਤੋਂ 1814 ਈ: ਨੂੰ ਅਨੰਦਪੁਰ ਸਾਹਿਬ ਪਹੁੰਚ ਗਿਆ। ਏਸੇ ਸਾਲ ਹੀ ਜੀਂਦ ਦੇ ਸ਼ਹਿਜ਼ਾਦੇ ਪਰਤਾਪ ਸਿੰਘ ਨੂੰ ਸਰਕਾਰੀ ਖਟਪਟੀ ਕਾਰਨ, ਅਕਾਲੀ ਜਥੇ ਪਾਸ ਸ਼ਰਨ ਲੈਣੀ ਪਈ। ਸਰਕਾਰ ਦੇ ਦੂਤ ਨੇ ਅਕਾਲੀ ਜੀ ਤੋਂ ਸ਼ਹਿਜ਼ਾਦੇ ਦੀ ਮੰਗ ਕੀਤੀ, ਜੋ ਅਕਾਲੀ ਜੀ ਨੇ ਨਾ ਮੰਨੀ। ਇਸ 'ਤੇ ਸਰਕਾਰ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਅਕਾਲੀ ਜੀ ਨੂੰ ਆਪਣੇ ਇਲਾਕੇ ਵਿਚ ਮੰਗਵਾਉਣ ਲਈ ਲਿਖਿਆ। ਮਹਾਰਾਜਾ ਰਣਜੀਤ ਸਿੰਘ ਨੇ ਅੰਗਰੇਜ਼ਾਂ ਦੀ ਕੁਚਾਲ ਨੂੰ ਨਾ ਸਮਝਦਿਆਂ ਹੋਇਆਂ ਫਿਲੌਰ ਦੇ ਕਿਲ੍ਹੇਦਾਰ ਮੋਤੀ ਰਾਮ ਦੀ ਸ਼ਕਤੀ ਨਾਲ ਅਕਾਲੀ ਜੀ ਨੂੰ ਪਾਸ ਬੁਲਾਉਣਾ ਚਾਹਿਆ। ਪਰ ਅਕਾਲੀ ਜੀ ਦੀ ਮਹਾਨ ਸ਼ਖਸੀਅਤ ਤੋਂ ਜਾਣੂੰ ਮੋਤੀ ਰਾਮ ਦੀ ਸਮੁੱਚੀ ਫੌਜ ਨੇ ਬਿਨਾਂ ਕਿਸੇ ਹਮਲੇ ਦੇ ਅਕਾਲੀ ਜੀ ਅੱਗੇ ਆਤਮ-ਸਮਰਪਣ ਕਰ ਦਿੱਤਾ। ਪਿਛੋਂ ਅਕਾਲੀ ਜੀ ਬਾਬਾ ਸਾਹਿਬ ਸਿੰਘ ਜੀ ਬੇਦੀ ਦੇ ਕਹਿਣ 'ਤੇ ਅੰਮ੍ਰਿਤਸਰ ਆ ਗਏ। ਅੰਮ੍ਰਿਤਸਰ ਪਹੁੰਚਣ 'ਤੇ ਅਕਾਲੀ ਜੀ ਦਾ ਮਹਾਰਾਜਾ ਰਣਜੀਤ ਸਿੰਘ ਤੇ ਸਰਦਾਰਾਂ ਨੇ ਗਰਮ-ਜੋਸ਼ੀ ਨਾਲ ਸਵਾਗਤ ਕੀਤਾ।

ਇਸ ਛੋਟੇ-ਜਿਹੇ ਲੇਖ ਵਿਚ ਅਕਾਲੀ ਜੀ ਦੀ ਸਮੁੱਚੀ ਜੀਵਨ-ਕਹਾਣੀ ਨੂੰ ਚਿਤਰ ਸਕਣਾ ਮੁਸ਼ਕਲ ਹੈ। ਗੁਰੂ ਗ੍ਰੰਥ ਸਾਹਿਬ ਦੇ ਅਟੁੱਟ ਵਿਸ਼ਵਾਸੀ, ਦ੍ਰਿੜ੍ਹਤਾ, ਸੂਰਮਗਤੀ, ਨਿਡਰਤਾ, ਨਿਰਵੈਰਤਾ, ਨਿਸ਼ਕਾਮਤਾ, ਤੇਜ ਪ੍ਰਤਾਪ, ਕੌਮੀ-ਪਿਆਰ, ਯੋਗ-ਪ੍ਰਬੰਧਕ, ਤਲਵਾਰ ਦੇ ਧਨੀ, ਚੋਟੀ ਦੇ ਘੋੜ ਸਵਾਰ, ਤੀਖਣ ਬੁੱਧੀ, ਮੋਹ-ਮਾਇਆ ਤੇ ਸ਼ਾਨੋ-ਸ਼ੌਕਤ ਤੋਂ ਨਿਰਲੇਪ, ਜੀਵਨ ਭਰ ਕੌਮ ਦੀ ਅਣਖ ਤੇ ਆਬਰੂ ਲਈ ਲੜਦੇ ਰਹਿਣ ਵਾਲੇ ਇਸ ਮਹਾਨ ਜਰਨੈਲ ਦੇ ਉਪਰੋਕਤ ਗੁਣ ਵੱਖ-ਵੱਖ ਲੇਖਾਂ ਦੀ ਮੰਗ ਕਰਦੇ ਹਨ ਤੇ ਇਕ ਹੀ ਲੇਖ ਵਿਚ ਇਨ੍ਹਾਂ ਦਾ ਸਾਰ-ਵਿਸਥਾਰ ਕਰਨਾ ਇਸ ਸ਼ਖਸੀਅਤ ਨਾਲ ਬੇ-ਇਨਸਾਫ਼ੀ ਕਰਨ ਦੇ ਤੁਲ ਹੈ।

'ਖ਼ਾਲਸਾ ਰਾਜ ਦੇ ਰਾਖੇ' ਅਕਾਲੀ ਜੀ ਜੀਵਨ ਭਰ ਖਾਲਸਾ ਰਾਜ ਦੀ ਪ੍ਰਭੁਸੱਤਾ ਨੂੰ ਬਣਾਈ ਰੱਖਣ ਲਈ ਮੁੱਖ ਰੂਪ ਵਿਚ 1807 ਈ: ਕਸੂਰ ਦੀ ਜਿੱਤ, 1808 ਈ: ਹੁਸੈਨੀਆਂ ਦੀ ਸੁਧਾਈ, 1809 ਈ: ਕੈਪਟਨ ਕੋ-ਪਟਨ ਵਾਈਟ 'ਤੇ ਹਮਲੇ, 1813 ਈ: ਕਸ਼ਮੀਰ ਦੀ ਮੁਹਿੰਮ, 1816 ਈ: ਖਾਨਗੜ੍ਹ 'ਤੇ ਹਮਲੇ ਸਮੇਂ, 1816 ਮੁਲਤਾਨ ਦੀ ਫਤਹਿ, ਹਜ਼ਾਰੇ ਦੀ ਮੁਹਿੰਮ, 1818 ਈ: ਪਿਸ਼ਾਵਰ ਦੀ ਚੜ੍ਹਾਈ, 1819 ਈ: ਕਸ਼ਮੀਰ 'ਤੇ ਦੂਸਰੇ ਹਮਲੇ ਤੇ 1823 ਈ: ਨੌਸ਼ਹਿਰੇ ਦੀ ਲੜਾਈ ਸਮੇਂ ਬਹਾਦਰੀ ਤੇ ਸੂਰਮਗਤੀ ਦੇ ਜੌਹਰ ਵਿਖਾਏ। ਇਨ੍ਹਾਂ ਸਮੁੱਚੀਆਂ ਮੁਹਿੰਮਾਂ, ਲੜਾਈਆਂ, ਚੜ੍ਹਾਈਆਂ ਵਿਚ ਅਕਾਲੀ ਜਥੇ ਤੇ ਅਕਾਲੀ ਜੀ ਵਲੋਂ ਪਾਏ ਯੋਗਦਾਨ ਨੂੰ ਦਰਸਾਉਣਾ ਕੁਸੰਗਤ ਨਹੀਂ ਹੋਵੇਗਾ। ਪਰ ਸਮੇਂ ਤੇ ਸਥਾਨ ਦੀਆਂ ਪਾਬੰਦੀਆਂ ਨੂੰ ਮੱਦੇ-ਨਜ਼ਰ ਰੱਖਦਿਆਂ ਹੋਇਆਂ ਦੋ ਗੈਰ-ਸਿੱਖ ਸ੍ਰੋਤਾਂ ਦੇ ਵਿਚਾਰ ਹੀ ਕਾਫੀ ਹਨ :

ਮੁਲਤਾਨ ਦੀ ਲੜਾਈ ਵਿਚ ਅਕਾਲੀ ਜੀ ਦੀ ਬੀਰਤਾ ਤੇ ਸੂਰਮਗਤੀ ਦੀ ਸ਼ਾਹਦੀ ਦਸੰਬਰ 1846 ਦਾ **'ਕਲਕੱਤਾ ਰਿਵਿਊ'** ਇਸ ਤਰ੍ਹਾਂ ਭਰਦਾ ਹੈ—"ਰਣਜੀਤ ਸਿੰਘ ਦੀ ਸਾਰੀ ਸੈਨਾ ਮੁਲਤਾਨ ਤੋਂ ਪਿੱਛੇ ਧੱਕੀ ਜਾਣੀ ਸੀ ਜੇਕਰ ਫੂਲਾ ਸਿੰਘ ਅਕਾਲੀ ਲੋਹੇ ਵਰਗਾ ਹੌਸਲਾ ਕਰਕੇ, ਮੋਰਚੇ ਵਿਚੋਂ ਆਪਣਾ ਜਥਾ ਲੈ ਕੇ ਤੂਫ਼ਾਨ ਵਾਂਗੂੰ ਅੰਦਰ ਨਾ ਜਾ ਵੜਦਾ।"

ਨੌਸ਼ਹਿਰੇ ਦੀ ਲੜਾਈ ਵਿਚ ਇਸ ਜੋਸ਼ੀਲੇ-ਅਣਖੀਲੇ ਜਰਨੈਲ ਦੀ ਬਹਾਦਰੀ ਨੂੰ **ਸਮਾਈਥ** ਇਸ ਤਰ੍ਹਾਂ ਬਿਆਨ ਕਰਦਾ ਹੈ, "ਨੌਸ਼ਹਿਰੇ ਦੀ ਲੜਾਈ ਜਿੱਤਣ ਦੀ ਕੋਈ ਆਸ ਨਹੀਂ ਸੀ ਪਰ ਇਹ ਲੜਾਈ ਫੂਲਾ ਸਿੰਘ ਦੀ ਬਹਾਦਰੀ ਅਤੇ ਉਸ ਦੇ ਸਾਥੀਆਂ ਦੀ ਸਹਾਇਤਾ ਕਾਰਨ ਹੀ ਜਿੱਤੀ ਗਈ ਸੀ।"

ਮੁਲਤਾਨ ਦੀ ਫਤਹਿ ਤੋਂ ਪਿਛੋਂ ਅਕਾਲੀ ਫੂਲਾ ਸਿੰਘ ਨੂੰ ਮਹਾਰਾਜਾ ਰਣਜੀਤ ਸਿੰਘ ਨੇ **'ਖਾਲਸਾ ਰਾਜ ਦਾ ਰਾਖਾ'** ਕਹਿ ਕੇ ਸਤਿਕਾਰ ਦਿੱਤਾ ਜਿਸ ਦੇ ਅਕਾਲੀ ਜੀ ਪੂਰਨ ਤੌਰ 'ਤੇ ਹੱਕਦਾਰ ਵੀ ਸਨ। ਅਕਾਲੀ ਜੀ ਦੇ ਮਨ ਵਿਚ ਵੀ ਹਮੇਸ਼ਾ ਖਾਲਸਾ ਰਾਜ ਨਾਲ ਪਿਆਰ, ਫ਼ਕੀਰ ਭਰਾਵਾਂ ਲਈ ਸਤਿਕਾਰ ਤੇ ਅਕ੍ਰਿਤਘਣ ਡੋਗਰੇ ਭਰਾ ਆਪਣੀਆਂ ਹੀ ਬਦਨੀਤੀਆਂ ਕਾਰਨ ਘ੍ਰਿਣਾ ਦੇ ਪਾਤਰ ਬਣੇ ਰਹੇ। ਫੂਲਾ ਸਿੰਘ ਉਨ੍ਹਾਂ ਦੂਰ-ਅੰਦੇਸ਼ਾਂ ਵਿਚੋਂ ਇਕ ਸਨ ਜੋ ਡੋਗਰਿਆਂ ਦੀਆਂ ਕੁਚਾਲਾਂ ਤੋਂ ਖਾਲਸਾ ਸਰਕਾਰ ਨੂੰ ਸਮੇਂ-ਸਮੇਂ ਸੁਚੇਤ ਕਰਦੇ ਸਨ। ਮੁਲਤਾਨ ਦੀ ਭੀੜ ਸਮੇਂ ਜਦ ਰਣਜੀਤ ਸਿੰਘ ਨੇ ਹਾਲਾਤਾਂ ਤੋਂ ਜਾਣੂੰ ਕਰਵਾਉਂਦਿਆਂ ਅਕਾਲੀ ਜੀ ਪਾਸੋਂ ਮਦਦ ਮੰਗੀ ਤਾਂ ਅਕਾਲੀ ਜੀ ਨੇ ਨਿਡਰਤਾ ਸਹਿਤ ਡੋਗਰਿਆਂ ਪ੍ਰਤੀ ਆਪਣਾ ਰਵੱਈਆ ਇਸ ਤਰ੍ਹਾਂ ਪ੍ਰਗਟ ਕੀਤਾ—'ਡੋਗਰਿਆਂ ਦਿਆ ਪਾਲਕਾ, ਪਹਿਲਾਂ ਕਿਉਂ ਨਹੀਂ ਦੱਸਿਆ? ਕਾਹਨੂੰ ਖਾਲਸਾ ਦਲ ਨੂੰ ਏਨੀਆਂ ਮੁਸ਼ਕਲਾਂ ਵਿਚ ਫਸਾ ਛੱਡਿਆ ਈ? ਫਿਰ ਵੀ ਫੌਜ ਰਣਤੱਤੇ ਵਿਚ ਜਾਣ ਲਈ ਤਿਆਰ ਹੈ, ਜੇਕਰ ਗੁਰੂ ਨੂੰ ਭਾਇਆ ਤਾਂ ਖਾਲਸਾਈ ਝੰਡਾ ਗੱਡ ਕੇ ਮੁੜਾਂਗੇ।' ਅਕਾਲੀ ਜੀ ਦੇ ਜਾਣ ਨਾਲ ਮੁਲਤਾਨ ਦੀ ਫਤਹਿ ਹੋਈ।

ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਹੈਸੀਅਤ ਵਿਚ ਅਕਾਲੀ ਜੀ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਮੋਰਾਂ ਦੇ ਮੁਕੱਦਮੇ ਸਮੇਂ ਕੋਰੜੇ ਮਾਰਨ ਦੀ ਸਜ਼ਾ ਸੁਣਾਈ ਭਾਵੇਂ ਕਿ ਬਾਅਦ ਵਿਚ ਇਹ ਮੁਆਫ ਕਰ ਦਿੱਤੀ ਗਈ।

ਨੌਸ਼ਹਿਰੇ ਦੀ ਲੜਾਈ ਵਿਚ ਘੋੜੇ ਦੇ ਫੱਟੜ ਹੋਣ ਕਾਰਨ ਅਕਾਲੀ ਜੀ ਨੂੰ ਹਾਥੀ ਦੀ ਸਵਾਰੀ ਕਰਨੀ ਪਈ ਜਿਸ ਕਾਰਨ ਅਕਾਲੀ ਜੀ ਦੀ ਫੁਰਤੀ ਵਿਚ ਕਮੀ ਆਉਣੀ ਸੁਭਾਵਕ ਸੀ। ਇਸ ਲੜਾਈ ਦੌਰਾਨ ਹੀ ਰਣਤੱਤੇ ਵਿਚ ਜੂਝਦਿਆਂ ਸਿੱਖਾਂ ਦੇ ਇਸ ਹਰਮਨ ਪਿਆਰੇ, ਗੁਰੂ-ਵਿਸ਼ਵਾਸੀ, ਪ੍ਰਣ-ਪਾਲਕ ਜਰਨੈਲ, ਖਾਲਸਾ ਰਾਜ ਦੇ ਰਾਖੇ ਦਾ ਅੰਤ ਸਮਾਂ ਆ ਗਿਆ। ਅਕਾਲੀ ਜੀ ਦਾ ਸਸਕਾਰ ਉਥੇ ਹੀ ਕਰ ਦਿੱਤਾ ਗਿਆ। ਅਜ਼ਾਦੀ ਤੋਂ ਪਿਛੋਂ ਅੰਮ੍ਰਿਤਸਰ ਵਿਚ ਅਕਾਲੀ ਜੀ ਦੀ ਸਿਮਰਤੀ ਨੂੰ ਸਮਰਪਤ ਇਕ ਬਹੁ-ਮੰਜ਼ਲਾ ਬੁਰਜ ਉਸਾਰਿਆ ਗਿਆ, ਜੋ ਅਕਾਲੀ ਜੀ ਦੀ ਸ਼ਖਸੀਅਤ ਦੇ ਕਈ ਪੱਖਾਂ ਨੂੰ ਸਮੋਈ ਖੜ੍ਹਾ ਹੈ। •

ਕਾਵਿ-ਫੁਲਵਾੜੀ

ਦੋ ਖ਼ੁਸ਼ਨੁਮਾ ਗ਼ੁੰਚੇ

—ਸ: ਪ੍ਰੀਤਮ ਸਿੰਘ 'ਕਾਸਦ'*

ਮੜ੍ਹੇ ਸਰਹੰਦ ਦੀ ਦੀਵਾਰ ਵਿਚ, ਦੋ ਖ਼ੁਸ਼ਨੁਮਾ ਗੁੰਚੇ,
ਜਿਨ੍ਹਾਂ ਦੇ ਖ਼ੂਨ ਨੇ ਗ਼ੈਰਤ ਦੀਆਂ, ਭਰੀਆਂ ਸੁਰਾਹੀਆਂ ਨੇ।
ਇਹ ਲਾਲੀ ਏਸ ਲਈ ਚੋਂਦੀ ਏ, ਅਜ ਭਾਰਤ ਦੇ ਮੁਖੜੇ ਤੋਂ,
ਮੇਰੇ ਸਾਕੀ ਛਬੀਲਾਂ ਲਹੂ ਦੀਆਂ, ਦਿਨ ਰਾਤ ਲਾਈਆਂ ਨੇ।
ਜਵਾਹਰ ਤਾਂ ਹੀ ਸੁੰਦਰ ਤਾਜ ਦਾ ਸ਼ਿੰਗਾਰ ਬਣ ਸਕਿਐ,
ਜਾਂ ਛਿਲ ਛਿਲ ਛੈਣੀਆਂ ਚਿਪਰਾਂ ਓਹਦੇ ਪਿੰਡੇ ਤੋਂ ਲਾਹੀਆਂ ਨੇ।
ਲਹੂ ਮਾਲੀ ਦਾ ਹਰ ਪੱਤੀ ਚੋਂ, ਭਾਹਾਂ ਮਾਰਦਾ ਕੂਕੇ,
ਬਹਾਰਾਂ ਜਦ ਵੀ ਆਈਆਂ ਨੇ, ਲਹੂ ਪੀ ਕੇ ਹੀ ਆਈਆਂ ਨੇ।

ਮੇਰੇ ਦਸਮੇਸ਼ ਦੇ ਲਾਲਾਂ ਦੀਆਂ ਕੁਰਬਾਨੀਆਂ ਸਦਕੇ,
ਦੋ ਚਮਕੌਰ ਵਿਚ ਵੈਰੀ ਦੀਆਂ ਲਾਸ਼ਾਂ ਤੇ ਜਾ ਸੁੱਤੇ।
ਚਮਨ ਨੂੰ ਖਾਦ ਵੀ ਦੇ ਗਏ, ਚਮਨ ਨੂੰ ਰੱਤ ਵੀ ਦੇ ਗਏ,
ਤੇ ਦੋ ਸਰਹੰਦ ਵਿਚ ਗ਼ੈਰਤ ਦਾ ਮੈ-ਖ਼ਾਨਾ ਬਣਾ ਸੁੱਤੇ।

ਅਨੇਕਾਂ ਸ਼ਗਨ ਕਰ ਕਰ ਕੇ, ਸਜਾ ਕੇ ਪਿਆਰ ਦੇ ਸਿਹਰੇ,
ਗੁਰੂ ਗੋਬਿੰਦ ਦੀ ਮਾਤਾ, ਸ਼ਿੰਗਾਰੀ ਨੂਰ ਦੀ ਜੋੜੀ।
ਜ਼ਮਾਨਾ ਆਪਣੇ ਪੁੱਤਰਾਂ ਦੇ ਵਿਆਹ ਜੋਬਨ ਚੜ੍ਹੇ ਕਰਦੈ,
ਵਿਆਹੁਣ ਮੌਤ ਦਾਦੀ ਨੇ ਚੜ੍ਹਾਏ ਬਾਲਕੇ ਘੋੜੀ।
ਵੇ ਕੀ ਹੋਇਆ ਜੇ ਨਹੀਂ ਏਥੇ ਮੇਰਾ ਗੋਬਿੰਦ ਸਿੰਘ, ਲਾਲੋ,
ਮੈਂ ਰਜ ਕੇ ਸ਼ਗਨ ਕੀਤੇ ਨੇ, ਕੋਈ ਵੀ ਕਸਰ ਨਹੀਂ ਛੋੜੀ।
ਬੜੀ ਛੇਤੀ ਲਿਆਉਣਾ ਮੌਤ ਦੀ ਡੋਲੀ ਮੇਰੇ ਬੱਚਿਉ,
ਬਹੁਤ ਨਜ਼ਦੀਕ ਲੋਕੀਂ ਆਖਦੇ ਨੇ ਆ ਰਹੀ ਲੋੜ੍ਹੀ।

ਭਰੇ ਦਰਬਾਰ ਵਿਚ ਪਹੁੰਚੇ, ਜਦੋਂ ਦੋ ਸ਼ੇਰ ਦੇ ਬੱਚੇ,
ਜਦੋਂ ਉਨ੍ਹਾਂ ਦੀਆਂ ਬੁਲ੍ਹੀਆਂ ਨੇ ਅਣਖੀ ਛੰਦ ਛਲਕਾਏ।
ਅਨੇਕਾਂ ਲਿਸ਼ਕੀਆਂ ਤੇਗਾਂ, ਮਗਰ ਹਰ ਤੇਗ ਸ਼ਰਮਾਈ,
ਭਲਾ ਦੋ ਸੂਰਜਾਂ ਸਾਹਵੇਂ, ਕਿਸੇ ਦੀ ਪੇਸ਼ ਕੀ ਜਾਏ।

ਅਸਾਂ ਨੀਹਾਂ ਦੇ ਵਿਚ ਆਪਾ ਚਿਣਾਉਣੈ ਏਸ ਲਈ ਖ਼ਾਨਾ,
ਮਤਾਂ ਸਮਝੇਂ ਕਿ ਚੰਨ ਮੱਸਿਆ ਦੀ ਰਾਤੇ ਚੜ੍ਹ ਨਹੀਂ ਸਕਦੇ।
ਇਨ੍ਹਾਂ ਨਾੜਾਂ 'ਚ ਅਰਜਨ ਦੇਵ ਦਾ ਲਹੂ ਦੌੜਦੈ ਅਣਖੀ,
ਮਤਾਂ ਸਮਝੇਂ ਕਿ ਬਾਲਕ ਅੱਜ ਤੱਵੀ ਤੇ ਰੜ੍ਹ ਨਹੀਂ ਸਕਦੇ।
ਜਿਨ੍ਹਾਂ ਕਲੀਆਂ ਦੀ ਨਸ ਨਸ ਵਿਚ ਮਹਿਕ ਗੁਰੂ ਤੇਗ ਦੇ ਤਪ ਦੀ,
ਉਹਦੇ ਪੋਤੇ, ਨਾ ਸਮਝੀਂ ਜ਼ੁਲਮ ਅਗੇ ਖੜ੍ਹ ਨਹੀਂ ਸਕਦੇ।
ਜਿਨ੍ਹਾਂ ਸਿੱਖੀ ਦੇ ਮੈ-ਖ਼ਾਨੇ ਚੋਂ ਪੀਤੇ ਜਾਮ ਖੰਡੇ ਦੇ,
ਉਹ ਰਿੰਦ ਮਰ ਕੇ ਵੀ ਗ਼ੈਰਾਂ ਦੇ ਮੈ-ਖ਼ਾਨੇ ਵੜ ਨਹੀਂ ਸਕਦੇ।

ਜਿਨ੍ਹਾਂ ਨੂੰ ਲੱਖ ਅਸੀਸਾਂ 'ਗੁਜਰੀ' ਮਾਤਾ ਦੀਆਂ ਮਿਲੀਆਂ,
ਉਹ ਗੁੰਚੇ ਆਪਣੀ ਟਹਿਣੀ ਤੋਂ ਹਰਗਿਜ਼ ਝੱੜ ਨਹੀਂ ਸਕਦੇ।
ਜਿਨ੍ਹਾਂ ਨੈਣਾਂ 'ਚ ਗੋਬਿੰਦ ਸਿੰਘ ਦੇ ਨੈਣਾਂ ਦੀ ਲਾਲੀ ਏ,
ਕਦੇ ਉਹ ਤੀਰ ਦੁਸ਼ਮਨ ਦੀ ਕਮਾਨੇ ਚੜ੍ਹ ਨਹੀਂ ਸਕਦੇ।

ਹੈ ਧੰਨ ਉਹ ਮਾਤ ਗੁਜਰੀ, ਧੰਨ ਕਲੇਜਾ ਓਸ ਦਾ 'ਕਾਸਦ',
ਜਿਦ੍ਹੇ ਜਿਗਰੇ ਅਨੋਖੇ ਜ਼ੁਲਮ ਹੱਸ ਹੱਸ ਕੇ ਸਹਾਰੇ ਸਨ।
ਜਿਦ੍ਹਾ ਸਰਤਾਜ ਸਿਰ ਦੇ ਕੇ, ਧਰਮ ਦੀ ਲਾਜ ਰਖ ਤੁਰਿਆ,
ਜਿਦ੍ਹੇ ਪੁੱਤਰ ਨੂੰ ਸਿੱਖ, ਪੁੱਤਰਾਂ ਦੇ ਨਾਲੋਂ ਵੱਧ ਪਿਆਰੇ ਸਨ।
ਉਹਦੇ ਸੀਨੇ ਦੀ ਨਿੱਘ ਲੈ ਕੇ, ਚਲੇ ਗੰਗਾ ਦੇ ਧਾਰ ਦੋ,
ਜਿਨ੍ਹਾਂ ਦੇ ਸਿਦਕ ਨੇ ਤੋੜੇ ਅਣਖ ਦੇ ਕੁਲ ਕਿਨਾਰੇ ਸਨ।
ਦੁਹਾਈ ਪੈ ਗਈ ਖੰਡਾਂ ਬ੍ਰਹਿਮੰਡਾਂ ਦੀ ਲੁਕਾਈ ਵਿਚ,
ਮੜ੍ਹੇ ਨੀਹਾਂ ਦੇ ਵਿਚ ਜ਼ਾਲਮ ਜਦੋਂ ਸੁੰਦਰੀ ਦੇ ਤਾਰੇ ਸਨ।

ਤਾਂ ਬਿਫਰੀ ਸ਼ੇਰਨੀ ਵਾਂਗੂੰ, ਕਿਹਾ ਗੁਜਰੀ ਚੰਡਾਲਾਂ ਨੂੰ,
"ਮੇਰੇ ਗੋਬਿੰਦ ਬੱਚੇ ਦੀ ਅਜੇ ਸ਼ਮਸ਼ੀਰ ਜਿਊਂਦੀ ਏ।
ਮੇਰੇ ਸਾਈਂ ਦੇ ਸਿਰ ਸਦਕਾ, ਜੇ ਹਿੰਦੂ ਧਰਮ ਜੀਊਂਦਾ ਏ,
ਇਨ੍ਹਾਂ ਲਾਲਾਂ ਦੇ ਸਦਕੇ ਹਿੰਦ ਦੀ ਤਕਦੀਰ ਜੀਊਂਦੀ ਏ।"

*M-471, ਗੁਰੂ ਹਰਿਕ੍ਰਿਸ਼ਨ ਨਗਰ, ਨਵੀਂ ਦਿੱਲੀ-110041

ਹੁਕਮ ਵਿਚ ਸਭ, ਨਾ ਸ਼ਕ ਕਰ ਤੂੰ

—ਸ: ਸਤਿਨਾਮ ਸਿੰਘ ਕੋਮਲ, ਲੁਧਿਆਣਾ-10

ਭਰੇ ਡੁੱਲ੍ਹਦੇ, ਹੁਕਮ ਉਸਦੇ, ਭਰਨ ਸੱਖਣੇ ਰਜ਼ਾ ਉਸਦੀ।
ਪਲਾਂ ਵਿਚ ਸਭ ਬਦਲ ਜਾਵੇ, ਇਹ ਬਦਲੇ ਜਦ ਨਿਗਾਹ ਉਸਦੀ।

ਕਦੇ ਥੱਕਦਾ ਨਾ ਦੇਂਦਾ ਉਹ, ਅਸੀਂ ਲੈਂਦੇ ਹੀ ਥਕ ਜਾਂਦੇ,
ਜੁਗਾਂ ਤੋਂ ਸਿਰ ਰਹੀ ਸਭ ਦੇ, ਸਦਾ ਇੰਞ ਹੀ ਦਇਆ ਉਸਦੀ।

ਬਖ਼ਸ਼ ਦਏ ਸੋਧ ਜੀਹਨਾਂ ਨੂੰ, ਭੁਲਾ ਸਕਦਾ ਨਾ ਕੋਈ ਵੀ
ਭੁਲਾਏ ਓਸ ਦੇ ਲੱਭਦੇ, ਮਿਲੇ ਦਰ ਵੀ ਨਾ ਰਾਹ ਉਸਦੀ।

ਜਦੋਂ ਰਹਿਮਤ ਦਾ ਮੀਂਹ ਵਰ੍ਹਦਾ, ਖੁਸ਼ੀ ਖੇੜੇ ਹੀ ਸਭ ਪਾਸੇ,
ਨਜ਼ਰ ਆਵੇ ਨਾ ਕੁਝ ਊਣਾ, ਜਦੋਂ ਵਰਤੇ ਕਲਾ ਉਸਦੀ।

ਹੈ ਇਸ ਸੰਸਾਰ ਰੋਗੀ ਲਈ, ਉਦ੍ਹਾ ਬਸ ਨਾਮ ਹੀ ਦਾਰੂ,
ਕੋਈ ਵੀ ਮਰਜ਼ ਹੋਵੇ ਜੇ, ਸ਼ਫ਼ਾ ਬਖ਼ਸ਼ੇ ਦਵਾ ਉਸਦੀ।

ਝੁਕੋਂ ਲੋੜਾਂ ਲਈ ਦਰ ਉਸਦੇ, ਬਿਨਾਂ ਲੋੜੋਂ ਵੀ ਆਇਆ ਕਰ,
ਨਸ਼ੁਕਰੇ ਵੀ ਤੇ ਲੋਭੀ ਵੀ, ਪਰਖਦੇ ਹਾਂ ਵਫ਼ਾ ਉਸਦੀ।

ਰਜ਼ਾ ਉਸਦੀ 'ਚ ਰਹਿਣੇ ਦਾ, ਜੇ ਵੱਲ ਆ-ਜੇ ਤਾਂ ਕਿਆ ਕਹਿਣੇ,
ਹੁਕਮ ਚਲਦਾ ਹੈ ਹਰ ਇਕ ਤੇ, ਹੈ ਸਭ ਥਾਂ ਤੇ ਸੱਤਾ ਉਸਦੀ।

ਇਹ ਤਨ ਉਸਦਾ, ਇਹ ਮਨ ਉਸਦਾ, ਇਹ ਦਾਤਾਂ ਤੇ ਹੈ ਧਨ ਉਸਦਾ,
ਤੇਰਾ ਹੋਣਾ ਕਰਮ ਉਸਦਾ, ਨਾ ਹਸਤੀ ਹੈ ਜੁਦਾ ਉਸਦੀ।

ਉਹ ਦੇਂਦਾ ਵੀ ਤੇ ਲੈਂਦਾ ਵੀ, ਹੈ ਢਾਹੁੰਦਾ ਵੀ ਬਣਾਉਂਦਾ ਵੀ,
ਕਰੇ ਮਰਜ਼ੀ ਨਾ ਪੁੱਛਦਾ ਹੈ, ਜੋ ਹੈ ਹੁੰਦੀ ਸਲਾਹ ਉਸਦੀ।

ਬੜੇ ਦਾਅਵੇ, ਬੜੀ ਸ਼ੋਹਰਤ, ਹਕੂਮਤ ਹੈ ਤੇ ਦੌਲਤ ਵੀ,
ਸਰਾਵਾਂ, ਘਰ ਵੀ ਬਣ ਜਾਂਦੇ, ਅਮਾਨਤ ਹੈ ਨੇ ਸਾਹ ਉਸਦੀ।

ਇਹ ਅੰਬਰ ਧਰਤ ਚੰਨ ਤਾਰੇ, ਇਹ ਸੂਰਜ ਪੌਣ ਤੇ ਪਾਣੀ,
ਹੁਕਮ ਵਿਚ ਸਭ ਨਾ ਸ਼ਕ ਕਰ ਤੂੰ, ਹੈ ਸਭ ਕੁਦਰਤ ਗਵਾਹ ਉਸਦੀ।

ਜੁੜੇਂ ਉਸ ਸੰਗ ਦਿਨੇ ਰਾਤੀਂ, ਅਰਾਧੇਂ ਜੇ ਸੁਬ੍ਹਾ ਸ਼ਾਮੀਂ
ਵਸਲ ਦੀ ਤਾਂਘ ਰੱਖ ਕੋਮਲ, ਤੇ ਰਹਿਮਤ ਦੀ ਉਮਾਹ ਉਸਦੀ।

ਗੱਲ ਤਾਂ ਤੁਹਾਡੀ ਠੀਕ ਹੈ...

ਇਹ ਦੇਖਣ ਵਿਚ ਆਮ ਆਉਂਦਾ ਹੈ ਕਿ ਜਦ ਕੋਈ ਪਰਚਾਰਕ ਗੁਰਮਤਿ ਦੀ ਗੱਲ ਸੰਗਤ ਵਿਚ ਕਰਦਾ ਹੈ ਤਾਂ ਸੰਗਤਾਂ ਧਿਆਨ ਨਾਲ ਸੁਣਦੀਆਂ ਭੀ ਹਨ ਅਤੇ ਨਾਲ ਹੀ ਇਹ ਵੀ ਕਹਿੰਦੀਆਂ ਹਨ ਕਿ ਗੱਲ ਤਾਂ ਤੁਹਾਡੀ ਠੀਕ ਹੈ ਪਰ....

ਗੁਰੂ ਨਾਨਕ ਪਾਤਸ਼ਾਹ ਦੇ ਪ੍ਰਕਾਸ਼ ਦਿਵਸ ਦੇ ਸੰਬੰਧ ਵਿਚ ਗੁਰਪੁਰਬ ਸਮਾਗਮ ਵਿਚ ਗੁਰਮਤਿ ਵਿਚਾਰਾਂ ਹੋ ਰਹੀਆਂ ਸਨ। ਸੰਗਤਾਂ ਨੂੰ ਗੁਰੂ ਪਾਤਸ਼ਾਹ ਨਾਲ ਸੰਬੰਧਤ ਸਾਖੀ ਸੁਣਾਈ ਗਈ ਕਿ ਕਿਸ ਤਰ੍ਹਾਂ ਗੁਰੂ ਜੀ ਨੂੰ ਕਾਜ਼ੀ ਅਤੇ ਨਵਾਬ ਨੇ ਮਸਜਿਦ ਵਿਚ ਨਮਾਜ਼ ਪੜ੍ਹਨ ਲਈ ਕਿਹਾ ਅਤੇ ਗੁਰੂ ਸਾਹਿਬ ਨਮਾਜ਼ ਪੜ੍ਹਨ ਗਏ ਅਤੇ ਨਮਾਜ਼ ਦੀ ਸਮਾਪਤੀ ਤੋਂ ਬਾਅਦ ਗੁਰੂ ਜੀ ਨੇ ਕਾਜ਼ੀ ਅਤੇ ਨਵਾਬ ਨੂੰ ਉਪਦੇਸ਼ ਦਿੱਤਾ ਕਿ ਕਾਜ਼ੀ ਸਾਹਿਬ ਆਪ ਮੂੰਹ ਨਾਲ ਭਾਵੇਂ ਨਮਾਜ਼ ਪੜ੍ਹ ਰਹੇ ਸੀ, ਪਰ ਆਪ ਦਾ ਧਿਆਨ ਘਰ ਸੀ ਅਤੇ ਨਵਾਬ ਸਾਹਿਬ ਨੂੰ ਕਿਹਾ ਕਿ ਆਪ ਦਾ ਧਿਆਨ ਘੋੜੇ ਖਰੀਦ ਰਿਹਾ ਸੀ, ਇਸ ਤਰ੍ਹਾਂ ਪੜ੍ਹੀ ਨਮਾਜ਼ ਕਬੂਲ ਨਹੀਂ ਹੁੰਦੀ, ਨਮਾਜ਼ ਉਹ ਹੀ ਪ੍ਰਵਾਨ ਹੁੰਦੀ ਹੈ ਜੋ ਮਨ ਲਗਾ ਕੇ ਪੜ੍ਹੀ ਜਾਵੇ।

ਪਰ ਅੱਜ ਅਸੀਂ ਕੈਨੇਡਾ, ਅਮਰੀਕਾ ਜਾਂ ਕਿਤੇ ਹੋਰ ਬੈਠੇ ਪੰਜਾਬ ਦੇ ਗੁਰਦੁਆਰਿਆਂ ਵਿਚ ਜਾਂ ਸਾਧਾਂ ਦੇ ਡੇਰਿਆਂ ਤੇ ਅਖੰਡ ਪਾਠ ਕਰਵਾਈ ਜਾ ਰਹੇ ਹਾਂ, ਜਿਸ ਵਿਚ ਆਪ ਸ਼ਾਮਲ ਵੀ ਨਹੀਂ ਹੁੰਦੇ, ਸਿਰਫ਼ ਕਰਾਉਣ ਵਾਲੇ ਦੇ ਨਾਮ ਦੀ ਅਰਦਾਸ ਹੀ ਹੁੰਦੀ ਹੈ। ਕੀ ਇਸ ਤਰ੍ਹਾਂ ਕਰਵਾਏ ਹੋਏ ਅਖੰਡ ਪਾਠ ਪ੍ਰਵਾਨ ਹੋਣਗੇ?

ਕਾਜ਼ੀ ਅਤੇ ਨਵਾਬ ਹਾਜ਼ਰ ਹੋ ਕੇ ਨਮਾਜ਼ ਪੜ੍ਹ ਰਹੇ ਸੀ। ਗੁਰੂ ਪਾਤਸ਼ਾਹ ਨੇ ਕਿਹਾ ਕਿ ਆਪ ਦੀ ਨਮਾਜ਼ ਪ੍ਰਵਾਨ ਨਹੀਂ ਹੋਈ ਪਰ ਦੂਰ-ਦੁਰਾਡੇ ਰਹਿੰਦੇ ਸਿੱਖ ਤਾਂ ਅਖੰਡ ਪਾਠ ਲਈ ਪੈਸੇ ਹੀ ਭੇਜਦੇ ਹਨ, ਸੁਣਨਾ ਤਾਂ ਦੂਰ, ਹਾਜ਼ਰ ਵੀ ਨਹੀਂ ਹੁੰਦੇ, ਕੀ ਇਹ ਅਖੰਡ ਪਾਠ ਪ੍ਰਵਾਨ ਹੋਣਗੇ?

ਵਿਚਾਰਾਂ ਤੋਂ ਬਾਅਦ ਸੰਗਤਾਂ ਵਿਚੋਂ ਇਕ ਵੀਰ ਬਾਹਰ ਮਿਲ ਕੇ ਕਹਿਣ ਲੱਗਾ, 'ਵੀਰ ਜੀ ਅਸੀਂ ਆਪ ਜੀ ਦੇ ਵਿਚਾਰ ਨਾਲ ਸਹਿਮਤ ਹਾਂ ਕਿ ਅਖੰਡ ਪਾਠ ਆਪ ਸੁਣੋ ਨਹੀਂ ਤਾਂ ਪਾਠ ਦਾ ਕੋਈ ਫਾਇਦਾ ਨਹੀਂ। ਗੱਲ ਤਾਂ ਆਪ ਜੀ ਦੀ ਠੀਕ ਹੈ ਪਰ...

—ਸ: ਗੁਰਚਰਨ ਸਿੰਘ ਸਪੁੱਤਰ ਸ: ਪਿਆਰਾ ਸਿੰਘ, ਪਿੰਡ ਕਾਲਰਾ, ਜਲੰਧਰ

ਸਿਹਤ-ਸੰਭਾਲ

ਛੋਟੇ ਬੱਚਿਆਂ ਲਈ ਸਾਂਵੀਂ-ਸੰਤੁਲਿਤ ਖੁਰਾਕ

—ਕਿਰਨ ਗਰੋਵਰ ਤੇ ਇੰਦਰਜੀਤ ਸਿੰਘ

ਜਨਮ ਤੋਂ ਬਾਅਦ ਮੁੱਢਲੇ ਪੰਜ ਸਾਲਾਂ ਵਿਚ ਬੱਚੇ ਦੇ ਸਰੀਰ ਦਾ ਵਾਧਾ ਬਹੁਤ ਤੇਜ਼ੀ ਨਾਲ ਹੁੰਦਾ ਹੈ। ਜੇਕਰ ਇਨ੍ਹਾਂ ਮੁੱਢਲੇ ਸਾਲਾਂ ਵਿਚ ਚੰਗੀ ਖੁਰਾਕ ਮਿਲਦੀ ਰਹੇ ਤਾਂ ਉਸ ਦਾ ਸਰੀਰਕ ਤੇ ਮਾਨਸਿਕ ਵਿਕਾਸ ਪੂਰਨ ਤੌਰ 'ਤੇ ਹੁੰਦਾ ਹੈ ਅਤੇ ਅੱਗੇ ਜਾ ਕੇ ਉਹ ਇਕ ਸਿਹਤਮੰਦ ਇਨਸਾਨ ਬਣਦਾ ਹੈ। ਕੀਤੇ ਗਏ ਸਰਵੇਖਣ ਦਰਸਾਉਂਦੇ ਹਨ ਕਿ ਸਾਡੇ ਦੇਸ਼ ਵਿਚ ਜ਼ਿਆਦਾਤਰ ਬੱਚੇ ਖੁਰਾਕੀ ਤੱਤਾਂ ਦੀ ਘਾਟ ਕਾਰਨ ਕੁਪੋਸ਼ਣ ਦਾ ਸ਼ਿਕਾਰ ਹਨ ਅਤੇ ਇਹ ਰੋਗ ਬੱਚਿਆਂ ਦੀ ਮੌਤ ਦਾ ਕਾਰਨ ਬਣਦਾ ਹੈ। ਇਸ ਦੇ ਨਾਲ ਛੋਟੀ ਉਮਰ ਵਿਚ ਛੇਤੀ-ਛੇਤੀ ਅਤੇ ਲੰਬੇ ਸਮੇਂ ਤੱਕ ਲੱਗਣ ਵਾਲੇ ਦਸਤ ਰੋਗ ਬੱਚੇ ਦੇ ਵਿਕਾਸ ਅਤੇ ਵਧਣ-ਫੁੱਲਣ ਵਿਚ ਰੁਕਾਵਟ ਪਾਉਂਦੇ ਹਨ ਅਤੇ ਬੱਚੇ ਵਿਚ ਹੋਰ ਬੀਮਾਰੀਆਂ ਦਾ ਟਾਕਰਾ ਕਰਨ ਦੀ ਸ਼ਕਤੀ ਘਟਾ ਦਿੰਦੇ ਹਨ। ਸਚਾਈ ਤਾਂ ਇਹ ਹੈ ਕਿ ਦਸਤ ਰੋਗ ਹੀ ਕੁਪੋਸ਼ਣ ਦਾ ਇਕ ਵੱਡਾ ਕਾਰਨ ਹੈ ਅਤੇ ਕੁਪੋਸ਼ਣ ਦਸਤ ਰੋਗ ਦਾ।

ਗਰੀਬੀ, ਪੋਸ਼ਣ ਸੰਬੰਧੀ ਅਗਿਆਨਤਾ, ਅੰਧ-ਵਿਸ਼ਵਾਸੀ ਰਸਮਾਂ ਅਤੇ ਘੱਟ ਮਾਤਰਾ ਵਿਚ ਭੋਜਨ ਖਾਣਾ ਇਸ ਦੇ ਮੁੱਖ ਕਾਰਨ ਹਨ। ਇਨ੍ਹਾਂ ਰੋਗਾਂ ਤੋਂ ਬਚਣ ਲਈ ਅਤੇ ਬੱਚੇ ਦੇ ਪੂਰਨ ਵਿਕਾਸ ਲਈ ਉਸ ਦੀ ਖੁਰਾਕ ਦਾ ਪੌਸ਼ਟਿਕ ਹੋਣਾ ਬਹੁਤ ਜ਼ਰੂਰੀ ਹੈ। ਇਸ ਟੀਚੇ ਦੀ ਪੂਰਤੀ ਲਈ ਮਾਵਾਂ ਨੂੰ ਬੱਚਿਆਂ ਦੀ ਖੁਰਾਕ ਸੰਬੰਧੀ ਕੁਝ ਨੁਕਤੇ ਅਪਨਾਉਣੇ ਚਾਹੀਦੇ ਹਨ।

ਜਨਮ ਤੋਂ ਤੁਰੰਤ ਬਾਅਦ

ਬੱਚੇ ਲਈ ਜਨਮ ਤੋਂ ਬਾਅਦ ਸਭ ਤੋਂ ਉੱਤਮ ਖੁਰਾਕ ਹੈ—ਮਾਂ ਦਾ ਦੁੱਧ। ਮਾਂ ਦੇ ਦੁੱਧ ਵਿਚ ਉਹ ਸਾਰੇ ਤੱਤ ਉਚਿਤ ਮਾਤਰਾ ਵਿਚ ਮੌਜੂਦ ਹਨ ਜੋ ਨਵਜੰਮੇ ਬੱਚੇ ਨੂੰ ਚਾਹੀਦੇ ਹਨ ਜਿਵੇਂ ਕਿ ਪ੍ਰੋਟੀਨ, ਚਰਬੀ, ਕੈਲਸ਼ੀਅਮ, ਫਾਸਫੋਰਸ ਅਤੇ ਵਿਟਾਮਿਨ ਆਦਿ। ਇਹ ਸਾਰੇ ਤੱਤ ਜਲਦੀ ਹੀ ਪਚ ਜਾਣ ਵਾਲੇ ਰੂਪ ਵਿਚ ਹੁੰਦੇ ਹਨ। ਇਸ ਤੋਂ ਇਲਾਵਾ ਮਾਂ ਦੇ ਦੁੱਧ ਵਿਚ ਐਂਟੀਬਾਡੀਜ਼ ਕਾਫੀ ਜ਼ਿਆਦਾ ਮਾਤਰਾ ਵਿਚ ਹੁੰਦੇ ਹਨ ਜੋ ਬੱਚੇ ਨੂੰ ਅੰਤੜੀਆਂ ਦੀਆਂ ਬੀਮਾਰੀਆਂ, ਦਸਤ ਆਦਿ ਤੋਂ ਬਚਣ ਵਿਚ ਮਦਦ ਕਰਦੇ ਹਨ। ਬੱਚੇ ਦੇ ਜਨਮ ਤੋਂ ਬਾਅਦ ਪਹਿਲੇ ਕੁਝ ਦਿਨ ਜੋ ਦੁੱਧ ਆਉਂਦਾ ਹੈ ਉਸ ਨੂੰ ਅਸੀਂ 'ਕਲੋਸਟਰਮ' ਕਹਿੰਦੇ ਹਾਂ। ਇਹ ਇਕ ਪੀਲੇ ਰੰਗ ਦਾ ਤਰਲ ਪਦਾਰਥ ਹੁੰਦਾ ਹੈ ਅਤੇ ਵਿਟਾਮਿਨ ਏ ਅਤੇ ਪ੍ਰੋਟੀਨ ਭਰਪੂਰ ਹੁੰਦਾ ਹੈ। ਇਸ ਵਿਚ ਰੋਗਾਂ ਵਿਰੁੱਧ ਲੜਨ ਦੀ ਸ਼ਕਤੀ ਹੁੰਦੀ ਹੈ। ਪੰਜਾਬ ਦੇ ਪਿੰਡਾਂ ਵਿਚ ਬੱਚਿਆਂ ਦੀ ਖੁਰਾਕ ਸੰਬੰਧੀ ਇਕ ਸਰਵੇਖਣ ਤੋਂ ਪਤਾ ਲੱਗਾ ਹੈ ਕਿ 73 ਫੀਸਦੀ ਮਾਵਾਂ ਆਪਣੇ ਬੱਚਿਆਂ ਨੂੰ ਇਸ ਕੁਦਰਤੀ ਦਾਤ ਤੋਂ ਵਾਂਝਿਆਂ ਰੱਖਦੀਆਂ ਹਨ ਕਿਉਂਕਿ ਘਰ ਵਿਚ ਵੱਡੇ ਬਜ਼ੁਰਗ ਇਸ ਨੂੰ ਬੱਚੇ ਦੀ ਸਿਹਤ ਲਈ ਠੀਕ ਨਹੀਂ ਮੰਨਦੇ ਅਤੇ ਜਨਮ ਤੋਂ ਤੁਰੰਤ ਬਾਅਦ ਬੱਚਿਆਂ ਨੂੰ ਸਭ ਤੋਂ ਪਹਿਲੀ ਖੁਰਾਕ ਸ਼ਹਿਦ, ਗੁੜ ਜਾਂ ਚੀਨੀ ਦਾ ਮਿੱਠਾ ਪਾਣੀ ਦਿੱਤਾ ਜਾਂਦਾ ਹੈ। ਪੰਜਾਬ ਦੇ ਪਿੰਡਾਂ ਦਾ ਸਰਵੇਖਣ ਇਹ ਵੀ ਦਰਸਾਉਂਦਾ ਹੈ ਕਿ 97 ਫੀਸਦੀ ਮਾਵਾਂ ਬੱਚਿਆਂ ਨੂੰ ਆਪਣਾ ਦੁੱਧ ਪਿਲਾਉਂਦੀਆਂ ਹਨ ਪਰ ਜ਼ਿਆਦਾਤਰ ਇਸ ਦੀ ਸ਼ੁਰੂਆਤ ਜਨਮ ਤੋਂ ਤੀਜੇ ਦਿਨ ਕਰਦੀਆਂ ਹਨ। ਇਸ ਲਈ ਇਥੇ ਇਹ ਦੱਸਣਾ ਜ਼ਰੂਰੀ ਬਣ ਜਾਂਦਾ ਹੈ ਕਿ **ਪਹਿਲੇ ਦੁੱਧ ਭਾਵ ਕਲੋਸਟਰਮ ਨੂੰ ਕੱਢਣਾ ਨਹੀਂ ਚਾਹੀਦਾ ਬਲਕਿ ਬੱਚੇ ਨੂੰ ਜ਼ਰੂਰ ਦੇਣਾ ਚਾਹੀਦਾ ਹੈ ਅਤੇ ਜਨਮ ਦੇ ਇਕ ਘੰਟੇ ਦੇ ਅੰਦਰ ਹੀ ਮਾਂ ਦਾ ਦੁੱਧ ਸ਼ੁਰੂ ਕਰ ਦੇਣਾ ਚਾਹੀਦਾ ਹੈ।**

5 ਮਹੀਨਿਆਂ ਤੱਕ

ਬੱਚਿਆਂ ਲਈ ਮਾਂ ਦਾ ਦੁੱਧ ਇਕ ਕੁਦਰਤੀ ਖੁਰਾਕ ਹੈ, ਇਸ ਵਿਚ ਸਾਰੇ ਪੌਸ਼ਟਿਕ ਤੱਤ ਉਚਿਤ ਮਾਤਰਾ ਵਿਚ ਹੁੰਦੇ ਹਨ। ਬੱਚੇ ਨੂੰ ਸਿਰਫ਼ ਮਾਂ ਦਾ ਦੁੱਧ ਹੀ ਦੇਣਾ ਚਾਹੀਦਾ ਹੈ। ਇਥੋਂ ਤੱਕ ਕਿ ਮਾਂ ਦੇ ਦੁੱਧ ਨਾਲ ਪਹਿਲੇ ਪੰਜ ਮਹੀਨੇ ਬੱਚੇ ਨੂੰ ਪਾਣੀ ਪਿਲਾਉਣ ਦੀ ਵੀ ਜ਼ਰੂਰਤ ਨਹੀਂ ਹੁੰਦੀ। ਬੱਚੇ ਨੂੰ ਮਾਂ ਦਾ ਦੁੱਧ ਸਮੇਂ ਅਤੇ ਮੰਗ ਅਨੁਸਾਰ ਪਿਲਾਉਣਾ ਚਾਹੀਦਾ ਹੈ। ਜੇ ਕਿਸੇ ਕਾਰਨ ਮਾਂ ਆਪਣਾ ਦੁੱਧ ਨਾ ਪਿਲਾ ਸਕੇ, ਜਿਵੇਂ ਕਿਸੇ ਛੂਤ ਦੇ ਰੋਗ ਦੀ ਹਾਲਤ ਵਿਚ ਜਾਂ ਕਿਸੇ ਹੋਰ ਕਾਰਨ ਡਾਕਟਰ ਮਾਂ ਨੂੰ ਦੁੱਧ ਪਿਲਾਉਣ ਦੀ ਸਲਾਹ ਨਾ ਦੇਵੇ ਤਾਂ ਹੀ ਬੱਚੇ ਨੂੰ ਓਪਰਾ ਦੁੱਧ ਦੇਣਾ ਚਾਹੀਦਾ ਹੈ। ਓਪਰਾ ਦੁੱਧ ਪਿਲਾਉਣ ਲਈ ਸਾਫ਼ ਸੁਥਰੀ ਕੌਲੀ-ਚਮਚੇ ਦਾ ਇਸਤੇਮਾਲ ਕਰਨਾ ਚਾਹੀਦਾ ਹੈ।

5-6 ਮਹੀਨੇ

ਬੱਚੇ ਦਾ ਵਿਕਾਸ ਤੇਜ਼ੀ ਨਾਲ ਹੁੰਦਾ ਹੈ, ਉਸ ਨੂੰ ਵਧੇਰੇ ਪੌਸ਼ਟਿਕ ਤੱਤਾਂ ਦੀ ਲੋੜ ਹੁੰਦੀ ਹੈ ਜੋ ਕਿ ਮਾਂ ਦਾ ਦੁੱਧ ਪੂਰੀਆਂ ਨਹੀਂ ਕਰ ਸਕਦਾ। ਬੱਚੇ ਨੂੰ ਮਾਂ ਦੇ ਦੁੱਧ ਦੇ ਨਾਲ ਨਾਲ ਪੂਰਨ ਖੁਰਾਕ ਦੀ ਵੀ ਲੋੜ ਹੁੰਦੀ ਹੈ। ਜੇ ਬੱਚੇ ਨੂੰ ਓਪਰੇ ਭੋਜਨ ਸ਼ੁਰੂ ਨਾ ਕੀਤੇ ਜਾਣ ਤਾਂ ਉਸ ਨੂੰ ਸੋਕੇ ਦਾ ਰੋਗ ਹੋ ਸਕਦਾ ਹੈ। ਇਸ ਲਈ ਕਿਸੇ ਵੀ ਅਨਾਜ ਨੂੰ ਦੁੱਧ ਵਿਚ ਚੰਗੀ ਤਰ੍ਹਾਂ ਪਕਾ ਕੇ (ਦਲੀਆ) ਚੀਨੀ/ਗੁੜ ਅਤੇ ਘਿਉ/ਤੇਲ ਪਾ ਕੇ ਸਵਾਦਿਸ਼ਟ ਤੇ ਊਰਜਾਦਾਇਕ ਬਣਾਇਆ ਜਾ ਸਕਦਾ ਹੈ। ਉਬਲੀਆਂ ਜਾਂ ਪਕਾਈਆਂ ਹੋਈਆਂ ਸਬਜ਼ੀਆਂ ਜਿਵੇਂ ਕਿ ਆਲੂ, ਗਾਜਰ, ਪੱਤੇਦਾਰ ਸਬਜ਼ੀਆਂ ਕੱਦੂ ਆਦਿ ਅਤੇ ਮੌਸਮੀ ਫਲ ਜਿਵੇਂ ਕਿ ਮਸਲਿਆ ਹੋਇਆ ਕੇਲਾ, ਪਪੀਤਾ ਜਾਂ ਅੰਬ ਦਿਨ ਵਿਚ ਇਕ ਵਾਰ ਜ਼ਰੂਰ ਦੇਣਾ ਚਾਹੀਦਾ ਹੈ। ਮਾਂ ਦੇ ਦੁੱਧ ਦੇ ਨਾਲ ਨਾਲ ਬੱਚੇ ਨੂੰ 3-4 ਵਾਰੀ ਭੋਜਨ ਖਵਾਉ।

6-9 ਮਹੀਨੇ

ਇਸ ਦੌਰਾਨ ਬੱਚੇ ਦੀ ਕਾਰਜਸ਼ੀਲਤਾ ਵਧ ਰਹੀ ਹੁੰਦੀ ਹੈ, ਉਸ ਨੂੰ ਵਧੇਰੇ ਊਰਜਾ,

ਪ੍ਰੋਟੀਨ, ਮਿਰਚ ਮਸਾਲੇ ਵਾਲੀ ਦਾਲ ਜਾਂ ਸਬਜ਼ੀ ਨਾਲ ਮਸਲੀ ਰੋਟੀ ਜਾਂ ਚਾਵਲ, ਘਿਉ/ਤੇਲ ਮਿਲਾ ਕੇ ਦਿਉ। ਬੱਚਿਆਂ ਲਈ ਘਰ ਵਿਚ ਹੀ ਭੋਜਨ ਤਿਆਰ ਕਰ ਕੇ ਰੱਖ ਸਕਦੇ ਹਾਂ ਤੇ ਲੋੜ ਪੈਣ 'ਤੇ ਉਬਲੇ ਪਾਣੀ ਜਾਂ ਦੁੱਧ ਨਾਲ ਬਣਾ ਸਕਦੇ ਹਾਂ। ਇਨ੍ਹਾਂ ਨੂੰ ਬਣਾਉਣ ਦਾ ਤਰੀਕਾ ਹੈ : 3 ਹਿੱਸੇ ਅਨਾਜ+ਇਕ ਹਿੱਸਾ ਦਾਲ+ਅੱਧਾ ਹਿੱਸਾ ਮੂੰਗਫਲੀ। ਇਨ੍ਹਾਂ ਨੂੰ ਸਾਫ਼ ਕਰਕੇ ਵੱਖ-ਵੱਖ ਭੁੰਨ ਲਉ। ਫਿਰ ਇਨ੍ਹਾਂ ਨੂੰ ਰਲਾ ਕੇ ਡੱਬੇ ਵਿਚ ਬੰਦ ਕਰਕੇ ਰੱਖ ਲਉ। ਲੋੜ ਅਨੁਸਾਰ ਇਨ੍ਹਾਂ ਵਿਚ ਚੀਨੀ-ਸ਼ੱਕਰ, ਘਿਉ/ਤੇਲ ਮਿਲਾਉ। ਫਿਰ ਉਬਲੇ ਪਾਣੀ ਜਾਂ ਦੁੱਧ ਨਾਲ ਇਸ ਨੂੰ ਅਰਧ ਠੋਸ ਬਣਾ ਕੇ ਬੱਚੇ ਨੂੰ ਖੁਆਇਆ ਜਾ ਸਕਦਾ ਹੈ।

ਬੱਚੇ ਨੂੰ ਸਬਜ਼ੀਆਂ ਅਤੇ ਫਲ ਵੀ ਦਿਨ ਵਿਚ ਇਕ ਵਾਰ ਜ਼ਰੂਰ ਦਿਉ ਅਤੇ ਦਿਨ ਵਿਚ 4-5 ਵਾਰੀ ਖਵਾਉ। ਮਾਂ ਦਾ ਦੁੱਧ ਪਿਲਾਉਣਾ ਵੀ ਜਾਰੀ ਰੱਖੋ। ਭੋਜਨ ਦੀ ਤਿਆਰੀ ਅਤੇ ਖੁਆਉਣ ਸਮੇਂ ਸਫਾਈ ਅਤੇ ਅਰੋਗਤਾ ਦਾ ਖਿਆਲ ਰੱਖੋ।

9-12 ਮਹੀਨੇ

ਬੱਚੇ ਨੂੰ ਠੋਸ ਭੋਜਨ ਦੇਣਾ ਸ਼ੁਰੂ ਕਰ ਦੇਣਾ ਚਾਹੀਦਾ ਹੈ ਜਿਵੇਂ ਕਿ ਛੋਟੇ-ਛੋਟੇ ਟੁਕੜਿਆਂ ਵਿਚ ਕੱਟਿਆ ਹੋਇਆ ਫਲ, ਕੱਚੀਆਂ ਖਾਧੀਆਂ ਜਾਣ ਵਾਲੀਆਂ ਸਬਜ਼ੀਆਂ ਜਿਵੇਂ ਕਿ ਖੀਰਾ, ਮੂਲੀ, ਗਾਜਰ ਦਾ ਟੁਕੜਾ, ਬਿਸਕੁਟ, ਰਸ ਆਦਿ। ਇਹ ਭੋਜਨ ਬੱਚਿਆਂ ਦੇ ਮਸੂੜਿਆਂ ਦੀ ਕਸਰਤ ਕਰਵਾਉਂਦੇ ਹਨ। ਬੱਚੇ ਨੂੰ ਮਾਂ ਦੇ ਦੁੱਧ ਦੇ ਨਾਲ ਨਾਲ 5-6 ਵਾਰੀ ਖਵਾਉ। ਇਕ ਸਾਲ ਦੇ ਬੱਚੇ ਨੂੰ ਮਾਂ ਦੇ ਦੁੱਧ ਨਾਲ ਪਰਿਵਾਰਕ ਭੋਜਨ ਖਵਾਉ।

1-3 ਸਾਲ

ਇਸ ਵਕਤ ਬੱਚਿਆਂ ਦਾ ਸਰੀਰਕ ਵਿਕਾਸ ਤੇਜ਼ੀ ਨਾਲ ਹੁੰਦਾ ਹੈ ਤੇ ਕੋਸ਼ਾਂ ਦੇ ਨਿਰਮਾਣ ਲਈ ਵਧੀਆ ਪ੍ਰੋਟੀਨ ਦਾ ਮਿਲਣਾ ਜ਼ਰੂਰੀ ਹੁੰਦਾ ਹੈ। ਅਗਿਆਨਤਾ ਕਾਰਨ ਮਾਂ ਦਾ ਦੁੱਧ ਛੁਡਾਉਣ ਤੋਂ ਬਾਅਦ, ਦੁੱਧ ਦੀ ਘਾਟ ਕਾਰਨ ਬੱਚਿਆਂ ਨੂੰ ਜ਼ਰੂਰਤ ਅਨੁਸਾਰ ਭੋਜਨ ਨਹੀਂ ਮਿਲਦਾ ਜਿਸ ਕਾਰਨ ਇਸ ਸਮੇਂ ਬੱਚੇ ਪ੍ਰੋਟੀਨ ਦੀ ਘਾਟ ਕਾਰਨ ਕਵਾਸ਼ੀਓਰਕਰ ਰੋਗ ਦਾ ਸ਼ਿਕਾਰ ਹੋ ਜਾਂਦੇ ਹਨ। ਬੱਚੇ ਵੱਡਿਆਂ ਦੀ ਤਰ੍ਹਾਂ ਇਕ ਵਾਰੀ ਪੇਟ ਭਰ ਕੇ ਖਾਣਾ ਨਹੀਂ ਖਾ ਸਕਦੇ ਅਤੇ ਉਨ੍ਹਾਂ ਨੂੰ ਦਿਨ ਵਿਚ ਕਈ ਵਾਰ ਖਾਣ ਨੂੰ ਮਿਲਣਾ ਚਾਹੀਦਾ ਹੈ (ਇਸ ਲਈ ਘਰ ਵਿਚ ਬਣੇ ਹੋਏ ਭੋਜਨ (ਬਿਨਾਂ ਮਸਾਲੇ ਅਤੇ ਤੜਕੇ ਤੋਂ) 5-6 ਵਾਰ ਦੇ ਸਕਦੇ ਹੋ। ਪਿੰਡਾਂ ਦੇ 1-3 ਸਾਲ ਦੇ ਬੱਚਿਆਂ ਦੇ ਖੁਰਾਕੀ ਸਰਵੇਖਣ ਤੋਂ ਜਾਣੂੰ ਹੋਇਆ ਹੈ ਕਿ ਆਮ ਬੱਚਿਆਂ ਦੀ ਖੁਰਾਕ ਸੰਤੁਲਿਤ ਨਹੀਂ ਹੈ। ਉਨ੍ਹਾਂ ਦੀ ਖੁਰਾਕ ਵਿਚ ਦੁੱਧ ਡੇਢ ਗੁਣਾ, ਜੜ੍ਹਾਂ ਵਾਲੀ ਸਬਜ਼ੀਆਂ ਖਾਸ ਕਰਕੇ ਆਲੂ ਚਾਰ ਗੁਣਾ ਅਤੇ ਹੋਰ ਸਬਜ਼ੀਆਂ ਡੇਢ ਗੁਣਾ ਜ਼ਿਆਦਾ ਹੁੰਦੀਆਂ ਹਨ ਜਦਕਿ ਅਨਾਜ ਅਤੇ ਦਾਲਾਂ ਦੀ ਰੋਜ਼ਾਨਾ ਖਪਤ, ਸੁਝਾਈ ਗਈ ਮਾਤਰਾ ਤੋਂ ਅੱਧੀ ਤੋਂ ਘੱਟ ਹੁੰਦੀ ਹੈ। ਰੋਜ਼ਾਨਾ ਖੁਰਾਕ ਵਿਚ ਹਰੀਆਂ ਸਬਜ਼ੀਆਂ ਨਾਮਾਤਰ ਪਾਈਆਂ ਗਈਆਂ ਹਨ, ਜੋ ਕਿ ਖੂਨ ਦੀ ਘਾਟ ਦਾ ਇਕ ਮੁੱਖ ਕਾਰਨ ਹਨ। 1-3 ਸਾਲ ਦੇ ਬੱਚੇ ਲਈ ਸੁਝਾਈ ਗਈ ਖੁਰਾਕ ਅਨੁਸਾਰ 175 ਗ੍ਰਾਮ ਅਨਾਜ, 35 ਗ੍ਰਾਮ ਦਾਲ, 40 ਗ੍ਰਾਮ ਹਰੇ ਪੱਤੇ, 10 ਗ੍ਰਾਮ ਜੜ੍ਹ ਤੇ ਗੰਢ ਅਤੇ 20 ਗ੍ਰਾਮ ਦੂਸਰੀਆਂ ਸਬਜ਼ੀਆਂ ਸ਼ਾਮਲ ਕਰਨ ਦੀ ਲੋੜ ਹੁੰਦੀ ਹੈ। ਇਕ ਦਿਨ ਵਿਚ ਬੱਚੇ ਨੂੰ 100 ਗ੍ਰਾਮ ਮੌਸਮੀ ਫਲ ਖਾਣ ਨੂੰ ਦਿਉ ਅਤੇ ਉਸਦੇ ਭੋਜਨ ਵਿਚ 3 ਚਮਚ ਘਿਉ/ਤੇਲ ਅਤੇ 6 ਚਮਚ ਖੰਡ/ਸ਼ੱਕਰ ਦਾ ਇਸਤੇਮਾਲ ਕਰੋ। 1-3 ਸਾਲ ਦੇ ਬੱਚੇ ਦੀ ਖੁਰਾਕ ਵਿਚ 300 ਮਿ. ਲੀ. ਦੁੱਧ ਸ਼ਾਮਲ ਕਰਨ ਦੀ ਲੋੜ ਹੁੰਦੀ ਹੈ। ਬੱਚੇ ਦੀ ਖੁਰਾਕ ਵਿਚ ਦੁੱਧ ਹੀ ਕਾਫੀ ਨਹੀਂ ਹੈ ਬਲਕਿ ਦੁੱਧ ਦੇ ਨਾਲ ਨਾਲ ਦੂਸਰੇ ਭੋਜਨਾਂ ਦਾ ਸ਼ਾਮਲ ਕਰਨਾ ਬਹੁਤ ਜ਼ਰੂਰੀ ਹੈ। **ਛੋਟੇ ਬੱਚਿਆਂ ਨੂੰ ਚਾਹ ਨਹੀਂ ਪਿਲਾਉਣੀ ਚਾਹੀਦੀ।**

ਕੁਝ ਹੋਰ ਹਦਾਇਤਾਂ

*ਬੱਚੇ ਨੂੰ ਵੱਖ-ਵੱਖ ਭੋਜਨ ਪਦਾਰਥ ਦੇਣੇ ਚਾਹੀਦੇ ਹਨ ਜਿਸ ਨਾਲ ਉਸ ਨੂੰ ਉਨ੍ਹਾਂ ਦਾ ਸਵਾਦ ਪਤਾ ਲਗਦਾ ਹੈ ਅਤੇ ਵੱਖ-ਵੱਖ ਤੱਤ ਹਾਸਲ ਹੁੰਦੇ ਹਨ।

*ਬੱਚੇ ਦੀ ਖੁਰਾਕ ਦੀ ਮਾਤਰਾ ਅਤੇ ਗਿਣਤੀ ਹੌਲੀ ਹੌਲੀ ਵਧਾਉ।

*ਕਿਸੇ ਵਿਸ਼ੇਸ਼ ਖੁਰਾਕ ਲਈ ਬੱਚੇ ਨਾਲ ਜ਼ਬਰਦਸਤੀ ਨਾ ਕਰੋ।

*ਉਸੇ ਖੁਰਾਕ ਨੂੰ ਕਿਸੇ ਹੋਰ ਰੂਪ ਵਿਚ ਦੇ ਸਕਦੇ ਹੋ।

*ਇਕ ਹੀ ਸਮੇਂ ਵਿਚ ਕਈ ਭੋਜਨ ਲਾਗੂ ਨਾ ਕਰੋ।

*ਬੱਚਿਆਂ ਨੂੰ ਥੋੜ੍ਹੀ-ਥੋੜ੍ਹੀ ਮਾਤਰਾ ਵਿਚ ਥੋੜ੍ਹੀ-ਥੋੜ੍ਹੀ ਦੇਰ ਬਾਅਦ ਕੁਝ ਖਾਣ ਨੂੰ ਦੇਣਾ ਚਾਹੀਦਾ ਹੈ।

*ਹਮੇਸ਼ਾ ਤਾਜ਼ਾ ਬਣਿਆ ਖਾਣਾ ਬੱਚੇ ਨੂੰ ਦਿਉ।

*ਸਫਾਈ ਦਾ ਖ਼ਾਸ ਧਿਆਨ ਰੱਖੋ।

*ਬਿਮਾਰੀ ਦੌਰਾਨ ਵੀ ਮਾਂ ਦਾ ਦੁੱਧ ਅਤੇ ਹੋਰ ਖੁਰਾਕ ਦੇਣੀ ਜਾਰੀ ਰੱਖੋ।

*ਜੇ ਹੋ ਸਕੇ ਤਾਂ ਬੱਚੇ ਨੂੰ ਦੋ ਸਾਲ ਤੱਕ ਮਾਂ ਦਾ ਦੁੱਧ ਪਿਲਾਉ।

*ਬੱਚੇ ਦਾ ਭਾਰ ਸਮੇਂ ਸਮੇਂ ਤੋਲਣਾ ਚਾਹੀਦਾ ਹੈ। ਜਨਮ ਸਮੇਂ ਦਾ ਭਾਰ, ਛੇ ਮਹੀਨੇ ਦੀ ਉਮਰ ਵਿਚ ਦੁੱਗਣਾ ਤੇ ਸਾਲ ਵਿਚ ਤਿੰਨ ਗੁਣਾ ਜ਼ਰੂਰ ਹੋਣਾ ਚਾਹੀਦਾ ਹੈ। ਔਸਤਨ ਇਕ ਸਾਲ ਦੇ ਬੱਚੇ ਦਾ ਭਾਰ 9 ਕਿਲੋ, ਦੋ ਸਾਲ ਦੇ ਬੱਚੇ ਦਾ ਭਾਰ 11 ਕਿਲੋ ਅਤੇ ਤਿੰਨ ਸਾਲ ਦੇ ਬੱਚੇ ਦਾ ਭਾਰ 13 ਕਿਲੋ ਹੋਣਾ ਚਾਹੀਦਾ ਹੈ। ਜੇ ਬੱਚੇ ਦਾ ਵਾਧਾ ਠੀਕ ਦਰ ਨਾਲ ਨਹੀਂ ਹੁੰਦਾ ਤਾਂ ਡਾਕਟਰ ਦੀ ਸਲਾਹ ਜ਼ਰੂਰ ਲੈਣੀ ਚਾਹੀਦੀ ਹੈ।

*ਖੂਨ ਦੀ ਘਾਟ ਦੀ ਜਾਂਚ ਲਈ ਬੱਚੇ ਦਾ ਹਰ ਛੇ ਮਹੀਨੇ ਬਾਅਦ ਖੂਨ ਵਿਚ ਹੋਮੋਗਲੋਬਿਨ ਟੈਸਟ ਜ਼ਰੂਰ ਕਰਵਾਉਣਾ ਚਾਹੀਦਾ ਹੈ।

*ਪੌਸ਼ਟਿਕ ਭੋਜਨ ਦੇ ਨਾਲ ਨਾਲ ਹਰ ਬੱਚੇ ਨੂੰ ਬੀਮਾਰੀ ਤੋਂ ਸੁਰੱਖਿਆ ਲਈ ਟੀਕੇ ਲਗਵਾਉਣੇ ਜ਼ਰੂਰੀ ਹਨ। ਇਕ ਸਾਲ ਤੋਂ ਛੋਟੇ ਬੱਚੇ ਨੂੰ ਬੀ. ਸੀ. ਜੀ. ਦਾ ਟੀਕਾ, ਡੀ. ਪੀ. ਟੀ. ਅਤੇ ਹੈਪੇਟਾਈਟਸ-ਬੀ ਦੇ ਤਿੰਨ ਟੀਕੇ, ਪੋਲੀਓ ਦੀਆਂ ਤਿੰਨ ਖੁਰਾਕਾਂ ਅਤੇ ਖਸਰੇ ਦਾ ਇਕ ਟੀਕਾ ਲੱਗਣਾ ਯਕੀਨੀ ਬਣਾਉਣਾ ਚਾਹੀਦਾ ਹੈ।

(ਧੰਨਵਾਦ ਸਹਿਤ 'ਪੰਜਾਬੀ ਟ੍ਰਿਬਿਊਨ' ਵਿਚੋਂ)

ਕਰਿ ਕੀਰਤਨੁ ਹੋਇ ਉਧਾਰੁ-3

—ਸ: ਜਗਜੀਤ ਸਿੰਘ ਕੋਹਾੜਕਾ, ਪ੍ਰਿੰਸੀਪਲ ਗੁਰਮਤਿ ਸੰਗੀਤ ਅਕੈਡਮੀ, ਲੋਅਰ ਮਾਲ, ਪਟਿਆਲਾ।

ਰਾਗ ਬਿਲਾਵਲ—ਇਹ ਰਾਗ ਗੁਰਮਤਿ ਸੰਗੀਤ ਦਾ ਬੜਾ ਹੀ ਅਹਿਮ ਰਾਗ ਹੈ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ 'ਆਸਾ ਕੀ ਵਾਰ' ਦੇ ਕੀਰਤਨ ਤੋਂ ਬਾਅਦ ਰਾਗ ਬਿਲਾਵਲ ਦੇ ਅੰਤਰਗਤ ਹੀ ਕੀਰਤਨ ਚੌਕੀਆਂ ਦਾ ਗਾਇਨ ਕੀਤਾ ਜਾਂਦਾ ਹੈ। ਰਾਗ ਬਿਲਾਵਲ ਦੇ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਤੀਜੇ ਪਾਤਸ਼ਾਹ ਫੁਰਮਾਨ ਕਰਦੇ ਹੋਏ ਕਹਿੰਦੇ ਹਨ :

ਬਿਲਾਵਲੁ ਤਬ ਹੀ ਕੀਜੀਐ ਜਬ ਮੁਖਿ ਹੋਵੈ ਰਾਮੁ ॥
ਰਾਗ ਨਾਦ ਸਬਦਿ ਸੋਹਣੇ ਜਾ ਲਾਗੈ ਸਹਜਿ ਧਿਆਨੁ ॥

ਰਾਗ ਬਿਲਾਵਲ ਬੜਾ ਹੀ ਮਿੱਠਾ ਅਤੇ ਮਧੁਰ ਰਾਗ ਹੈ। ਇਸ ਵਿਚ ਸਾਰੇ ਸ਼ੁੱਧ ਸੁਰ ਪ੍ਰਯੋਗ ਕੀਤੇ ਜਾਂਦੇ ਹਨ। ਇਸ ਦੀਆਂ ਸੁਰਾ-ਵਲੀਆਂ ਇੰਨੀਆਂ ਜ਼ਿਆਦਾ ਸਾਧਾਰਨ ਅਤੇ ਸਰਲ ਹਨ ਕਿ ਆਮ ਵਿਅਕਤੀ ਵੀ ਸਹਿਜੇ ਹੀ ਇਸ ਰਾਗ ਦੀ ਪਹਿਚਾਣ ਕਰ ਲੈਂਦਾ ਹੈ ਸ਼ਾਇਦ ਇਸੇ ਕਰਕੇ ਸੰਗੀਤ ਦੀ ਮੁੱਢਲੀ ਸਿੱਖਿਆ ਵਿਚ ਇਹ ਰਾਗ ਸਭ ਤੋਂ ਮੋਹਰੀ ਰਾਗ ਮੰਨਿਆ ਜਾਂਦਾ ਹੈ।

ਰਾਗ ਬਿਲਾਵਲ ਦਾ ਥਾਟ ਬਿਲਾਵਲ ਹੈ, ਥਾਟ ਤੋਂ ਭਾਵ ਹੈ ਉਹ ਸੁਰ ਸਮੂਹ ਜਿਸ ਤੋਂ ਰਾਗ ਉਤਪੰਨ ਹੁੰਦੇ ਹਨ, ਇਕ ਥਾਟ ਵਿਚੋਂ ਅਨੇਕਾਂ ਹੀ ਰਾਗ ਪੈਦਾ ਹੋ ਸਕਦੇ ਹਨ। ਰਾਗ ਬਿਲਾਵਲ ਦਾ ਵਾਦੀ ਸੁਰ ਧੈਵਤ (ਧ) ਹੈ ਅਤੇ ਸੰਵਾਦੀ ਗੰਧਾਰ (ਗ)। ਵਾਦੀ ਤੋਂ ਭਾਵ ਜਿਹੜਾ ਸੁਰ ਰਾਗ ਵਿਚ ਸਭ ਤੋਂ ਵੱਧ ਪ੍ਰਯੋਗ ਕੀਤਾ ਜਾਂਦਾ ਹੋਵੇ ਅਤੇ ਸੰਵਾਦੀ ਤੋਂ ਭਾਵ ਜੋ ਵਾਦੀ ਤੋਂ ਘੱਟ ਅਤੇ ਬਾਕੀ ਸੁਰਾਂ ਤੋਂ ਵੱਧ ਲੱਗੇ। ਇਸ ਰਾਗ ਦਾ ਗਾਇਨ ਸਮਾਂ ਦਿਨ ਦਾ ਦੂਜਾ ਪਹਿਰ ਹੈ ਅਤੇ ਜਾਤੀ ਸੰਪੂਰਨ, ਜਾਤੀ ਤੋਂ ਭਾਵ ਕਿ ਇਸ ਰਾਗ ਦੇ ਅਰੋਹ ਅਤੇ ਅਵਰੋਹ ਵਿਚ ਕਿੰਨੇ ਸੁਰ ਲਗਦੇ ਹਨ। ਸੰਪੂਰਨ ਤੋਂ ਭਾਵ ਹੈ ਸਾਰੇ ਸੁਰ ਭਾਵ ਸੱਤ ਸੁਰ, ਕੋਈ ਸੁਰ ਛੱਡਿਆ ਨਹੀਂ ਜਾਂਦਾ।

ਅਰੋਹ : ਸ ਰੇ ਗ ਮ ਪ ਧ ਨੀ ਸੰ।

ਅਵਰੋਹ : ਸੰ ਨੀ ਧ ਪ ਮ ਗ ਰੇ ਸ।

ਪਕੜ ਜਾਂ ਮੁੱਖ ਅੰਗ : (ਇਹ ਰਾਗ ਦੀਆਂ ਸੁਰਾਂ ਦਾ ਉਹ ਟੁਕੜਾ ਹੁੰਦਾ ਹੈ ਜਿਸ ਤੋਂ ਰਾਗ ਦੀ ਪਹਿਚਾਣ ਹੋ ਸਕੇ) ਜਿਵੇਂ ਰਾਗ ਬਿਲਾਵਲ ਦੀ ਪਕੜ ਇਸ ਤਰ੍ਹਾਂ ਹੈ :

ਸ, ਗ ਰੇ, ਗ ਮ ਰੇ ਗ ਪ, ਮ ਗ ਮ ਰੇ, ਸ।

ਨੋਟ : ਹੇਠਾਂ ਇਹ ਬੰਦਿਸ਼ ਦਿੱਤੀ ਗਈ ਹੈ ਜਿਸ ਨੂੰ ਪਹਿਲਾਂ ਸਰਗਮ ਰੂਪ 'ਚ ਪੱਕਿਆਂ ਕਰਨਾ ਹੈ ਅਤੇ ਬਾਅਦ ਵਿਚ ਹੌਲੀ-ਹੌਲੀ ਸ਼ਬਦ ਰੂਪ 'ਚ।

ਰਾਗ ਬਿਲਾਵਲ — ਤਾਲ, ਤਿੰਨ ਤਾਲ

1	2	3	4	5	6	7	8	9	10	11	12	13	14	15	16
×				2				o				3			
					ਸਥਾਈ										
								ਗ	ਰੇ	ਮ	ਗ	ਰੇ	ਸ	ਨ਼ੀ	ਸ
								ਹ	ਰਿ	ਕੇ	S	ਨਾ	S	ਮ	ਬਿ
ਪ	ਪ	ਰੇ	ਗ	ਮ	ਪ	ਮ	ਗ	ਗ	ਪ	ਨੀ	ਧ	ਪ	ਧ	ਪ	ਧ
ਨਾ	S	ਦੁ	ਖੁ	ਪਾ	S	ਵੈ	S	ਭ	ਗ	ਤ	ਬਿ	ਨਾ	S	ਸ	ਹ
ਸੰ	ਸੰ	ਨੀ	ਧ	ਪ	ਪ	ਮ	ਮ	ਗ	ਰੇ	ਮ	ਗ	ਰੇ	ਸ	ਨ਼ੀ	ਸ
ਸਾ	S	ਨ	ਹ	ਚੂ	S	ਕੈ,	S	ਗੁ	ਰ	ਇ	ਹੁ	ਭੇ	S	ਦੁ	ਬ
ਪ	ਪ	ਰੇ	ਗ	ਮ	ਪ	ਮ	ਗ,								
ਤਾ	S	S	S	ਵੈ	S	S	S								
					ਅੰਤਰਾ										
								ਗ	ਗ	ਪ	ਪ	ਨੀ	ਧ	ਪ	ਧ
								ਕ	ਹਾ	S	ਭਇ	ਓ	S	ਤੀ	S
ਸੰ	ਸੰ	ਸੰ	ਸੰ	ਨੀ	ਰੇਂ	ਸੰ	ਸੰ	ਧ	ਨੀ	ਸੰ	ਰੇਂ	ਨੀ	ਸੰ	ਧ	ਪ
ਰ	ਥ	ਥ੍	ਤ	ਕੀ	S	ਏ,	S	ਗਾ	S	ਮ	ਸ	ਰ	ਨਿ	ਨ	ਹੀ
ਰੇ	ਗ	ਮ	ਪ	ਮ	ਗ	ਰੇ	ਸ								
ਆ	S	S	S	ਵੈ	S	S	S								

(ਸ਼ਬਦ) ਹਰਿ ਕੇ ਨਾਮ ਬਿਨਾ ਦੁਖੁ ਪਾਵੈ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੩੦)

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸੇਵਾ-ਸੰਭਾਲ ਵਿਚ ਹੋ ਰਹੀ ਕੁਤਾਹੀ

ਪਲਵਿੰਦਰ ਸਿੰਘ ਵਰਿਆਮ

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੁੱਚੀ ਬਾਣੀ ਦੇ ਰਚਨਹਾਰੇ ਜੋ ਕਿ ਅਕਾਲ ਪੁਰਖ ਨਾਲ ਅਭੇਦ ਹੋ ਕੇ ਇਸ ਜਗਤ ਵਿਚ ਵਿਚਰੇ, ਇਹ ਬਾਣੀ ਅਕਾਲ ਪੁਰਖ ਨਾਲ ਉਨ੍ਹਾਂ ਦੀ ਇਕਮਿਕ ਹੋ ਰਹੀ ਜੋਤ ਦੇ ਫਲਸਰੂਪ ਖੁਦ ਅਕਾਲ ਪੁਰਖ ਵਲੋਂ ਉਨ੍ਹਾਂ ਨੂੰ ਆਉਂਦੀ ਰਹੀ। ਇਹ ਪ੍ਰਗਟਾਵਾ ਬਾਣੀ ਵਿਚ ਬਹੁਤ ਵਾਰ ਕੀਤਾ ਗਿਆ ਹੈ। ਇਸ ਤਰ੍ਹਾਂ ਇਹ ਬਾਣੀ ਖੁਦ ਅਕਾਲ ਪੁਰਖ ਵਲੋਂ ਸਾਡੇ ਦੁਨਿਆਵੀ ਮਨੁੱਖੀ ਜਾਮੇ ਦੇ ਜੀਵਾਂ ਦੇ ਭਲੇ ਹਿਤ ਆਈ। ਗੁਰੂ ਸਾਹਿਬ ਅਤੇ ਹੋਰ ਮਹਾਂਪੁਰਸ਼ ਬਾਣੀ ਸਾਡੇ ਤੱਕ ਪਹੁੰਚਣ ਦਾ ਵਸੀਲਾ ਬਣੇ। ਇਹ ਬਾਣੀ ਕਿਸੇ ਵਿਸ਼ੇਸ਼ ਖੇਤਰ, ਸਮੇਂ ਜਾਂ ਸਮਾਜ ਤੱਕ ਸੀਮਿਤ ਨਹੀਂ ਹੈ। ਸਗੋਂ ਸਮੁੱਚੇ ਸੰਸਾਰੀ ਜੀਵਾਂ ਲਈ ਸਰਬਕਾਲੀ, ਸਰਬ ਦੇਸ਼ੀ ਅਤੇ ਸਰਬ ਕਲਿਆਣਕਾਰੀ ਹੈ।

ਜਿਸ ਤਰ੍ਹਾਂ ਅਕਾਲ ਪੁਰਖ ਦੀ ਜੋਤ ਹਰ ਜਗ੍ਹਾ ਪ੍ਰਕਾਸ਼ਮਾਨ ਹੈ, ਇਹ ਇਨਸਾਨੀ ਜਾਮਾ ਮਨੁੱਖ ਦੇ ਅਕਾਲ ਪੁਰਖ ਨਾਲ ਅਭੇਦ ਹੋ ਕੇ ਜੂਨਾਂ ਦੇ ਗੇੜ ਤੋਂ ਮੁਕਤ ਹੋਣ ਦਾ ਵਸੀਲਾ ਹੋਣ ਦੇ ਕਾਰਣ ਇਲਾਹੀ ਬਾਣੀ ਦੇ ਕਲਿਆਣਕਾਰੀ ਉਪਦੇਸ਼ ਸਭ ਮਨੁੱਖਾਂ ਲਈ ਸਾਂਝੇ ਹਨ। ਇਹ ਸੰਦੇਸ਼ ਵੀ ਬਾਣੀ ਵਿਚ ਦਿੱਤਾ ਗਿਆ ਹੈ। ਬਾਣੀ ਦੇ ਰਚਨਹਾਰਿਆਂ ਵਲੋਂ ਆਪਣੇ ਜੀਵਨ ਦੇ ਦੌਰਾਨ ਕੀਤੇ ਕੌਤਕ ਅਤੇ ਸਮਕਾਲੀ ਦੁਨੀਆਂ ਨੂੰ ਦਿੱਤੇ ਉਪਦੇਸ਼ ਵੀ ਇਲਾਹੀ (ਧੁਰੋਂ ਆਈ) ਜੀਵਨ ਜਾਚ ਦੇ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਸੁਭਾਇਮਾਨ ਹਨ ਅਤੇ ਸਾਡੇ ਲਈ ਧਾਰਮਿਕ, ਸਮਾਜਿਕ, ਰਾਜਨੀਤਿਕ ਆਦਿ ਸਭ ਖੇਤਰਾਂ ਵਿਚ ਮਾਰਗ-ਦਰਸ਼ਨ ਹਨ।

ਜਿਨ੍ਹਾਂ ਹਾਲਤਾਂ ਵਿਚ ਇਹ ਜੀਵਨ ਜਾਚ ਦਰਸਾਈ ਗਈ, ਅੱਜ ਸਾਡੀ ਅਤੇ ਦੁਨੀਆਂ ਦੀ ਸਾਰੀ ਧਰਤੀ ਤੇ ਫਿਰ ਉਹੀ ਹਾਲਾਤ ਬਣੇ ਹਨ। ਅੱਜ ਜਿੱਥੇ ਦੁਨੀਆਂ ਦੇ ਮਾਨਵ ਕਲਿਆਣ ਹਿਤ ਇਹ ਜੀਵਨ ਜਾਚ ਅਤਿਅੰਤ ਜ਼ਰੂਰੀ ਹੈ, ਉਥੇ ਸਾਨੂੰ ਵੀ ਬਾਣੀ ਦੀ ਵਿਚਾਰ ਕਰਕੇ ਆਪਣੇ ਜੀਵਨ ਵਿਚ ਢਾਲਣ ਦੀ ਅਤੀ ਜ਼ਰੂਰਤ ਹੈ। ਅੱਜ ਵੀ ਸਾਹਿਬਾਂ ਦੀ ਦਰਸਾਈ ਜੀਵਨ ਜਾਚ ਸਾਡੇ ਸਮੇਤ ਸਾਰੀ ਮਨੁੱਖਤਾ ਲਈ ਸਭ ਖੇਤਰਾਂ ਵਿਚ ਅਤਿਅੰਤ ਲਾਹੇਵੰਦ ਹੈ। ਅੱਜ ਵੀ ਮਨੁੱਖਤਾ ਨੂੰ ਪੇਸ਼ ਆ ਰਹੀਆਂ ਨਿਤ ਨਵੀਆਂ ਅਤੇ ਰੰਗ, ਨਸਲ, ਧਰਮ, ਖੇਤਰ ਆਦਿ ਸੰਬੰਧੀ ਸਮੱਸਿਆਵਾਂ ਦੇ ਹੱਲ ਲਈ ਗੁਰਬਾਣੀ ਦੀ ਰੋਸ਼ਨੀ ਵਿਚ ਲੋਕਾਈ ਨੂੰ ਸੇਧ ਦੇਣਾ ਸਾਹਿਬਾਂ ਦੀ ਕੌਮ ਦੇ ਵਾਰਸ ਹੋਣ ਦੇ ਨਾਤੇ ਸਾਡਾ ਵਿਸ਼ੇਸ਼ ਫ਼ਰਜ਼ ਹੈ। ਇਹ ਕਾਇਆ ਕਲਪ ਕਰ ਦੇਣ ਵਾਲੀ ਜੀਵਨ ਜਾਚ ਸਾਡੀ ਧਰਤੀ ਤੇ ਦਰਸਾਈ ਗਈ ਹੋਣ ਕਰਕੇ ਅਤੇ ਸਾਡੀ ਬੋਲੀ ਵਿਚ ਹੋਣ ਕਰਕੇ ਦੁਨੀਆਂ ਦੇ ਭਲੇ ਹਿੱਤ ਇਸ ਨੂੰ ਸਮੁੱਚੀ ਦੁਨੀਆਂ ਵਿਚ ਪਹਿਚਾਣ ਦਾ ਸਾਡਾ ਅਤੇ ਸਾਡੇ ਨਾਲੋਂ ਪਹਿਲੀਆਂ ਪੀੜ੍ਹੀਆਂ ਦਾ ਵਿਸ਼ੇਸ਼ ਫ਼ਰਜ਼ ਸੀ ਪਰ ਅਸੀਂ ਇਸ ਫ਼ਰਜ਼ ਵਿਚ ਨਾਕਾਮ ਰਹਿੰਦੇ ਹੋਏ ਆਪਣੇ ਆਪ ਨੂੰ ਵੀ ਇਸ ਅਨੁਸਾਰ ਨਾ ਢਾਲ ਸਕੇ।

ਇਸ ਇਲਾਹੀ ਬਾਣੀ ਦੇ ਹੋਂਦ ਵਿਚ ਆਉਣ ਤੋਂ ਹੀ ਗੁਰੂ ਸਾਹਿਬ, ਸਿੱਖ ਅਤੇ ਹੋਰ ਸਾਰੀ ਸਮਝ ਵਾਲੀ ਸੰਗਤ ਇਸ ਦਾ ਅਤਿਅੰਤ ਸਤਿਕਾਰ ਕਰਦੇ ਅਤੇ ਬਾਣੀ ਅਨੁਸਾਰ ਜੀਵਨ ਜੀਉਂਦੇ, ਜਿਸ ਕਰਕੇ ਪਿਛਲੀ ਸਦੀ ਤੱਕ ਗੁਰਬਾਣੀ ਅਤੇ ਗੁਰ ਅਸਥਾਨਾਂ ਦੇ ਸਤਿਕਾਰ ਹਿਤ ਅਤਿਅੰਤ ਜ਼ੁਲਮ ਸਹਾਰਦੇ ਹੋਏ ਬੇਗਿਣਤ ਸੂਰਬੀਰ ਸ਼ਹੀਦੀਆਂ ਪਾ ਗਏ ਪਰ ਜਾਨਾਂ ਵਾਰ ਕੇ ਵੀ ਗੁਰਬਾਣੀ ਅਤੇ ਗੁਰ-ਅਸਥਾਨਾਂ ਦੇ ਸਤਿਕਾਰ ਵਿਚ ਕਮੀ ਨਹੀਂ ਆਉਣ ਦਿੱਤੀ।

ਪਰ ਅੱਜ ਸਾਡੀ ਨੌਜਵਾਨ ਪੀੜ੍ਹੀ ਗੁਰਬਾਣੀ ਦੇ ਸਿਧਾਂਤ ਤੋਂ ਅਵੇਸਲੀ ਹੁੰਦੀ ਹੋਈ ਪੂਰੀ ਤਰ੍ਹਾਂ ਮੁਨਕਰ ਹੋ ਰਹੀ ਹੈ। ਫੈਸ਼ਨਪ੍ਰਸਤੀ, ਪਦਾਰਥਵਾਦ, ਨਸ਼ਾਖੋਰੀ ਅਤੇ ਸਾਹਿਬਾਂ ਵਲੋਂ ਭੰਡੇ ਗਏ ਕਰਮਕਾਂਡ, ਪਖੰਡਬਾਜ਼ੀ ਆਦਿ ਦਾ ਫਿਰ ਬੋਲਬਾਲਾ ਹੈ। ਫਿਰ ਵੀ ਗੁਰਮੁਖ ਪ੍ਰਚਾਰਕਾਂ, ਵਿਦਵਾਨਾਂ ਆਦਿ ਦੀ ਮਿਹਨਤ ਸਦਕਾ ਕੁਝ ਸੰਗਤ ਤਾਂ ਗੁਰਬਾਣੀ ਪ੍ਰਤੀ ਜਾਗ੍ਰਿਤ ਹੋਈ ਹੈ। ਫਿਰ ਵੀ ਅਸੀਂ ਗੁਰੂ ਗ੍ਰੰਥ ਸਾਹਿਬ ਅਤੇ ਗੁਰਧਾਮਾਂ ਦੇ ਸਤਿਕਾਰ ਪ੍ਰਤੀ ਸਾਰੇ ਸੁਚੇਤ ਨਹੀਂ ਹਾਂ।

ਅੱਜ ਹਰ ਪਿੰਡ ਵਿਚ ਗੁਰਦੁਆਰੇ ਤਾਂ 4-5 ਤੱਕ ਵੀ ਬਣ ਚੁੱਕੇ ਹਨ, ਪਰ ਸੰਗਤ ਸਾਰੇ ਗੁਰੂ ਘਰਾਂ ਵਿਚ ਉਤਸ਼ਾਹ ਨਾਲ ਨਿਯਮਿਤ ਹਾਜ਼ਰੀ ਨਹੀਂ ਭਰਦੀ। ਕਈ ਜਗ੍ਹਾ ਆਪਸੀ ਈਰਖਾਬਾਜ਼ੀ, ਜਾਤੀਵਾਦ ਜਾਂ ਅਜਿਹੇ ਕਈ ਕਾਰਨਾਂ ਕਰਕੇ ਸੰਗਤ ਦੀ ਹਾਜ਼ਰੀ ਘੱਟ ਹੁੰਦੀ ਹੈ। ਕਈ ਜਗ੍ਹਾ ਤਾਂ ਗੁਰੂ ਸਾਹਿਬ ਦੀ ਸੇਵਾ-ਸੰਭਾਲ, ਸਤਿਕਾਰ ਪ੍ਰਤੀ ਵਿਸ਼ੇਸ਼ ਧਿਆਨ ਨਹੀਂ ਦਿੱਤਾ ਜਾਂਦਾ।

ਜਿਸ ਤਰ੍ਹਾਂ ਪਿੰਡਾਂ ਵਿਚ ਸੰਗਤ ਆਪ ਵੀ ਗੁਰਦੁਆਰਾ ਸਾਹਿਬ ਜਾਣ ਤੋਂ ਅਵੇਸਲੀ ਰਹਿੰਦੀ ਹੈ, ਬੱਚਿਆਂ ਨੂੰ ਵੀ ਸ਼ਰਧਾ, ਸਤਿਕਾਰ ਸਹਿਤ ਗੁਰੂ ਘਰ ਦੀ ਹਾਜ਼ਰੀ ਭਰਨ ਲਈ ਉਤਸ਼ਾਹਿਤ ਨਹੀਂ ਕੀਤਾ ਜਾਂਦਾ। ਬੱਚਿਆਂ ਦੇ ਮਨਾਂ ਵਿਚ ਇਸੇ ਕਾਰਨ ਗੁਰੂ ਘਰ ਪ੍ਰਤੀ ਪ੍ਰੇਮ, ਸ਼ਰਧਾ, ਲਗਨ, ਉਤਸ਼ਾਹ ਦੀ ਘਾਟ ਰਹਿ ਜਾਂਦੀ ਹੈ। ਕਈਆਂ ਨੂੰ ਤਾਂ ਘਰ ਵਿਚੋਂ ਸਿੱਖ ਧਰਮ ਦੀ ਜਾਣਕਾਰੀ ਹੀ ਨਹੀਂ ਮਿਲਦੀ ਜਿਸ ਕਾਰਨ ਇਨਸਾਨ ਜ਼ਿੰਦਗੀ ਵਿਚ ਗੁਰਦੁਆਰਾ ਸਾਹਿਬ ਲਈ ਘੱਟ ਹੀ ਦਿਲਚਸਪੀ ਲੈਂਦਾ ਹੈ। ਜੇ ਕਿਸੇ ਗੁਰਮੁਖ ਵੀਰ ਦੀ ਗ਼ੈਰ-ਹਾਜ਼ਰੀ ਵਿਚ ਗੁਰੂ-ਘਰ ਦੀ ਸੇਵਾ ਸੰਭਾਲ ਦਾ ਮੌਕਾ ਆ ਜਾਵੇ ਤਾਂ ਇਹ ਨੌਜਵਾਨ ਕਿੰਨਾ ਵੀ ਕਹਿਣ ਤੇ ਸੇਵਾ ਲਈ ਤਿਆਰ ਹੀ ਨਹੀਂ ਹੁੰਦੇ। ਮਨ

ਵਿਚ ਇਹੀ ਵਿਚਾਰ ਪੱਕਾ ਹੋ ਚੁਕਿਆ ਹੁੰਦਾ ਹੈ ਕਿ ਅਸੀਂ ਸ਼ੁਰੂ ਤੋਂ ਸੇਵਾ ਕਦੇ ਕੀਤੀ ਹੀ ਨਹੀਂ, ਕਦੇ ਗੁਰਦੁਆਰੇ ਹੀ ਰੋਜ਼ਾਨਾ ਨਹੀਂ ਗਏ। ਇਹ ਕੰਮ ਤਾਂ ਗ੍ਰੰਥੀ ਦਾ ਹੈ। ਅਸੀਂ ਕਿਵੇਂ ਕਰ ਸਕਦੇ ਹਾਂ।

ਇਸੇ ਕਾਰਨ ਅੱਜ ਪਿੰਡਾਂ ਤੋਂ ਇਲਾਵਾ ਫੌਜ ਜਾਂ ਇਸ ਨਾਲ ਸੰਬੰਧਿਤ ਅਦਾਰਿਆਂ ਵਿਚ ਅਤੇ ਹੋਰ ਕਈ ਥਾਵਾਂ ਤੇ ਜਿੱਥੇ ਕਿ ਕਦੇ ਫੌਜ ਦੀ ਕਿਸੇ ਟੁਕੜੀ ਨੇ ਜਾਂ ਕਿਸੇ ਹੋਰ ਨੇ ਗੁਰਦੁਆਰਾ ਸਾਹਿਬ ਤਾਂ ਬਣਾ ਦਿੱਤੇ ਪਰ ਸਮਾਂ ਪਾ ਕੇ ਕਿਸੇ ਕਾਰਨ ਸੰਬੰਧਿਤ ਖੇਤਰ ਵਿਚ ਸਿੱਖ ਸੰਗਤਾਂ ਦੀ ਅਣਹੋਂਦ ਹੋ ਗਈ ਜਿਸ ਕਰਕੇ ਅੱਜ ਕਈ ਥਾਵਾਂ 'ਤੇ ਗੁਰਦੁਆਰੇ ਤਾਂ ਹਨ, ਪਰ ਸੰਗਤ ਹੈ ਹੀ ਨਹੀਂ। ਪੰਜਾਬ ਤੋਂ ਦੂਰ-ਦੁਰਾਡੇ ਅਜਿਹੇ ਕਈ ਗੁਰਦੁਆਰਾ ਸਾਹਿਬਾਨ ਦੀ ਸੇਵਾ-ਸੰਭਾਲ ਲਈ ਕੋਈ ਨਹੀਂ ਹੈ। ਕਈ ਜਗ੍ਹਾ ਤਾਂ ਗੁਰਦੁਆਰਾ ਸਾਹਿਬ ਨਾਲ ਸੰਬੰਧਿਤ ਖੇਤਰ ਜਾਂ ਅਦਾਰੇ ਵਿਚ ਕੋਈ ਦੋ-ਚਾਰ ਸਿਖ ਯੁਵਕ ਹੁੰਦੇ ਵੀ ਹਨ, ਪਰ ਗੁਰਦੁਆਰਾ ਸਾਹਿਬ ਲਈ ਬਿਲਕੁਲ ਦਿਲਚਸਪ ਨਹੀਂ ਹੁੰਦੇ। ਗੁਰੂ ਘਰ ਦੀ ਸੇਵਾ-ਸੰਭਾਲ ਲਈ ਕੋਈ ਹੈ ਜਾਂ ਨਹੀਂ, ਇਨ੍ਹਾਂ ਨੂੰ ਕੋਈ ਵਾਸਤਾ ਨਹੀਂ। ਇਹ ਸਿੱਟਾ ਹੈ ਬਚਪਨ ਵਿਚ ਗੁਰੂ-ਘਰ ਪ੍ਰਤੀ ਪ੍ਰੇਮ ਵਿਰਸੇ ਵਿਚ ਨਾ ਮਿਲਣ ਦਾ। ਅਜਿਹੀਆਂ ਕਈ ਥਾਵਾਂ 'ਤੇ ਅੱਜ ਜਾਂ ਤਾਂ ਗੁਰਦੁਆਰਾ ਸਾਹਿਬ ਦੀ ਨਿਯਮਿਤ ਸੇਵਾ ਸੰਭਾਲ ਨਹੀਂ ਹੁੰਦੀ ਜਾਂ ਫਿਰ ਕੋਈ ਸਿੱਖ ਧਰਮ, ਗੁਰੂ ਗ੍ਰੰਥ ਸਾਹਿਬ ਤੋਂ ਅਨਜਾਣ ਵਿਅਕਤੀ ਇਹ ਸੇਵਾ ਨਿਭਾ ਰਿਹਾ ਹੈ ਜਿਨ੍ਹਾਂ ਵਿਚੋਂ ਕਈ ਪੰਜਾਬੀ ਤੋਂ ਵੀ ਅਨਜਾਣ ਨੇ। ਇਨ੍ਹਾਂ ਨੂੰ ਕੋਈ ਗੁਰਮੁਖ ਪਿਆਰਾ ਯੋਗ ਸੇਵਾ ਕਰਨ ਵਾਲਾ ਨਾ ਹੋਣ ਦੇ ਕਾਰਨ ਸੰਬੰਧਿਤ ਜਗ੍ਹਾ ਤੋਂ ਜਾ ਰਿਹਾ ਸੱਜਣ ਦੱਸ ਗਿਆ।

ਇਸ ਤਰ੍ਹਾਂ ਜਿੱਥੇ ਪਿਛਲੀ ਸਦੀ ਵਿਚ ਹੀ ਗੁਰਧਾਮਾਂ ਦੀ ਸੇਵਾ-ਸੰਭਾਲ ਹਿਤ ਗੁਰਸਿੱਖਾਂ ਨੇ ਬੇਮਿਸਾਲ ਕੁਰਬਾਨੀਆਂ ਕੀਤੀਆਂ ਅਤੇ ਆਪਣੀ ਕਿਰਤ ਕਮਾਈ ਨਾਲ ਗੁਰਮੁਖਾਂ ਨੇ ਅਥਾਹ ਸ਼ਰਧਾ, ਪਿਆਰ ਨਾਲ ਗੁਰੂ-ਘਰ ਵਿਚ ਗੁਰੂ ਗ੍ਰੰਥ ਸਾਹਿਬ ਦੇ ਨਾਲ ਹੋਰ ਵੀ ਚੰਗੀਆਂ ਧਾਰਮਿਕ ਪੁਸਤਕਾਂ, ਇਤਿਹਾਸਕ ਪੁਸਤਕਾਂ ਅਤੇ ਗੁਰੂ ਸਾਹਿਬ ਦੀ ਸ਼ਾਨੋ-ਸ਼ੌਕਤ ਲਈ ਵਧੀਆ ਸਮਾਨ ਬਣਾਇਆ। ਪਰ ਉਨ੍ਹਾਂ ਦੇ ਵਾਰਸ ਕਿਤੇ ਤਾਂ ਮੌਜੂਦ ਹੀ ਨਹੀਂ ਜੇ ਹਨ ਤਾਂ ਗੁਰਬਾਣੀ, ਗੁਰ ਇਤਿਹਾਸ ਦੀ ਕੋਈ ਸਾਰ ਨਾ ਹੋਣ ਕਰਕੇ ਗੁਰੂ ਘਰ ਦੀ ਸਥਿਤੀ ਚਿੰਤਾਜਨਕ ਹੈ।

ਅੱਜ ਜਿੱਥੇ ਸਮੁੱਚਾ ਪੰਥ ਵਿਛੜ ਚੁੱਕੇ ਗੁਰਧਾਮਾਂ ਦੀ ਸੇਵਾ-ਸੰਭਾਲ ਦਰਸ਼ਨਾਂ ਦੀ ਤਾਂਘ ਰੱਖਦਾ ਹੋਇਆ ਸਵੇਰੇ ਸ਼ਾਮ ਅਰਦਾਸ ਕਰਦਾ ਹੈ, ਉਥੇ ਦੇਸ਼ ਵਿਚਲੇ ਆਪਣੇ ਕੋਲ ਵਾਲੇ ਗੁਰਧਾਮਾਂ ਦੀ ਉਚਿਤ ਸੇਵਾ ਸੰਭਾਲ ਲਈ ਗੰਭੀਰਤਾ ਨਾਲ ਸੋਚਣਾ ਪਵੇਗਾ।

ਗੁਰਧਾਮਾਂ ਦੀ ਇਹ ਹਾਲਤ ਦੇਖਦੇ ਹੋਏ ਦੇਖਣ-ਸੁਣਨ ਵਾਲੇ ਪੰਥ ਦਰਦੀਆਂ ਦਾ ਹਿਰਦਾ ਅਤਿਅੰਤ ਦੁਖੀ ਹੁੰਦਾ ਹੈ। ਜਿੱਥੇ ਗੁਰਦੁਆਰਾ ਸਾਹਿਬ ਵਿਚ ਗੁਰਮੁਖਾਂ ਦੀ ਸੰਗਤ ਹੋਵੇ, ਉਥੇ ਤਾਂ ਸੰਗਤ ਗੁਰੂ ਚਰਨਾਂ ਨਾਲ ਜੁੜੀ ਰਹਿੰਦੀ ਹੈ। ਜਿੱਥੇ ਸ਼ਰਧਾਵਾਨ ਗੁਰਸਿੱਖਾਂ ਦੀ ਸੰਗਤ ਹਾਜ਼ਰ ਨਾ ਹੋਵੇ, ਉੱਥੇ ਦੇਖ ਕੇ ਦਿਲ ਦੁਖੀ ਹੁੰਦਾ ਹੈ।

ਇਸ ਲਈ ਗੁਰੂ ਪੰਥ ਨੂੰ ਚਾਹੀਦਾ ਹੈ ਕਿ ਭਵਿੱਖ ਵਿਚ ਗੁਰੂ ਸਾਹਿਬ ਦਾ ਸਤਿਕਾਰ ਕਾਇਮ ਰੱਖਣ ਲਈ ਬੱਚਿਆਂ ਨੂੰ ਛੋਟੇ ਹੁੰਦੇ ਤੋਂ ਹੀ ਗੁਰੂ ਘਰ ਪ੍ਰਤੀ ਪ੍ਰੀਤ, ਸ਼ਰਧਾ, ਰੱਖਣ ਲਈ ਉਤਸ਼ਾਹਿਤ ਕੀਤਾ ਜਾਵੇ। ਇਸ ਤੋਂ ਬਿਨਾਂ ਇਸ ਦਾ ਕੋਈ ਹੱਲ ਹੋਵੇ ਤਾਂ ਸੋਚਣਾ ਚਾਹੀਦਾ ਹੈ ਕਿਉਂਕਿ ਸਿੱਖਾਂ ਦੇ ਸਤਿਕਾਰਯੋਗ ਗੁਰੂ, ਦਸਾਂ ਗੁਰੂਆਂ, ਅਕਾਲ ਪੁਰਖ ਦੀ ਜੁਗੋ-ਜੁਗ ਅਟੱਲ ਜੋਤ ਗੁਰੂ ਗ੍ਰੰਥ ਸਾਹਿਬ ਦਾ ਵੱਧ ਤੋਂ ਵੱਧ ਸਤਿਕਾਰ, ਉਚਿਤ ਸੇਵਾ-ਸੰਭਾਲ ਹੋਣੀ ਅਤਿਅੰਤ ਜ਼ਰੂਰੀ ਹੈ। •

ਤੰਬਾਕੂ ਤੋਂ ਸਾਵਧਾਨ

ਵਿਕਸਤ ਦੇਸ਼ਾਂ ਦੇ ਲੋਕ ਜਾਗਰੂਕ ਹਨ। ਉਹ ਤੰਬਾਕੂ ਕੰਪਨੀਆਂ ਦੀਆਂ ਚਾਲਾਂ ਤੋਂ ਸੁਚੇਤ ਹਨ। ਕੋਰਟ ਕੇਸਾਂ ਰਾਹੀਂ ਇਹਨਾਂ ਕੰਪਨੀਆਂ ਨੂੰ ਲੋਕਾਂ ਨੇ ਭਾਜੜਾਂ ਪਾਈਆਂ ਹੋਈਆਂ ਹਨ।

ਇਹ ਕੰਪਨੀਆਂ ਹੁਣ ਵਿਕਾਸਸ਼ੀਲ ਦੇਸ਼ਾਂ ਵੱਲ ਵੱਧ ਰਹੀਆਂ ਹਨ। ਹਿੰਦੁਸਤਾਨ ਇਹਨਾਂ ਦੇ ਨਿਸ਼ਾਨੇ 'ਤੇ ਹੈ। ਪੰਜਾਬ ਨੂੰ ਇਹ ਇਕ ਵੱਡੀ ਮੰਡੀ ਸਮਝਦੇ ਹਨ।

ਇਕ ਅੰਦਾਜ਼ੇ ਅਨੁਸਾਰ ਪਿੱਛੇ 5-10 ਸਾਲਾਂ ਵਿਚ ਪੰਜਾਬ ਵਿਚ ਤੰਬਾਕੂ ਦੀ ਖਪਤ ਵਿਚ 10 ਗੁਣਾਂ ਵਾਧਾ ਹੋਇਆ। ਹੁਣ ਕੇਵਲ ਪ੍ਰਵਾਸੀ ਮਜ਼ਦੂਰ ਹੀ ਨਹੀਂ, ਸਗੋਂ ਸਥਾਨਕ ਲੋਕ ਵੀ ਤੰਬਾਕੂ ਦਾ ਨਸ਼ਾ ਵੱਡੀ ਮਾਤਰਾ ਵਿਚ ਵਰਤ ਰਹੇ ਹਨ।

ਸਾਵਧਾਨ, ਸਾਵਧਾਨ...

ਲੋਕੋ, ਉਠੋ, ਜਾਗੋ....

-ਆਪਣੇ ਨੇੜੇ-ਤੇੜੇ ਤੰਬਾਕੂ (ਸਿਗਰਟ, ਬੀੜ, ਜਰਦਾ, ਗੁਟਖਾ) ਦੀ ਵਿਕਰੀ ਤੋਂ ਸੁਚੇਤ ਹੋਵੋ।

-ਬੱਚਿਆਂ ਨੂੰ ਸੰਭਾਲੋ।

ਆਪਣੇ ਅਖਬਾਰਾਂ, ਰਸਾਲਿਆਂ ਦੇ ਐਡੀਟਰਾਂ ਨੂੰ ਪੱਤਰ ਲਿਖ-ਲਿਖ ਕੇ ਮਜ਼ਬੂਰ ਕਰੋ ਕਿ ਉਹ ਸਵੈ-ਇੱਛਕ ਤੌਰ 'ਤੇ ਤੰਬਾਕੂ ਦੇ ਇਸ਼ਤਿਹਾਰ ਛਾਪਣੇ ਬੰਦ ਕਰਨ। ਇਸ ਵਿਚ ਹੀ ਵਡੇਰਾ ਜਨਤਕ ਹਿੱਤ ਲੁਕਿਆ ਹੈ।

—ਰੇਣੁਕਾ ਸਰਬਜੀਤ ਸਿੰਘ

ਮਸਕੀਨ ਜੀ ਦਾ ਕੌਮ ਨੂੰ ਆਖ਼ਰੀ ਸੁਨੇਹਾ

ਸੰਗ੍ਰਹਿ ਕਰਤਾ : ਗਿਆਨੀ ਜਗਤਾਰ ਸਿੰਘ ਜਾਚਕ (ਨਿਊਯਾਰਕ)

ਜੀਵਨ ਭਰ ਧਾਰਮਿਕ ਜਗਤ ਵਿਚ ਵਿਚਰ ਕੇ ਜੋ ਅਨੁਭਵ ਹੋਇਆ ਹੈ, ਉਸਨੂੰ ਮੈਂ ਗੁਰਮਤਿ ਹਿਤੈਸ਼ੀਆਂ ਦੇ ਸਾਹਮਣੇ ਰੱਖ ਰਿਹਾ ਹਾਂ, ਤਾਂ ਕਿ ਗੁਰਬਾਣੀ ਨੂੰ ਸਮੁੱਚੇ ਸੰਸਾਰ ਦੇ ਕੰਨਾਂ ਤੱਕ ਪਹੁੰਚਾਇਆ ਜਾ ਸਕੇ। ਗੁਰਮਤਿ ਮਹਿਮਾ ਦੇ ਸੂਰਜ ਅੱਗੇ ਛਾਈਆਂ ਬੱਦਲੀਆਂ ਨੂੰ ਛਾਂਟਿਆ ਜਾਵੇ, ਤਾਂ ਜੋ ਗੁਰਮਤਿ ਦੀ ਰੌਸ਼ਨੀ ਨੂੰ ਮੰਜ਼ਰੇ-ਆਮ ਕੀਤਾ ਜਾ ਸਕੇ।

(1) ਗੁਰਮਤਿ ਪ੍ਰਚਾਰ ਤੇ ਸਿੱਖ ਕੌਮ ਦਾ ਵਿਕਾਸ ਕਿਉਂ ਪੱਛੜਿਆ ?ਕਿਉਂਕਿ, ਗੁਰਦੁਆਰਿਆਂ ਦੀ 95 ਪ੍ਰਤੀਸ਼ਤ ਸ਼ਕਤੀ ਸੁਆਰਥ ਸਿੱਧ ਰਾਜਨੀਤਕਾਂ ਦੇ ਹੱਥ ਵਿਚ ਆ ਗਈ ਹੈ, ਜਿਸ ਨਾਲ ਗੁਰਮਤਿ ਪ੍ਰਚਾਰ ਨੂੰ ਗਹਿਰੀ ਸੱਟ ਲੱਗੀ ਹੈ। ਚੂੰਕਿ ਧਾਰਮਿਕ ਪ੍ਰਬੰਧ ਗਿਆਨਹੀਣ ਰਾਜਨੀਤਕ ਚਲਾ ਰਹੇ ਸਨ, ਇਸ ਕਰਕੇ ਅਣਖੀਲੇ ਤੇ ਹਿਤੈਸ਼ੀ ਪ੍ਰਚਾਰਕ ਧਰਮ ਪ੍ਰਚਾਰ ਤੋਂ ਅੱਡ ਹੁੰਦੇ ਗਏ, ਸਿਰਫ਼ ਰੋਜ਼ੀ ਨੂੰ ਨੁਕਤਾ-ਨਿਗਾਹ ਬਣਾ, ਲੋੜਵੰਦ, ਬੇਸਹਾਰਾ ਅੰਗਹੀਣ, ਨੇਤਰਹੀਣ ਇਸ ਖੇਤਰ ਵਿਚ ਅੱਗੇ ਆਉਂਦੇ ਗਏ। ਸੁਆਰਥੀ ਰਾਜਨੀਤੀ ਵਿਚ ਲੀਨ ਪ੍ਰਬੰਧਕਾਂ ਨੂੰ ਇਸ ਤਰ੍ਹਾਂ ਦੀ ਪ੍ਰਚਾਰ ਸ਼੍ਰੇਣੀ ਦੀ ਲੋੜ ਸੀ। ਇਹ ਸ਼੍ਰੇਣੀ ਘਰੇਲੂ ਮੁਲਾਜ਼ਮਾਂ ਦੀ ਤਰ੍ਹਾਂ ਕੰਮ ਕਰਨ ਲੱਗ ਪਈ।

(2) ਧਰਮ ਪ੍ਰਚਾਰ ਦਾ ਦੂਸਰਾ ਅੰਗ ਅੱਜ ਦੇ ਸੰਤਾਂ ਦੇ ਡੇਰੇ ਹਨ। ਗਹਿਰਾਈ ਨਾਲ ਦੇਖਿਆ ਜਾਏ ਤਾਂ 90 ਪ੍ਰਤੀਸ਼ਤ ਸਾਧ ਗੁਰਮਤਿ ਤੋਂ ਨਾਵਾਕਫ਼ ਹਨ। ਹੰਕਾਰ-ਸੁਆਰਥ ਵੱਸ ਹੋ, ਗੁਰੂ ਤੇ ਗੁਰਦੁਆਰਿਆਂ ਨੂੰ ਇਕ ਪਾਸੇ ਕਰਕੇ ਆਪਣੇ ਤੇ ਆਪਣੇ ਡੇਰਿਆਂ ਦੇ ਪ੍ਰਚਾਰ ਵਿਚ ਲੀਨ ਹਨ। ਜਦ ਪੂਜਾ ਪ੍ਰਤਿਸ਼ਠਾ ਸਿਖਰ ਤੇ ਪੁੱਜਦੀ ਹੈ ਤਾਂ ਗੁਰੂ ਹੋਣ ਦਾ ਦਾਅਵਾ ਵੀ ਕਰਦੇ ਹਨ। ਡੇਰਿਆਂ ਦੀ ਅਲੱਗ ਅਲੱਗ ਮਰਯਾਦਾ ਸਿੱਖ ਜਗਤ ਨੂੰ ਧਾਰਮਿਕ ਤਲ 'ਤੇ ਖੇਰੂੰ-ਖੇਰੂੰ ਹੋਣ ਦਾ ਬਲ ਦਿੰਦੀ ਹੈ।

(3) ਧੰਨ ਗੁਰੂ ਗੋਬਿੰਦ ਸਿੰਘ ਜੀ ਦਾ ਕਹਿਣਾ ਹੈ 'ਗਰੀਬ ਦਾ ਮੂੰਹ ਗੁਰੂ ਕੀ ਗੋਲਕ', ਪਰ ਇਹ ਧਨ ਧਰਮ ਪ੍ਰਚਾਰ ਤੇ ਗਰੀਬਾਂ ਦੇ ਭਲੇ ਲਈ ਸਹੀ ਤਰੀਕੇ ਨਾਲ ਖ਼ਰਚ ਨਹੀਂ ਹੋ ਰਿਹਾ। ਕਾਰ ਸੇਵਾ ਵਾਲੇ ਮਹਾਂਪੁਰਸ਼ ਬਾਬਿਆਂ ਰਾਹੀਂ ਗੁਰਦੁਆਰਿਆਂ ਦੀਆਂ ਸੁੰਦਰ ਇਮਾਰਤਾਂ ਉਸਰੀਆਂ ਹਨ, ਉਨ੍ਹਾਂ ਦੀ ਲੋੜ ਵੀ ਸੀ। ਲੇਕਿਨ ਧਰਮ ਪ੍ਰਚਾਰ ਤੇ ਧਾਰਮਿਕ ਉਮੰਗ ਤੋਂ ਬਿਨਾਂ ਇਹ ਇਮਾਰਤਾਂ ਸਤਿਸੰਗੀਆਂ ਤੋਂ ਖ਼ਾਲੀ ਹਨ। ਇਸਾਈ ਮਿਸ਼ਨਰੀ ਤਾਂ ਗਰੀਬ ਦੇ ਮੂੰਹ ਵਿਚ ਰੋਟੀ ਦੀ ਬੁਰਕੀ ਨਾਲ ਈਸਾਈਅਤ ਨੂੰ ਪਿਲਾ ਰਹੇ ਹਨ। ਪਰ ਅਸੀਂ ਗੁਰੂ ਕੀ ਗੋਲਕ ਨੂੰ ਗਰੀਬ ਦੇ ਮੂੰਹ ਵਿਚ ਪਾਉਣ ਤੋਂ ਅਸਮਰਥ ਰਹੇ ਹਾਂ।

(4) ਗੁਰਦੁਆਰਿਆਂ ਦੇ ਪ੍ਰਬੰਧਕ ਇਕ ਤਰੀਕੇ ਨਾਲ ਗੁਰੂ ਕੀ ਗੋਲਕ ਲੁੱਟ ਰਹੇ ਨੇ। ਗੋਲਕ ਨੂੰ ਇਲੈਕਸ਼ਨਾਂ ਤੇ ਖਰਚ ਕਰਨਾ, ਆਪਣੀ ਰਾਜਨੀਤਕ ਸ਼ਾਨ ਬਣਾਉਣ ਲਈ ਖਰਚ ਕਰਨਾ, ਬਸ ਇਹੀ ਕੁਝ ਚਲ ਰਿਹਾ ਹੈ। 70 ਸਾਲਾਂ ਤੋਂ ਵੀ ਵੱਧ ਸਿੱਖ ਕੌਮ ਧੋਖਾ ਖਾ ਰਹੀ ਹੈ। ਹੁਣ ਸਾਵਧਾਨ ਹੋਣਾ ਚਾਹੀਦਾ ਹੈ। ਇਨ੍ਹਾਂ (ਪ੍ਰਬੰਧਕਾਂ, ਪ੍ਰਚਾਰਕਾਂ ਤੇ ਡੇਰੇਦਾਰ ਸਾਧਾਂ) ਦਾ ਅਸਲੀ ਚਿਹਰਾ ਸਾਹਮਣੇ ਆ ਗਿਆ ਹੈ। ਹੁਣ ਕੋਈ ਛੁਪੀ ਹੋਈ ਗੱਲ ਨਹੀਂ ਰਹੀ। ਮੈਂ 40-45 ਸਾਲ ਪ੍ਰਚਾਰ ਦੀ ਜ਼ਿੰਦਗੀ ਦੀ ਬਿਨਾਅ ਤੇ ਕਹਿ ਸਕਦਾ ਹਾਂ ਕਿ ਸੁਆਰਥੀ ਮਨੁੱਖ ਹੀ ਗੁਰਦੁਆਰਿਆਂ ਨੂੰ ਚਲਾਉਂਦੇ ਆਏ ਨੇ। ਮੁਲਾਜ਼ਮਤ ਜ਼ਹਿਨੀਅਤ ਵਾਲੇ ਮਨੁੱਖ ਹੀ ਗ੍ਰੰਥੀ ਤੇ ਰਾਗੀ ਸ਼੍ਰੇਣੀ ਵਿਚ ਆਏ, ਜਿਸ ਕਾਰਨ ਗੁਰਮਤਿ ਦਾ ਪ੍ਰਚਾਰ ਠੱਪ ਹੋ ਕੇ ਰਹਿ ਗਿਆ ਹੈ।

(5) **ਗੁਰਮਤਿ ਪ੍ਰਚਾਰ ਤੇ ਗੁਰਦੁਆਰਾ ਸੁਧਾਰ ਲਹਿਰ ਦੀ ਲੋੜ :** ਗੁਰਦੁਆਰਿਆਂ ਵਿਚ ਪ੍ਰਬੰਧਕੀ ਲੜਾਈ ਨੇ ਧਾਰਮਿਕ ਵਿਕਾਸ ਰੋਕ ਰੱਖਿਆ ਹੈ, ਜਦ ਕਿ ਅਨਮਤੀਆਂ ਦਾ ਵਿਕਾਸ ਚੱਲ ਰਿਹਾ ਹੈ। ਸਿੱਖ ਧਰਮ ਦੇ ਰਾਜਨੀਤਕ, ਧਰਮ ਦੀ ਜ਼ਿੰਮੇਵਾਰੀ ਪ੍ਰਚਾਰਨ ਵਾਲੇ ਲੋਗਾਂ ਦੇ ਸਿਰ 'ਤੇ ਬੈਠ ਗਏ ਹਨ, ਜਿਸ ਨਾਲ ਸਾਰੇ ਧਾਰਮਿਕ ਲੋਗਾਂ ਦੀਆਂ ਗਰਦਨਾਂ ਤੇ ਰੀੜ੍ਹ ਦੀਆਂ ਹੱਡੀਆਂ ਟੁੱਟ ਗਈਆਂ ਹਨ। ਇਹ ਅਧੋਗਤੀ ਹਰ ਦੂਰ-ਦ੍ਰਿਸ਼ਟ ਨੂੰ ਦਿਖਾਈ ਦੇ ਰਹੀ ਹੈ।

(6) ਸਾਡੇ ਮੌਜੂਦਾ ਗੁਰਦੁਆਰਾ ਪ੍ਰਬੰਧ ਤੇ ਪ੍ਰਚਾਰ ਢਾਂਚੇ ਤੋਂ ਗੁਰਮਤਿ ਪ੍ਰਚਾਰ ਦੀ ਉਮੀਦ ਰੱਖਣੀ ਰੇਤ 'ਚੋਂ ਤੇਲ ਕੱਢਣ ਦਾ ਵਿਅਰਥ ਉਪਰਾਲਾ ਹੈ। ਇਹ ਸਾਰਾ ਢਾਂਚਾ ਬਦਲੇ ਬਿਨਾਂ ਗੁਰਬਾਣੀ ਦਾ ਆਦਰਸ਼ ਤੇ ਸਿਧਾਂਤਕ ਗਿਆਨ-ਰਸ ਵੰਡਿਆ ਨਹੀਂ ਜਾ ਸਕਦਾ। ਹੁਣ ਤਾਂ ਸਾਨੂੰ ਬਹੁਤ ਛੇਤੀ ਗੁਰਮਤਿ ਸੁਧਾਰ ਲਹਿਰ ਦੀ ਅਗਵਾਈ ਹੇਠ ਅੱਗੇ ਆਉਣਾ ਚਾਹੀਦਾ ਹੈ ਤਾਂ ਜੁ ਵਕਤ ਸਿਰ ਗੁਰਮਤਿ ਦੀ ਰੂਪ-ਰੇਖਾ ਬਣਾਈ ਜਾ ਸਕੇ। ਕਿਸੇ ਰੋਗ ਦਾ ਵਕਤ ਸਿਰ ਇਲਾਜ ਨਾ ਕੀਤਾ ਜਾਏ ਤਾਂ ਫਿਰ ਉਹ ਰੋਗ ਲਾ-ਇਲਾਜ ਹੋ ਜਾਂਦਾ ਹੈ। ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ।

(ਬਾਕੀ ਸਫ਼ਾ 38 'ਤੇ)

ਗੁਰਬਾਣੀ ਵਿਚ ਪ੍ਰਭੂ-ਪ੍ਰੇਮ

ਬੀਬੀ ਵਲਵਿੰਦਰ ਕੌਰ*

ਅਧਿਆਤਮਕ ਜੀਵਨ ਦਾ ਮਾਰਗ-ਦਰਸ਼ਨ 'ਗੁਰੂ' ਹੈ ਤੇ ਉਸਦੀ ਅਨੁਭਵੀ ਦੈਵੀ-ਕਵਿਤਾ ਗੁਰਬਾਣੀ ਹੈ। ਇਹ ਸੰਕੇਤ ਖ਼ਾਸ ਤੌਰ ਤੇ ਗੁਰੂ ਨਾਨਕ ਸਾਹਿਬ ਤੇ ਉਨ੍ਹਾਂ ਦੇ ਛੇ ਜਾਨਸ਼ੀਨ ਗੁਰੂਆਂ ਦੀ ਅਧਿਆਤਮਕ ਰਚਨਾ ਲਈ ਵਰਤਿਆ ਜਾਂਦਾ ਹੈ ਤੇ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਾਰੀ ਬਾਣੀ ਨੂੰ ਗੁਰਬਾਣੀ ਕਹਿ ਕੇ ਸਤਿਕਾਰਿਆ ਜਾਂਦਾ ਹੈ। ਗੁਰਬਾਣੀ ਬਾਰੇ ਵਰਨਣ ਕਰਦਿਆਂ ਸਤਿਗੁਰਾਂ ਕਿਹਾ ਕਿ ਜਿਸ ਵਿਚ ਪਰਮਤੱਤ (ਨਾਮ) ਦਾ ਵਖਿਆਨ ਹੋਵੇ ਤੇ ਇਹ ਵਖਿਆਨ ਕੇਵਲ ਜ਼ਬਾਨੀ-ਕਲਾਮੀ ਨਾ ਹੋਵੇ, ਸਗੋਂ ਅੰਦਰਲੇ ਆਤਮਿਕ ਅਨੁਭਵ ਵਿਚੋਂ ਸਫੁਟਿਤ ਹੋਵੇ। ਕਹਿਣ ਵਾਲੇ ਦੀ ਆਤਮਾ ਪਰਮ-ਆਤਮਾ ਨਾਲ ਇਕਸੁਰ ਹੋ ਕੇ ਇਹ ਸੁਰ ਕੱਢੇ :

ਅੰਮ੍ਰਿਤ ਬਾਣੀ ਤਤੁ ਵਖਾਣੀ,
ਗਿਆਨ ਧਿਆਨ ਵਿਚਿ ਆਈ॥
ਗੁਰਮੁਖਿ ਆਖੀ ਗੁਰਮੁਖਿ ਜਾਤੀ,
ਸੁਰਤੀ ਕਰਮਿ ਧਿਆਈ॥

(ਗੁਰੂ ਗ੍ਰੰਥ ਸਾਹਿਬ, ੧੨੪੩)

ਗੁਰਬਾਣੀ ਨੂੰ ਪ੍ਰਭੂ ਦਾ ਹੁਕਮ ਜਾਂ ਪ੍ਰਭੂ ਪਰਮੇਸਰ ਦਾ ਰੂਪ ਕਿਹਾ ਗਿਆ ਹੈ :

ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ॥ *(੧੨੭੯)*

ਵਾਹੁ ਵਾਹੁ ਬਾਣੀ ਨਿਰੰਕਾਰੁ ਹੈ
ਤਿਸੁ ਜੇਵਡੁ ਅਵਰੁ ਨ ਕੋਇ॥ *(੫੧੫)*

ਇਕਾ ਬਾਣੀ ਇਕੁ ਗੁਰੁ
ਇਕੋ ਸਬਦੁ ਵੀਚਾਰਿ॥ *(੬੪੬)*

ਗੁਰੂ ਸਾਹਿਬਾਨ ਇਕ ਗੱਲ ਹੋਰ ਕੀਤੀ ਕਿ ਉਨ੍ਹਾਂ ਗੁਰਬਾਣੀ ਨੂੰ 'ਗੁਰੂ' ਦੀ ਪਦਵੀ ਦੇ ਕੇ ਸਤਿਕਾਰਿਆ, ਇਸਦਾ ਤਾਤਪ੍ਰਜ ਇਹ ਸੀ ਕਿ ਰੂਹਾਨੀ ਰਹਿਨੁਮਾਈ ਹਰ ਸਮੇਂ, ਹਰ ਇਕ ਨੂੰ ਮਿਲੇ ਤੇ ਹਮੇਸ਼ਾ ਮਿਲਦੀ ਰਹੇ। ਦੇਹਧਾਰੀ ਵਿਅਕਤੀ ਸਰਬ-ਪਰਵਾਣ ਨਹੀਂ ਹੋ ਸਕਦਾ, ਸਰਬ ਵਿਆਪਕ ਨਹੀਂ ਹੋ ਸਕਦਾ, ਸਦਾ ਸਥਿਰ ਤੇ ਅਡੋਲ, ਅਟੱਲ ਵੀ ਨਹੀਂ ਹੋ ਸਕਦਾ, ਜਦੋਂ ਕਿ ਅਨੁਭਵੀ ਬਾਣੀ ਇਨ੍ਹਾਂ ਊਣਤਾਈਆਂ ਤੋਂ ਉੱਪਰ ਹੈ। ਗੁਰੂ ਸਾਹਿਬਾਨ ਨੇ ਦਸ ਜਾਮੇ ਧਾਰ ਕੇ ਬਾਣੀ ਦੇ ਗੁਰੂ ਹੋਣ ਦਾ ਪ੍ਰਚਾਰ ਕੀਤਾ :

ਬਾਣੀ ਗੁਰੂ, ਗੁਰੂ ਹੈ ਬਾਣੀ
ਵਿਚਿ ਬਾਣੀ ਅੰਮ੍ਰਿਤੁ ਸਾਰੇ॥
ਗੁਰੁ ਬਾਣੀ ਕਹੈ, ਸੇਵਕੁ ਜਨੁ ਮਾਨੈ
ਪਰਤਖਿ ਗੁਰੂ ਨਿਸਤਾਰੇ॥ ੫॥ (੯੮੨)

ਬਾਣੀ ਇਕ ਬਹੁਤ ਸ਼ਕਤੀਸ਼ਾਲੀ ਹਥਿਆਰ ਹੈ, ਜਿਸ ਨੂੰ ਗੁਰੂ ਸਾਹਿਬਾਨ ਨੇ ਬਹੁਤ ਸੂਝ-ਬੂਝ ਤੇ ਗੰਭੀਰਤਾ ਨਾਲ ਵਰਤਿਆ। ਉਹ ਚਾਹੁੰਦੇ, ਤਾਂ ਕੇਵਲ ਗੁਰੂ ਸਾਹਿਬਾਨ ਦੀ ਰਚਨਾ ਹੀ ਇਕੱਠੀ ਕਰਕੇ ਗ੍ਰੰਥ ਬਣਾ ਸਕਦੇ ਸਨ, ਪਰੰਤੂ ਉਨ੍ਹਾਂ ਦੀ ਵਿਸ਼ਾਲ ਦ੍ਰਿਸ਼ਟੀ ਤੋਂ ਜਿਥੋਂ ਤੱਕ ਜ਼ਰੂਰਤ ਸੀ, ਹੋਰ ਭਗਤਾਂ, ਸੰਤਾਂ, ਫਕੀਰਾਂ ਤੇ ਭੱਟਾਂ ਦੀ ਬਾਣੀ ਦਾ ਸੰਚਯ ਤਿਆਰ ਕਰਕੇ ਉਸ ਨੂੰ ਸਰਬ ਸਾਂਝਾ ਧਰਮ ਗ੍ਰੰਥ ਬਣਾ ਦਿੱਤਾ ਤੇ ਫਿਰ ਇਸ ਨੂੰ 'ਗੁਰੂ' ਪਦਵੀ ਨਾਲ ਪ੍ਰਤਿਸ਼ਠਤ ਕਰਕੇ ਧਾਰਮਿਕ ਜਗਤ ਵਿਚ ਇਕ ਨਵੀਂ ਮਿਸਾਲ ਕਾਇਮ ਕੀਤੀ, ਜਿਸ ਦੀ ਪ੍ਰਤੱਖ ਮਿਸਾਲ ਖੁਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ (ਅੰਕਿਤ) ਗੁਰਬਾਣੀ ਸਾਰੀ ਮਨੁੱਖਤਾ ਨੂੰ ਪ੍ਰੇਮ ਦਾ ਸੁਨੇਹਾ ਦਿੰਦੀ ਹੈ।

ਪ੍ਰੇਮ ਸ਼ਬਦ 'ਪ੍ਰਿ' ਧਾਤੂ ਤੋਂ ਬਣਿਆ ਹੈ, ਜਿਸਦਾ ਅਰਥ ਹੈ—ਮਨ ਨੂੰ ਭਾਉਣ ਜਾਂ ਸੁਖਾਵਾਂ ਲੱਗਣ ਵਾਲਾ, ਪਿਆਰਾ। ਪ੍ਰੇਮ ਲਈ ਪ੍ਰੀਤ, ਪਿਆਰ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ। ਪ੍ਰੇਮ ਦਾ ਸਿੱਧਾ ਤੇ ਸਪੱਸ਼ਟ ਅਰਥ ਮਨ ਦੀ ਉਸ ਸਥਿਤੀ ਤੋਂ ਹੈ ਜੋ ਕਿਸੇ ਨਾਲ ਸੰਬੰਧਿਤ ਹੋਣ ਦਾ ਸੁੱਖ ਪ੍ਰਦਾਨ ਕਰਦੀ ਹੈ। ਪ੍ਰੇਮ ਭਾਵਨਾ ਕਿਸੇ ਨੂੰ ਚੰਗਾ ਜਾਂ ਸੁਖਾਵਾਂ ਲੱਗਣ ਦੀ ਭਾਵਨਾ ਹੈ।

ਗੁਰਬਾਣੀ ਵਿਚ ਅਨੇਕਾਂ ਵਿਸ਼ਿਆਂ ਤੋਂ ਇਲਾਵਾ ਪ੍ਰੇਮ ਉਤੇ ਕਾਫੀ ਜ਼ੋਰ ਦਿੱਤਾ ਗਿਆ ਹੈ। ਪ੍ਰੇਮ ਗੁਰਮਤਿ ਦੀ ਆਧਾਰਸ਼ਿਲਾ ਹੈ, ਜਿਸ ਉੱਪਰ ਗੁਰਮਤਿ ਦਾ ਮਹਿਲ ਉਸਰਿਆ ਹੈ। ਗੁਰਮਤਿ ਅਨੁਸਾਰ ਪ੍ਰੇਮ ਵਿਚ ਊਚ-ਨੀਚ, ਜਾਤ-ਪਾਤ ਵਿਤਕਰੇ ਦਾ ਖੰਡਨ ਕੀਤਾ ਜਾਂਦਾ ਹੈ। ਗੁਰਬਾਣੀ ਅਨੁਸਾਰ ਪ੍ਰੇਮ ਦਾ ਅੰਤਿਮ ਉਦੇਸ਼ ਨਾਸ਼ਵਾਨ ਨੂੰ ਕੀਤਾ ਜਾਣ ਵਾਲਾ ਪ੍ਰੇਮ ਨਹੀਂ ਸਗੋਂ 'ਅਟੱਲ' (ਸਤਿ) ਨੂੰ ਕੀਤਾ ਜਾਣਾ ਵਾਲਾ ਪ੍ਰੇਮ ਹੈ। ਅਟੱਲ ਤੇ ਸਰਬ ਸ਼ਕਤੀਮਾਨ ਤਾਂ ਕੇਵਲ ਪ੍ਰਭੂ ਹੈ। ਪ੍ਰਭੂ ਨਾਲ ਕੀਤਾ ਗਿਆ ਸੱਚਾ ਪ੍ਰੇਮ ਪ੍ਰਭੂ ਨੂੰ ਪਾ ਸਕਣ ਦਾ ਹੱਕਦਾਰ ਬਣਾ ਦੇਂਦਾ ਹੈ, ਦਸਮ ਗੁਰਵਾਕ ਹੈ :

ਸਾਚੁ ਕਹੋਂ ਸੁਨ ਲੇਹੁ ਸਭੈ
ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥

(ਤ੍ਵ ਪ੍ਰਸਾਦਿ ਸਵੱਯੇ, ਅਕਾਲ ਉਸਤਤਿ)

ਪ੍ਰੇਮ ਦਾ ਮਾਰਗ ਏਨਾ ਸੁਖਾਲਾ ਵੀ ਨਹੀਂ, ਇਹ ਤਾਂ 'ਖੰਨਿਅਹੁ ਤਿਖੀ ਵਾਲਹੁ ਨਿਕੀ' ਗਲੀ ਹੈ। ਪ੍ਰੇਮ ਵਿਚ ਜਾਗਰੂਕ ਹੋਈ ਜੀਵਾਤਮਾ ਰਸਤੇ ਦੀਆਂ ਔਕੜਾਂ ਦੀ ਪ੍ਰਵਾਹ ਨਾ ਕਰਦੀ ਹੋਈ ਕੇਵਲ ਆਪਣੇ ਪ੍ਰੇਮੀ ਨੂੰ ਮਿਲਣ ਦੀ ਤਾਂਘ ਲਈ ਉਸ ਦੇ ਰਸਤੇ ਤੇ ਚਲਦੀ ਰਹਿੰਦੀ ਹੈ। ਗੁਰਮਤਿ ਵਿਚ ਪ੍ਰੇਮ ਪਹਿਲਾ ਤੇ ਆਖਰੀ ਸਬਕ ਹੈ। ਇਸ ਵਿਚ ਮੈਂ ਮੇਰੀ ਦਾ ਨਾਸ਼ ਹੋ ਕੇ 'ਮੈਂ' ਨਹੀਂ, ਸਭ 'ਤੂੰ' ਵਾਲੀ ਅਵਸਥਾ ਹੋ ਜਾਂਦੀ ਹੈ। ਪ੍ਰੇਮ ਭਾਵਨਾ ਅਮੀਰ-ਗਰੀਬ ਸਭ ਤੇ ਇਕ-ਸਾਮਾਨ ਅਸਰ ਕਰਦੀ ਹੈ। ਪ੍ਰੇਮ ਡਰ ਨੂੰ ਖਤਮ

---

*ਖੋਜ ਵਿਦਿਆਰਥਣ (ਪੀ. ਐਚ. ਡੀ.), ਦਰਸ਼ਨ-ਸ਼ਾਸਤਰ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ

ਕਰਕੇ ਸ਼ਾਂਤੀ ਪ੍ਰਦਾਨ ਕਰਦਾ ਹੈ।ਗੁਰਬਾਣੀ ਅਨੁਸਾਰ ਜਿਨ੍ਹਾਂ ਮਨੁੱਖਾਂ ਦੇ ਹਿਰਦੇ ਵਿਚ ਪਰਮਾਤਮਾ ਦੇ ਲਈ ਪਿਆਰ ਮੌਜੂਦ ਹੈ ਉਹ ਮਨੁੱਖ ਸੁਚੱਜੇ ਹਨ, ਸਿਆਣੇ ਹਨ। ਗੁਰਵਾਕ ਹੈ :

ਜਿਨ ਅੰਤਰਿ ਹਰਿ ਹਰਿ ਪ੍ਰੀਤਿ ਹੈ,
ਤੇ ਜਨ ਸੁਘੜ ਸਿਆਣੇ ਰਾਮ ਰਾਜੇ ॥
(੪੫੦)

ਅਤਿ ਸੁੰਦਰ ਕੁਲੀਨ ਚਤੁਰ
ਮੁਖਿ ਙਿਆਨੀ ਧਨਵੰਤ ॥
ਮਿਰਤਕ ਕਹੀਅਹਿ ਨਾਨਕਾ
ਜਿਹ ਪ੍ਰੀਤਿ ਨਹੀ ਭਗਵੰਤ ॥
(੨੫੩)

ਗੁਰੂ ਸਾਹਿਬ ਜੀ ਕਹਿੰਦੇ ਹਨ—ਜੇ ਕੋਈ ਮਨੁੱਖ ਬਹੁਤਾ ਸੁੰਦਰ ਹੋਵੇ, ਉੱਚੀ ਕੁਲ ਵਿਚ ਪੈਦਾ ਹੋਇਆ ਹੋਵੇ, ਸਿਆਣਾ, ਮੁੱਖ-ਗਿਆਨੀ ਅਤੇ ਬਹੁਤ ਪੈਸੇ ਵਾਲਾ ਵੀ ਹੋਵੇ, ਜੇਕਰ ਇਤਨੀਆਂ ਸਿਫਤਾਂ ਵਾਲੇ ਮਨੁੱਖ ਦੇ ਅੰਦਰ ਉਸ ਪ੍ਰਮੇਸ਼ਰ ਦਾ ਪਿਆਰ ਨਹੀਂ ਤਾਂ ਉਹ ਮੁਰਦਾ ਹੀ ਆਖਿਆ ਜਾਂਦਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਪ੍ਰੇਮ ਨੂੰ ਜੀਵਨ-ਪੰਧ ਵਿਚ ਇਕ ਮਹਾਨ ਅਸਲੀਅਤ ਤੋਂ ਚੁਕ ਕੇ ਆਤਮਿਕ ਮੰਡਲ ਦੀ ਉੱਚੀ ਥਾਂ ਤੇ ਸਥਾਪਨ ਕੀਤਾ ਹੈ। ਸਿੱਖੀ ਵਿਚ ਪ੍ਰੇਮ ਦੇ ਅਰਥ ਹਨ ਕਰਤਾਰ ਨਾਲ ਪ੍ਰੇਮ ਕਰਨਾ ਤੇ ਕਰਤਾਰ ਦੇ ਪ੍ਰੇਮ ਵਿਚ ਰੱਤਿਆਂ ਮਨੁੱਖ ਮਾਤਰ ਨਾਲ ਪ੍ਰੇਮ ਕਰਨਾ। **ਪ੍ਰੇਮ ਦੇ ਅਰਥ ਹਨ ਆਪਣਾ ਆਪਾ ਤਿਆਗਣਾ ਤੇ ਕਰਤਾਰ ਦਾ ਭਾਣਾ ਸਿਰ ਮੱਥੇ ਤੇ ਮੰਨਣਾ, ਅਥਵਾ ਆਪਾ ਵਾਰ ਦੇਣਾ, ਇਹੋ ਪਰਮਾਤਮਾ ਦੀ ਭਗਤੀ ਹੈ।**

ਪ੍ਰੇਮ ਦਾ ਰੰਗ ਅਜਿਹਾ ਹੈ ਜਿਵੇਂ ਕੋਈ ਨਸ਼ਈ ਨਸ਼ੇ ਬਿਨਾਂ ਨਹੀਂ ਰਹਿ ਸਕਦਾ, ਇਵੇਂ ਸਿਦਕੀ ਸਿੱਖ ਇਕ ਛਿਨ ਵੀ ਨਾਮ ਤੋਂ ਬਿਨਾਂ, ਪ੍ਰੇਮਾ ਭਗਤੀ ਬਿਨਾਂ ਨਹੀਂ ਰਹਿ ਸਕਦਾ :

ਹਉ ਖਿਨੁ ਪਲੁ ਰਹਿ ਨ ਸਕਉ ਬਿਨੁ ਪ੍ਰੀਤਮ
ਜਿਉ ਬਿਨੁ ਅਮਲੈ ਅਮਲੀ ਮਰਿ ਗਈਆ ॥
ਜਿਨ ਕਉ ਪਿਆਸ ਹੋਇ ਪ੍ਰਭ ਕੇਰੀ
ਤਿਨ੍ ਅਵਰੁ ਨ ਭਾਵੈ ਬਿਨੁ ਹਰਿ ਕੋ ਦੁਈਆ ॥
(੮੩੬)

ਕੋਈ ਮਨੁੱਖ ਕਿੱਡਾ ਹੀ ਹੀਣ-ਖੀਣ ਹੋਵੇ, ਹੱਥ ਪੱਲੇ ਕੁਝ ਨਾ ਹੋਵੇ, ਨਾ ਕੋਈ ਹੁਨਰ ਪੱਲੇ ਹੋਵੇ, ਪਰ ਜੇ ਕਦੀ ਉਹ ਪਰਮਾਤਮਾ ਦੇ ਪ੍ਰੇਮ-ਰੰਗ ਵਿਚ ਰੱਤਾ ਹੋਵੇ ਤਾਂ ਮਾਨੋ ਉਹ ਮਨੁੱਖ ਤ੍ਰੈ-ਲੋਕੀ ਦਾ ਨਾਥ ਹੈ, ਪਰ ਜੇ ਭਗਤੀ-ਭਾਵ ਨਹੀਂ ਤਾਂ ਉਹ ਮੁਰਦਾ ਲੋਥ ਸਮਾਨ ਹੈ। ਪ੍ਰਭੂ ਪ੍ਰੇਮ ਜੀਵਨ ਦਾ ਸਾਰ ਹੈ, ਤੇ ਇਸ ਤੋਂ ਬਿਨਾਂ ਮਨੁੱਖ ਪੱਥਰ ਤੇ ਸੁੱਕੀ ਟਹਿਣੀ ਤੁਲ ਹੈ :

ਜਿਨੀ ਨ ਪਾਇਓ ਪ੍ਰੇਮ ਰਸੁ
ਕੰਤ ਨ ਪਾਇਓ ਸਾਉ ॥
ਸੁੰਞੇ ਘਰ ਕਾ ਪਾਹੁਣਾ
ਜਿਉ ਆਇਆ ਤਿਉ ਜਾਉ ॥ *(੭੯੦)*

ਸਾਚੀ ਲਿਵੈ ਬਿਨੁ ਦੇਹ ਨਿਮਾਣੀ ॥
ਦੇਹ ਨਿਮਾਣੀ ਲਿਵੈ ਬਾਝਹੁ
ਕਿਆ ਕਰੇ ਵੇਚਾਰੀਆ ॥
ਤੁਧੁ ਬਾਝੁ ਸਮਰਥ ਕੋਇ ਨਾਹੀ,
ਕ੍ਰਿਪਾ ਕਰਿ ਬਨਵਾਰੀਆ ॥
ਏਸ ਨਉ ਹੋਰੁ ਥਾਉ ਨਾਹੀ
ਸਬਦਿ ਲਾਗਿ ਸਵਾਰੀਆ ॥
ਕਹੈ ਨਾਨਕੁ ਲਿਵੈ ਬਾਝਹੁ
ਕਿਆ ਕਰੇ ਵੇਚਾਰੀਆ ॥ ੬ ॥
(੯੧੭)

ਜਿਸ ਤਨ ਵਿਚ ਪਰਮਾਤਮਾ ਦੇ ਲਈ ਪ੍ਰੇਮ ਨਹੀਂ ਉਹ ਲੋਥ ਦੀ ਲੋਥ ਹੈ। ਇਸ ਲਈ ਹਰੇਕ ਮਨੁੱਖ ਦੇ ਮਨ ਵਿਚ ਪ੍ਰਭੂ ਪ੍ਰੇਮ ਦੀ ਅਤਿਅੰਤ ਲੋੜ ਹੈ। ਪ੍ਰੇਮ ਵਿਚ ਭਿੱਜਿਆ ਮਨੁੱਖ ਸਭ ਕੁਝ ਵਾਰ ਸਕਦਾ ਹੈ। ਜਿੰਦ ਜਾਨ ਤੇ ਮਨ, ਅਰੋਗਤਾ ਤੇ ਮਾਲ ਧਨ, ਹਕੂਮਤ ਤੇ ਮਾਣ ਮਹੱਤਤਾ, ਇਹ ਸਭ ਸੰਸਾਰਕ ਵਸਤਾਂ ਉਸ ਅਨੰਦ ਸਾਹਮਣੇ ਤੁੱਛ ਹਨ ਜੋ ਪ੍ਰਭੂ ਪ੍ਰੇਮ ਤੋਂ ਪ੍ਰਾਪਤ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਅਕਾਲ ਪੁਰਖ ਦੇ ਅਨੰਦਮਈ ਪ੍ਰੇਮ ਵਿਚ ਗਦ-ਗਦ ਹੋ ਕੇ ਇਉਂ ਗਾਉਂਦੇ ਹਨ :

ਧਨੁ ਨਹੀ ਬਾਛਹਿ ਸੁਰਗ ਨ ਆਛਹਿ ॥
ਅਤਿ ਪ੍ਰਿਅ ਪ੍ਰੀਤਿ ਸਾਧ ਰਜ ਰਾਚਹਿ ॥
(੨੫੧)

ਮੈਂ ਧਨ ਨਹੀਂ ਮੰਗਦਾ, ਨਾ ਸਵਰਗ ਦੀ ਇੱਛਾ ਹੈ, ਮੈਨੂੰ ਤਾਂ ਅਕਾਲ ਪੁਰਖ ਨਾਲ ਪ੍ਰੇਮ ਕਰਨ ਵਾਲਿਆਂ ਦੇ ਚਰਨਾਂ ਵਿਚ ਲੋਟ-ਪੋਟ ਹੋਣ ਦੀ ਲਾਲਸਾ ਹੈ। ਪਰੰਤੂ ਪ੍ਰਭੂ ਨਾਲ ਸੱਚਾ ਪ੍ਰੇਮ ਕਰਨ ਵਾਲਿਆਂ ਦੀ ਪ੍ਰਭੂ ਆਪ ਰੱਖਿਆ ਕਰਦਾ ਹੈ, ਗੁਰਵਾਕ ਹੈ :

ਪ੍ਰਭ ਕੀ ਪ੍ਰੀਤਿ ਸਦਾ ਸੁਖੁ ਹੋਇ ॥
ਪ੍ਰਭ ਕੀ ਪ੍ਰੀਤਿ ਦੁਖੁ ਲਗੈ ਨ ਕੋਇ ॥
ਪ੍ਰਭ ਕੀ ਪ੍ਰੀਤਿ ਹਉਮੈ ਮਲੁ ਖੋਇ ॥
ਪ੍ਰਭ ਕੀ ਪ੍ਰੀਤਿ ਸਦ ਨਿਰਮਲ ਹੋਇ ॥ ੧ ॥
ਸੁਨਹੁ ਮੀਤ ਐਸਾ ਪ੍ਰੇਮ ਪਿਆਰੁ ॥
ਜੀਅ ਪ੍ਰਾਨ ਘਟ ਘਟ ਆਧਾਰੁ ॥ ੧ ॥ ਰਹਾਉ ॥
ਪ੍ਰਭ ਕੀ ਪ੍ਰੀਤਿ ਭਏ ਸਗਲ ਨਿਧਾਨ ॥
ਪ੍ਰਭ ਕੀ ਪ੍ਰੀਤਿ ਰਿਦੈ ਨਿਰਮਲ ਨਾਮ ॥
ਪ੍ਰਭ ਕੀ ਪ੍ਰੀਤਿ ਸਦ ਸੋਭਾਵੰਤ ॥
ਪ੍ਰਭ ਕੀ ਪ੍ਰੀਤਿ ਸਭ ਮਿਟੀ ਹੈ ਚਿੰਤ ॥ ੨ ॥
ਪ੍ਰਭ ਕੀ ਪ੍ਰੀਤਿ ਇਹੁ ਭਵਜਲੁ ਤਰੈ ॥
ਪ੍ਰਭ ਕੀ ਪ੍ਰੀਤਿ ਜਮ ਤੇ ਨਹੀ ਡਰੈ ॥
ਪ੍ਰਭ ਕੀ ਪ੍ਰੀਤਿ ਸਗਲ ਉਧਾਰੈ ॥
ਪ੍ਰਭ ਕੀ ਪ੍ਰੀਤਿ ਚਲੈ ਸੰਗਾਰੈ ॥ ੩ ॥
(੩੯੧)

ਪ੍ਰਭੂ ਦੇ ਨਾਲ ਪ੍ਰੀਤਿ ਪਾਉਣਾ ਮਨੁੱਖ ਦੇ ਆਪਣੇ ਵਸ ਦੀ ਗੱਲ ਨਹੀਂ ਹੈ; ਇਹ ਤਾਂ ਪ੍ਰਭੂ ਦੀ ਆਪਣੀ ਕ੍ਰਿਪਾ ਹੈ ਤੇ ਜਿਸ ਮਨੁੱਖ ਨੂੰ ਉਹ ਆਪਣੇ ਪ੍ਰੇਮ ਰੰਗ ਵਿਚ ਰੰਗਣਾ ਚਾਹੁੰਦਾ ਹੈ, ਉਸੇ ਤੇ ਨਦਰ ਕਰਦਾ ਹੈ :

ਆਪੇ ਮੇਲੇ ਆਪਿ ਮਿਲਾਏ ॥
ਆਪਣਾ ਪਿਆਰੁ ਆਪੇ ਲਾਏ ॥
ਪ੍ਰੇਮ ਕੀ ਸਾਰ ਸੋਈ ਜਾਣੈ
ਜਿਸ ਨੋ ਨਦਰਿ ਤੁਮਾਰੀ ਜੀਉ ॥ ੧ ॥
(੧੦੧੬)

ਇਹ ਪ੍ਰਭੂ ਪ੍ਰੇਮ ਦਾ ਰੰਗ ਜਿਸ ਮਨੁੱਖ ਨੂੰ ਲੱਗਦਾ ਹੈ ਉਸ ਦੇ ਵੱਡੇ ਭਾਗ ਹਨ। ਇਹ ਰੰਗ ਕਦੇ ਮੈਲਾ ਨਹੀਂ ਹੁੰਦਾ ਨਾ ਹੀ

ਇਸਨੂੰ ਕਦੀ ਦਾਗ ਲੱਗਦਾ ਹੈ :

ਲਾਲ ਰੰਗੁ ਤਿਸ ਕਉ ਲਗਾ
ਜਿਸ ਕੇ ਵਡਭਾਗਾ॥
ਮੈਲਾ ਕਦੇ ਨ ਹੋਵਈ,
ਨਹ ਲਾਗੈ ਦਾਗਾ॥ (੮੦੮)

ਜਦ ਮਨੁੱਖ ਦਾ ਪ੍ਰਭੂ ਨਾਲ ਪ੍ਰੇਮ ਪੈ ਜਾਂਦਾ ਹੈ ਤਾਂ ਉਸਦਾ ਅਧਿਆਤਮਕ ਪੱਧਰ ਇੰਨਾ ਉੱਚਾ ਹੋ ਜਾਂਦਾ ਹੈ ਕਿ ਉਹ ਚੰਗੇ ਕੰਮ ਕਰਦਾ ਹੈ ਜੋ ਪ੍ਰਭੂ ਨੂੰ ਚੰਗੇ ਲੱਗਦੇ ਹਨ :

ਜਬ ਅੰਤਰਿ ਪ੍ਰੀਤਿ ਹਰਿ ਸਿਉ ਬਨਿ ਆਈ॥
ਤਬ ਜੋ ਕਿਛੁ ਕਰੇ ਸੁ ਮੇਰੇ ਹਰਿ ਪ੍ਰਭ ਭਾਈ॥ (੪੯੪)

ਪ੍ਰਭੂ ਪ੍ਰੇਮ-ਪਿਆਰ ਐਸਾ ਹੋਣਾ ਚਾਹੀਦਾ ਹੈ ਕਿ ਮਨ ਹਰ ਵੇਲੇ ਪ੍ਰਭੂ ਨੂੰ ਆਪਣੇ ਹਾਜ਼ਰ-ਨਾਜ਼ਰ ਜਾਣੇ :

ਐਸੀ ਪ੍ਰੀਤਿ ਕਰਹੁ ਮਨ ਮੇਰੇ॥
ਆਠ ਪਹਰ ਪ੍ਰਭ ਜਾਨਹੁ ਨੇਰੇ॥ (੮੦੨)

ਹਰਿ ਬਿਨੁ ਰਹਿ ਨ ਸਕਉ ਇਕ ਰਾਤੀ॥
ਜਿਉ ਬਿਨੁ ਅਮਲੈ ਅਮਲੀ ਮਰਿ ਜਾਈ ਹੈ
ਤਿਉ ਹਰਿ ਬਿਨੁ ਹਮ ਮਰਿ ਜਾਤੀ॥ (੬੬੮)

ਆਪਣੇ ਜ਼ਾਤੀ ਤਜ਼ਰਬੇ ਨੂੰ ਮੁੱਖ ਰੱਖ ਕੇ ਗੁਰੂ ਸਾਹਿਬਾਨ ਨੇ ਪਰਮਾਤਮਾ ਦੇ ਪ੍ਰੇਮ ਰੰਗ ਵਿਚ ਰੱਤਿਆਂ ਦੀ ਮਾਨਸਿਕ ਦਸ਼ਾ ਨੂੰ ਪ੍ਰੇਮ-ਪੂਰਬਕ ਵਰਣਨ ਕੀਤਾ ਹੈ। ਇਨ੍ਹਾਂ ਪ੍ਰੇਮ-ਭਗਤੀ ਦੇ ਭਾਵਾਂ ਨੂੰ ਕੁਦਰਤ ਦੇ ਦ੍ਰਿਸ਼ਟਮਾਨ ਲੈ ਕੇ ਦਰਸਾਇਆ ਹੈ :

ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ
ਜੈਸੀ ਜਲ ਕਮਲੇਹਿ॥
ਲਹਰੀ ਨਾਲਿ ਪਛਾੜੀਐ
ਭੀ ਵਿਗਸੈ ਅਸਨੇਹਿ॥
ਜਲ ਮਹਿ ਜੀਅ ਉਪਾਇ ਕੈ
ਬਿਨੁ ਜਲ ਮਰਣੁ ਤਿਨੇਹਿ॥ ੧॥
ਮਨ ਰੇ ਕਿਉ ਛੂਟਹਿ ਬਿਨੁ ਪਿਆਰ॥
ਗੁਰਮੁਖਿ ਅੰਤਰਿ ਰਵਿ ਰਹਿਆ
ਬਖਸੇ ਭਗਤਿ ਭੰਡਾਰ॥ ੧॥ ਰਹਾਉ॥
ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ
ਜੈਸੀ ਮਛੁਲੀ ਨੀਰ॥
ਜਿਉ ਅਧਿਕਉ ਤਿਉ ਸੁਖੁ ਘਣੋ
ਮਨਿ ਤਨਿ ਸਾਂਤਿ ਸਰੀਰ॥
ਬਿਨੁ ਜਲ ਘੜੀ ਨ ਜੀਵਈ
ਪ੍ਰਭੁ ਜਾਣੈ ਅਭ ਪੀਰ॥ ੨॥
ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ
ਜੈਸੀ ਚਾਤ੍ਰਿਕ ਮੇਹ॥
ਸਰ ਭਰਿ ਥਲ ਹਰੀਆਵਲੇ
ਇਕ ਬੂੰਦ ਨ ਪਵਈ ਕੇਹ॥
ਕਰਮਿ ਮਿਲੈ ਸੋ ਪਾਈਐ
ਕਿਰਤੁ ਪਇਆ ਸਿਰਿ ਦੇਹ॥ ੩॥
ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ
ਜੈਸੀ ਜਲ ਦੁਧ ਹੋਇ॥
ਆਵਟਣੁ ਆਪੇ ਖਵੈ
ਦੁਧ ਕਉ ਖਪਣਿ ਨ ਦੇਇ॥
ਆਪੇ ਮੇਲਿ ਵਿਛੁੰਨਿਆ
ਸਚਿ ਵਡਿਆਈ ਦੇਇ॥ ੪॥
ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ
ਜੈਸੀ ਚਕਵੀ ਸੂਰ॥
ਖਿਨੁ ਪਲੁ ਨੀਦ ਨ ਸੋਵਈ
ਜਾਣੈ ਦੂਰਿ ਹਜੂਰਿ॥
ਮਨਮੁਖਿ ਸੋਝੀ ਨਾ ਪਵੈ
ਗੁਰਮੁਖਿ ਸਦਾ ਹਜੂਰਿ॥ ੫॥ (੫੯-੬੦)

ਹੇ ਮੇਰੇ ਮਨ! ਹਰੀ (ਪ੍ਰਭੂ) ਨਾਲ ਇਵੇਂ ਪ੍ਰੀਤ ਕਰ ਜਿਵੇਂ ਕਮਲ ਦੀ ਜਲ ਨਾਲ ਹੈ; ਉਹ ਪਾਣੀ ਦੀਆਂ ਲਹਿਰਾਂ ਤੇ ਝੱਲਾਂ ਨੂੰ ਸਹਿੰਦਾ ਹੈ ਤੇ ਪਾਣੀ ਵਿਚ ਹੀ ਖਿਲਦਾ ਹੈ, ਪਾਣੀ ਤੋਂ ਬਿਨਾਂ ਉਸਦਾ ਮਰਨ ਹੈ। ਹੇ ਮਨ, ਹਰੀ ਨਾਲ ਇਵੇਂ ਪ੍ਰੀਤ ਕਰ ਜਿਵੇਂ ਮੱਛੀ ਪਾਣੀ ਨਾਲ ਕਰਦੀ ਹੈ। ਹਰੀ ਨਾਲ ਇਵੇਂ ਪ੍ਰੀਤ ਕਰ ਜਿਵੇਂ ਚਾਤ੍ਰਿਕ ਮੀਂਹ (ਬੂੰਦ) ਨਾਲ ਕਰਦਾ ਹੈ। ਹਰੀ ਨਾਲ ਇਵੇਂ ਪ੍ਰੀਤ ਕਰ ਜਿਵੇਂ ਦੁੱਧ ਨਾਲ ਪਾਣੀ ਪ੍ਰੇਮ ਕਰਦਾ ਹੈ। ਆਪ ਸੜਦਾ ਹੈ, ਦੁੱਖ ਨੂੰ ਸੇਕ ਨਹੀਂ ਲੱਗਣ ਦਿੰਦਾ, ਇਵੇਂ ਆਪਣੇ ਆਪ ਨੂੰ ਹਰੀ ਤੋਂ ਵਾਰ ਦੇ। ਹਰੀ ਨਾਲ ਇਵੇਂ ਪ੍ਰੀਤ ਕਰ ਜਿਵੇਂ ਚਕਵੀ ਸੂਰਜ ਨਾਲ ਕਰਦੀ ਹੈ।

ਪ੍ਰਭੂ ਨਾਲ ਪ੍ਰੇਮ ਮਨੁੱਖ ਦੇ ਲਈ ਜ਼ਰੂਰੀ ਹੈ। ਮਨੁੱਖਾ ਜਨਮ ਦਾ ਮਨੋਰਥ ਇਹੋ ਹੀ ਹੈ ਕਿ ਹਉਮੈ ਦੀ ਨਵਿਰਤੀ ਦੁਆਰਾ (ਜਿਹੜੀ ਮਨੁੱਖ ਨੂੰ ਪ੍ਰਭੂ ਤੋਂ ਨਿਖੇੜਦੀ ਹੈ) ਪ੍ਰਭੂ ਨਾਲ ਪ੍ਰੇਮ ਪਾ ਕੇ ਮਨੁੱਖ ਪ੍ਰਭੂ ਨਾਲ ਅਭੇਦ ਹੋਵੇ ਤੇ ਇਵੇਂ ਮਨੁੱਖ ਨਾਲ ਇਕਮਿਕ ਹੋ ਜਾਵੇ।

ਪ੍ਰਭੂ ਦੀ ਭਗਤੀ ਬਹੁਤ ਫਲਦਾਇਕ ਹੈ, ਇਹ ਪੂਰਨ ਆਨੰਦ ਤੇ ਪੂਰਨ ਸੁਤੰਤਰਤਾ ਪੈਦਾ ਕਰਦੀ ਹੈ। ਪ੍ਰਭੂ ਨਾਲ ਪ੍ਰੇਮ ਪੈਦਾ ਕਰਨ ਨਾਲ 'ਦੁੱਖ' ਆਨੰਦ ਵਿਚ ਤੇ 'ਮੌਤ' ਜੀਵਨ ਵਿਚ ਬਦਲ ਜਾਂਦੀ ਹੈ। ਗੁਰਬਾਣੀ ਸਾਨੂੰ ਵਾਰ-ਵਾਰ ਪ੍ਰਭੂ ਪ੍ਰੇਮ ਦੇ ਲਈ ਪ੍ਰੇਰਦੀ ਹੈ।

25 ਜਾਂ 25 ਤੋਂ ਵੱਧ 'ਸਿੱਖ ਫੁਲਵਾੜੀ' ਮੈਗਜ਼ੀਨ ਬੁੱਕ ਕਰਨ ਵਾਲਿਆਂ ਦੇ ਨਾਮ

ਸ: ਸਕੱਤਰ ਸਿੰਘ, ਸ: ਸਤਨਾਮ ਸਿੰਘ ਅਤੇ ਸ: ਕਰਮਜੀਤ ਸਿੰਘ	— 60
ਸ: ਸੁਰਜੀਤ ਸਿੰਘ, ਚੂੰਨੀ ਕਲਾਂ	— 32
ਡਾ: ਹਰਭਜਨ ਸਿੰਘ, ਸੰਪੂਰਨਾ ਨਗਰ, (ਯੂ. ਪੀ.)	— 25
ਸ: ਸਤਨਾਮ ਸਿੰਘ (ਵਿਦਿਆਰਥੀ, ਸਿੱਖ ਮਿਸ਼ਨਰੀ ਕਾਲਜ, ਬਰੇਲੀ)	— 48
ਸ: ਸੁਰਜੀਤ ਸਿੰਘ, ਲਖਨਊ	— 34

ਬਾਲ ਫੁਲਵਾੜੀ

ਕਥਾ ਅਜੀਤ ਜੁਝਾਰ ਦੀ

—ਡਾ: ਕੁਲਦੀਪ ਕੌਰ, ਮੋਹਾਲੀ (ਰੋਪੜ)

ਆਓ ਵੀਰ ਪਿਆਰਿਓ ਮੈਂ ਆਖ ਸੁਣਾਵਾਂ।
ਕਥਾ ਅਜੀਤ ਜੁਝਾਰ ਦੀ ਅੱਜ ਮੁੜ ਦੁਹਰਾਵਾਂ।
ਪੋਹ ਮਹੀਨਾ ਠੰਢ ਦਾ ਸੀ ਅਤਿ ਦਾ ਪਾਲਾ।
ਅਨੰਦਪੁਰ ਤੋਂ ਨਿਕਲਿਆ ਸੀ ਬਾਜਾਂ ਵਾਲਾ।
ਅਗੋਂ ਸਰਸਾ ਜ਼ੋਰ ਵਿਚ ਪਈ ਠਾਠਾਂ ਮਾਰੇ।
ਚਰਨ ਗੁਰੂ ਦੇ ਛੋਹਣ ਲਈ ਆਈ ਭੰਨ ਕਿਨਾਰੇ।
ਉੱਧਰ ਹਿੰਦ ਦੇ ਹਾਕਮਾਂ ਇਕਰਾਰ ਭੁਲਾਏ।
ਫੌਜਾਂ ਭੇਜ ਕਰਾਰੀਆਂ ਸਨ ਵਾਰ ਕਰਾਏ।
ਐਪਰ ਸਿੰਘਾਂ ਸੂਰਮਿਆਂ ਵੀ ਤੇਗਾਂ ਵਾਹੀਆਂ।
ਰਾਕਸ਼ ਜੇਹੇ ਯੋਧਿਆਂ ਦੀਆਂ ਸਫ਼ਾਂ ਵਿਛਾਈਆਂ।
ਸਵਾ ਲੱਖ ਨਾਲ ਇਕ ਇਕ ਸੀ ਮੱਥਾ ਲਾਉਂਦਾ।
ਮੁਗ਼ਲ ਫੌਜ ਨੂੰ ਵੇਖ ਕੇ ਨਾ ਸੀ ਘਬਰਾਉਂਦਾ।
ਇੱਦਾਂ ਲੜਦਿਆਂ ਭਿੜਦਿਆਂ ਚਮਕੌਰ 'ਚ ਆਏ।
ਕੱਚੀ ਗੜ੍ਹੀ ਵਿਚ ਆਣ ਕੇ ਗੁਰ ਡੇਰੇ ਲਾਏ।
ਜ਼ਾਲਮ ਫੌਜਾਂ ਇਥੇ ਵੀ ਆ ਘੇਰਾ ਪਾਇਆ।
ਸਿੱਖਾਂ ਸਣੇ ਉਹ ਗੁਰੂ ਨੂੰ ਚਾਹੁਣ ਪਾਰ ਬੁਲਾਇਆ।
ਕੱਚੀ ਗੜ੍ਹੀ ਵਿਚ ਲੜ ਰਹੇ ਗੁਰ ਗੋਬਿੰਦ ਪਿਆਰੇ।
ਮੁੱਠੀ ਭਰ ਸਿੰਘ ਨਾਲ ਸਨ ਦੋ ਲਾਲ ਦੁਲਾਰੇ।
ਜੱਥੇ ਪੰਜ ਪੰਜ ਸਿੰਘਾਂ ਦੇ ਸੀ ਬਾਹਰ ਆਂਦੇ।
ਰਣ ਵਿਚ ਆ ਕੇ ਆਪਣੀ ਸ਼ਮਸ਼ੀਰ ਚਲਾਂਦੇ।
ਜ਼ਾਲਮ ਵੈਰੀ ਦਲਾਂ ਦੇ ਉਹ ਸੱਥਰ ਲਾਂਹਦੇ।
ਤੇਗ ਦੇ ਜੌਹਰ ਵਿਖਾਂਦਿਆਂ ਪਰਲੋਕ ਸਿਧਾਂਦੇ।
ਇਕ ਜੱਥਾ ਲੈ ਨਿਕਲੇ ਅਜੀਤ ਪਿਆਰੇ।
ਜੋਸ਼ ਉਨ੍ਹਾਂ ਦੇ ਅੰਦਰੋਂ ਪਿਆ ਠਾਠਾਂ ਮਾਰੇ।
ਇਕ ਹੋਰ ਜੱਥੇ ਦੀ ਵਾਗ ਸੀ ਜੁਝਾਰ ਸੰਭਾਲੀ।
ਮੁਖੜੇ ਉਸਦੇ ਦਮਕਦੀ ਸੀ ਗਿੱਠ ਗਿੱਠ ਲਾਲੀ।
ਵਾਰੀ ਆਪੋ-ਆਪਣੀ ਉਹ ਰਣ ਵਿਚ ਆਏ।
ਰੋਹ ਵਿਚ ਆ ਕੇ ਉਨ੍ਹਾਂ ਨੇ ਜੈਕਾਰੇ ਇੰਝ ਗਜਾਏ :
ਬੋਲੇ ਸੋ ਨਿਹਾਲ।
ਸਤਿ ਸ੍ਰੀ ਅਕਾਲ।
ਪਾ ਸ਼ਕਤੀ ਅਕਾਲ ਤੋਂ ਫਿਰ ਇੰਜ ਲਲਕਾਰੇ।
ਕਲਗੀਧਰ ਦੇ ਲਾਡਲੇ ਰੋਹ ਨਾਲ ਪੁਕਾਰੇ।
ਆ ਜਾਓ ਲਹੂ ਪਿਆਸਿਓ ਆਓ ਛੇਤੀ ਆਓ।
ਆ ਜਾਓ ਆਪਣੇ ਜ਼ੋਰ ਦਾ ਤੁਸੀਂ ਜੌਹਰ ਵਿਖਾਓ।
ਗੋਬਿੰਦ ਸਿੰਘ ਦੇ ਲਾਲ ਹਾਂ ਖੰਡੇ 'ਚੋ ਜਾਏ।
ਅੰਮ੍ਰਿਤ ਦੇ ਕੇ ਅਸਾਂ ਨੂੰ ਉਸ ਅਮਰ ਕਰਾਏ।
ਅਸੀਂ ਲੁਕ ਨਾ ਲੜਨਾ ਜਾਣਦੇ ਖੰਡਾ ਖੜਕਾਈਏ।
ਤੇਗ ਮਿਆਨ 'ਚੋਂ ਕੱਢ ਕੇ ਅਸੀਂ ਰਣ ਵਿਚ ਆਈਏ।
ਬਸ ਫਿਰ ਦੋਵੇਂ ਸੂਰਮੇ ਸੀ ਰੋਹ ਵਿਚ ਆਂਦੇ।
ਨਾਲ ਆਪਣੇ ਸਾਥੀਆਂ ਰਣ ਵਿਚ ਮੰਡਲਾਂਦੇ।
ਖੜ ਖੜ ਖੰਡਾ ਖੜਕਦਾ ਉਹਨਾਂ ਦਾ ਭਾਰੀ।
ਝਾਲ ਅਨੋਖੀ ਉਨ੍ਹਾਂ ਦੀ ਨਾ ਜਾਏ ਸਹਾਰੀ।
ਪੰਥ ਧਰਮ ਦੀ ਆਨ ਨੂੰ ਉਹ ਰਹੇ ਬਚਾਂਦੇ।
ਵਾਰ ਵੈਰੀ ਦੇ ਝੱਲ ਕੇ ਫਿਰ ਵਾਰ ਕਰਾਂਦੇ।
ਏਦਾਂ ਖੰਡਾ ਵਾਹੁੰਦਿਆਂ ਪਰਲੋਕ ਸਿਧਾਏ।
ਸੰਸਾਰ ਉਨ੍ਹਾਂ ਦੀ ਬੀਰਤਾ ਦੇ ਸੋਹਿਲੇ ਗਾਏ।
ਤੇਗ ਉਨ੍ਹਾਂ ਦੀ ਅੱਜ ਵੀ ਮਾਰੇ ਲਿਸ਼ਕਾਰੇ।
ਸੁੱਤੀ ਸਾਡੀ ਅਣਖ ਨੂੰ ਪਈ ਫੇਰ ਵੰਗਾਰੇ।
ਆਓ ਮਰਨਾ ਸਿੱਖੀਏ ਅਸੀਂ ਅਣਖ ਦੀ ਖਾਤਰ।
ਬਣੀਏ ਦਸਵੇਂ ਪਿਤਾ ਦੇ ਅਸੀਂ ਪਿਆਰ ਦੇ ਪਾਤਰ।

'ਸਤਿਗੁਰ ਦੀ ਬਾਣੀ'

—ਹਰਜੀਤ ਸਿੰਘ ਹਵਾਲਦਾਰ, ਪਿੰਡ ਬੈਹਲੂ, ਜ਼ਿਲ੍ਹਾ ਅਨੰਦਪੁਰ ਸਾਹਿਬ

ਹਰ ਰੋਜ਼ ਜਾ ਕੇ ਗੁਰਦੁਆਰੇ,
ਨਿੱਤਨੇਮ ਤੂੰ ਸੁਣ ਪਿਆਰੇ,
ਜ਼ਿੰਦਗੀ ਦਾ ਤੂੰ ਮਕਸਦ ਪਛਾਣੀ,
ਪੜ੍ਹਿਆ ਕਰ ਸਤਿਗੁਰ ਦੀ ਬਾਣੀ।
ਸਤਿਗੁਰ ਦੇ ਦਰਬਾਰ 'ਚ ਜਾ ਕੇ,
ਪਿਛਲੀਆਂ ਸਾਰੀਆਂ ਭੁੱਲਾਂ ਬਖਸ਼ਾ ਕੇ,
ਨਤ ਮਸਤਕ ਤੂੰ ਹੋ ਜਾ ਪ੍ਰਾਣੀ,
ਪੜ੍ਹਿਆ ਕਰ ਸਤਿਗੁਰ ਦੀ ਬਾਣੀ।
ਜੋ ਵਾਹਿਗੁਰੂ ਵਾਹਿਗੁਰੂ ਜਪਦਾ ਹੈ,
ਰੱਬ ਉਸਦੇ ਅੰਦਰ ਵੱਸਦਾ ਹੈ,
ਇਸ ਗੱਲ ਨੂੰ ਤੂੰ ਝੂਠ ਨਾ ਜਾਣੀ,
ਪੜ੍ਹਿਆ ਕਰ ਸਤਿਗੁਰ ਦੀ ਬਾਣੀ।
'ਬੋਲੇ ਸੋ ਨਿਹਾਲ' ਦੇ ਛੱਡ ਜੈਕਾਰੇ,
ਸਤਿ ਸ੍ਰੀ ਅਕਾਲ ਜੋ ਅੱਗੋਂ ਪੁਕਾਰੇ,
ਲੇਖੇ ਲੱਗ ਜਾਂਦੀ ਉਸਦੀ ਜਿੰਦ ਨਿਮਾਣੀ,
ਪੜ੍ਹਿਆ ਕਰ ਸਤਿਗੁਰ ਦੀ ਬਾਣੀ।
ਗੁਰੂ ਗ੍ਰੰਥ ਸਾਹਿਬ ਦਾ ਫੜ ਕੇ ਪੱਲਾ,
'ਹਰਜੀਤ' ਜਾਣੀ ਨਾ ਆਪਣੇ ਆਪ ਨੂੰ ਕੱਲਾ,
ਛੱਡ ਦੇ ਸਭ ਇਹ ਫੋਕੀ ਢਾਣੀ,
ਪੜ੍ਹਿਆ ਕਰ ਸਤਿਗੁਰ ਦੀ ਬਾਣੀ।

ਹੱਕ ਨਿਆਂ ਦੀ ਰੋਟੀ

ਗੁਰੂ ਦਾ ਸਿੱਖ ਮਿਹਨਤ ਕਰਕੇ ਰੋਟੀ ਕਮਾਉਂਦਾ ਹੈ। ਸਿੱਖ ਸਦਾ ਹੱਕ ਨਿਆਂ ਦੀ ਰੋਟੀ ਹੀ ਖਾਂਦਾ ਹੈ। ਉਹ ਕਦੇ ਵੀ ਭੀਖ ਨਹੀਂ ਮੰਗਦਾ। ਐਮਨਾਬਾਦ ਵਿਖੇ ਐਸਾ ਹੀ ਇਕ ਸਿੱਖ ਭਾਈ ਲਾਲੋ ਰਹਿੰਦਾ ਸੀ। ਭਾਈ ਲਾਲੋ ਇਕ ਮਿਹਨਤੀ ਤਰਖਾਣ ਸੀ। ਆਪ ਉਹ ਗਰੀਬ ਸੀ ਪਰ ਗਰੀਬਾਂ ਤੇ ਲੋੜਵੰਦਾਂ ਦੀ ਮਦਦ ਕਰਦਾ ਸੀ। ਗੁਰੂ ਨਾਨਕ ਦੇਵ ਜੀ ਨਾਲ ਉਸਦਾ ਬਹੁਤ ਪਿਆਰ ਸੀ। ਗੁਰੂ ਜੀ ਉਸਦੇ ਘਰ ਆ ਕੇ ਰਿਹਾ ਕਰਦੇ ਸਨ। ਐਮਨਾਬਾਦ ਦੇ ਹਾਕਮ ਦਾ ਨਾਂ ਮਲਕ ਭਾਗੋ ਸੀ। ਉਹ ਗਰੀਬਾਂ ਨੂੰ ਬਹੁਤ ਦੁਖੀ ਕਰਦਾ ਸੀ। ਉਹ ਹਰ ਸਾਲ ਸਾਧਾਂ-ਸੰਤਾਂ ਨੂੰ ਭੋਜਨ ਛਕਾਉਂਦਾ ਸੀ ਜਿਸ ਕਰਕੇ ਉਹ ਉਸ ਨੂੰ ਵੱਡਾ ਧਰਮੀ ਆਖਦੇ ਸਨ।

ਪਹਿਲੀ ਉਦਾਸੀ ਸਮੇਂ ਗੁਰੂ ਨਾਨਕ ਦੇਵ ਜੀ ਐਮਨਾਬਾਦ ਵਿਖੇ ਭਾਈ ਲਾਲੋ ਦੇ ਘਰ ਜਾ ਠਹਿਰੇ। ਮਲਕ ਭਾਗੋ ਨੇ ਗੁਰੂ ਜੀ ਨੂੰ ਭੋਜਨ ਛਕਣ ਆਉਣ ਲਈ ਸੱਦਾ ਭੇਜਿਆ ਪਰ ਗੁਰੂ ਜੀ ਨਾ ਆਏ। ਮਲਕ ਭਾਗੋ ਬਹੁਤ ਨਿਰਾਸ਼ ਹੋਇਆ ਤੇ ਗੁੱਸੇ ਵਿਚ ਉਸਨੇ ਗੁਰੂ ਜੀ ਨੂੰ ਫਿਰ ਸੱਦਾ ਭੇਜਿਆ। ਗੁਰੂ ਜੀ ਮਰਦਾਨੇ ਨੂੰ ਨਾਲ ਲੈ ਕੇ ਆ ਪਹੁੰਚੇ। ਪਰ ਭੋਜਣ ਛਕਣ ਤੋਂ ਇਨਕਾਰ ਕਰ ਦਿੱਤਾ। ਮਲਕ ਭਾਗੋ ਨੇ ਪੁਛਿਆ, "ਤੁਸੀਂ ਮੇਰੇ ਬ੍ਰਹਮ ਭੋਜ ਵਿਚ ਕਿਉਂ ਸ਼ਾਮਲ ਨਹੀਂ ਹੋਏ? ਖਤਰੀ ਹੋ ਕੇ ਸ਼ੂਦਰ ਲਾਲੋ ਘਰੋਂ ਰੋਟੀ ਕਿਉਂ ਖਾਂਦੇ ਹੋ?

ਗੁਰੂ ਜੀ ਨੇ ਉੱਤਰ ਦਿੱਤਾ, "ਭਾਈ ਲਾਲੋ ਸ਼ੂਦਰ ਨਹੀਂ, ਮੇਰਾ ਪਿਆਰਾ ਸਿੱਖ ਹੈ! ਉਹ ਹੱਕ ਨਿਆਂ ਦੀ ਰੋਟੀ ਖਾਂਦਾ ਹੈ। ਧਰਮ ਦੀ ਕਿਰਤ ਕਰਦਾ ਹੈ। ਉਸਦੀ ਰੋਟੀ ਭਾਵੇਂ ਕੋਧਰੇ ਦੀ ਹੈ, ਪਰ ਉਸਦੀ ਰੋਟੀ ਵਿਚ ਦੁੱਧ ਹੈ ਪਰ ਤੇਰੀ ਰੋਟੀ ਹੱਕ ਨਿਆਂ ਦੀ ਨਹੀਂ ਹੈ। ਤੂੰ ਲੋਕਾਂ ਤੇ ਜ਼ੁਲਮ ਕਰਦਾ ਹੈਂ। ਰਿਸ਼ਵਤ ਲੈ ਕੇ ਗਰੀਬਾਂ ਦਾ ਖੂਨ ਚੂਸਦਾ ਹੈਂ। ਤੇਰੀਆਂ ਸੁਆਦਲੀਆਂ ਵਸਤੂਆਂ (ਪਦਾਰਥ) ਗਰੀਬਾਂ ਦੇ ਖੂਨ ਦੀਆਂ ਬਣੀਆਂ ਹੋਈਆਂ ਹਨ। ਤੇਰੇ ਭੋਜਨ ਨਾਲੋਂ ਗਰੀਬ ਲਾਲੋ ਦੀ ਸੁੱਕੀ ਰੋਟੀ ਹੀ ਚੰਗੀ ਹੈ।

ਮਲਕ ਭਾਗੋ ਨੇ ਜਦੋਂ ਗੁਰੂ ਜੀ ਦੀਆਂ ਸੱਚੀਆਂ ਗੱਲਾਂ ਸੁਣੀਆਂ ਤਾਂ ਬੜਾ ਸ਼ਰਮਿੰਦਾ ਹੋਇਆ। ਉਹ ਸਮਝ ਗਿਆ ਕਿ ਜਨਮ ਕਰਕੇ ਕੋਈ ਨੀਵਾਂ ਨਹੀਂ ਹੁੰਦਾ। ਨੀਵਾਂ ਵਿਅਕਤੀ ਉਹ ਹੈ ਜੋ ਨੀਵੇਂ ਕੰਮ ਕਰੇ। ਪਰਮਾਤਮਾ ਤਾਂ ਹੀ ਖੁਸ਼ ਹੁੰਦਾ ਹੈ ਜੇ ਮਿਹਨਤ ਨਾਲ ਕੀਤੀ ਕਮਾਈ ਨਾਲ ਗਰੀਬਾਂ ਤੇ ਲੋੜਵੰਦਾਂ ਦੀ ਸੇਵਾ ਕੀਤੀ ਜਾਵੇ।

ਸਿਖਿਆ : ਪਿਆਰੇ ਬੱਚਿਓ! ਸਾਨੂੰ ਇਸ ਕਹਾਣੀ ਤੋਂ ਸਿਖਿਆ ਮਿਲਦੀ ਹੈ ਕਿ ਮਿਹਨਤ ਨਾਲ ਕਮਾਈ ਰੋਟੀ ਹੀ ਹੱਕ ਨਿਆਂ ਦੀ ਰੋਟੀ ਹੈ ਤੇ ਸਾਨੂੰ ਵੀ ਭਾਈ ਲਾਲੋ ਵਾਂਗ ਧਰਮ ਦੀ ਸੱਚੀ-ਸੁੱਚੀ ਕਿਰਤ ਕਰਨੀ ਚਾਹੀਦੀ ਹੈ। ਜਾਤ ਕਰਕੇ ਕੋਈ ਉੱਚਾ ਨੀਵਾਂ ਨਹੀਂ ਹੈ। ਨੀਵਾਂ ਉਹ ਹੈ ਜੋ ਨੀਵੇਂ ਕੰਮ ਕਰੇ।

ਸਦਗੁਣਾਂ ਤੋਂ ਸ਼ਾਂਤੀ ਤੇ ਅਨੰਦ ਦੀ ਪ੍ਰਾਪਤੀ

ਸ਼ਾਂਤੀ ਤੇ ਅਨੰਦ ਦੀ ਪ੍ਰਾਪਤੀ ਲਈ ਸਦਗੁਣਾਂ ਦਾ ਹੋਣਾ ਬਹੁਤ ਜ਼ਰੂਰੀ ਹੈ। ਸਦਗੁਣ ਕੀ ਹੈ? ਇਹ ਹੈ ਨੇਕੀ ਕਰ ਸਕਣ ਦੀ ਸਮਰੱਥਾ। ਮਨ ਆਮ ਤੌਰ ਤੇ ਬੁਰੇ ਵਿਚਾਰਾਂ ਵਿਚ ਫਸਿਆ ਰਹਿੰਦਾ ਹੈ ਇਸ ਲਈ ਸਵੈ-ਸੰਜਮ ਅਤੇ ਆਪਣੇ ਆਪ ਵਿਚ ਬਹੁਤ ਵੱਡਾ ਗੁਣ ਹੈ। ਕਰਮ ਇੰਦਰਿਆਂ ਤੇ ਕਾਬੂ ਸੱਚਮੁੱਚ ਜ਼ਰੂਰੀ ਹੈ। ਮੈਲੀ ਨਜ਼ਰ ਤੇ ਗੰਦੀ ਜ਼ੁਬਾਨ ਦਾ ਸਹੀ ਅੰਦਾਜ਼ਾ ਨਹੀਂ ਲੱਗ ਸਕਦਾ ਅਤੇ ਇਨ੍ਹਾਂ ਉੱਪਰ ਪੂਰਾ ਕਾਬੂ ਪਾਉਣਾ ਵੀ ਕਠਿਨ ਹੈ। ਭਾਈ ਗੁਰਦਾਸ ਜੀ ਨੇ ਮਿੱਠੀ ਜ਼ੁਬਾਨ, ਸਹਿਨਸ਼ੀਲਤਾ ਤੇ ਉਦਾਰ-ਚਿਤ ਸੁਭਾਵ ਬਣਾਉਣ ਉੱਪਰ ਜ਼ੋਰ ਦਿੱਤਾ ਹੈ :

ਮਿਠਾ ਬੋਲਣੁ, ਨਿਵ ਚਲਣੁ,
ਹਥਹੁ ਦੇ ਕੈ ਭਲਾ ਮਨਾਏ।
ਥੋੜਾ ਸਵਣਾ ਖਾਵਣਾ,
ਥੋੜਾ ਬੋਲਨੁ ਗੁਰਮਤਿ ਪਾਏ।
ਘਾਲਿ ਖਾਇ ਸੁਕ੍ਰਿਤੁ ਕਰੈ,
ਵਡਾ ਹੋਇ ਨ ਆਪੁ ਗਣਾਏ।

(ਵਾਰ ੨੮ : ੧੫)

ਗੁਰੂ ਸਾਹਿਬਾਨ ਨੇ ਜਿਨ੍ਹਾਂ ਗੁਣਾਂ ਨੂੰ ਗ੍ਰਹਿਣ ਕਰਨ ਦੀ ਪ੍ਰੇਰਨਾ ਦਿੱਤੀ ਹੈ ਉਨ੍ਹਾਂ ਵਿਚੋਂ **ਸੱਚ** ਨੂੰ ਖਾਸ ਥਾਂ ਦਿੱਤੀ ਗਈ ਹੈ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ : '**ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥**' ਸੱਚ ਵਿਚ ਸੱਚਾ ਸੁੱਚਾ ਵਿਹਾਰ, ਦਿਆਨਤਦਾਰੀ, ਇਨਸਾਫ਼ ਨਿਰਪੱਖਤਾ ਤੇ ਨਿਰਮਲ ਜੀਵਨ ਸ਼ਾਮਲ ਹਨ। ਗੁਰੂ ਸਾਹਿਬਾਨ ਦੇ ਦੱਸੇ ਨਮੂਨੇ ਅਨੁਸਾਰ ਜੀਵਿਆ ਜੀਵਨ ਹੀ ਅਸਲ ਵਿਚ ਸੱਚੇ ਆਚਾਰ ਵਾਲਾ ਜੀਵਨ ਹੈ।

- **ਸੰਤੋਖ** ਇਕ ਹੋਰ ਸਦਗੁਣ ਹੈ। ਸੰਤੋਖੀ ਮਨ ਤ੍ਰਿਸ਼ਨਾ, ਈਰਖਾ, ਲੋਭ ਤੇ ਸਾੜੇ ਤੋਂ ਮੁਕਤ ਹੁੰਦਾ ਹੈ। ਸੰਤੋਖ ਤੋਂ ਬਿਨਾਂ ਮਨ ਦੀ ਸ਼ਾਂਤੀ ਪ੍ਰਾਪਤ ਹੋਣੀ ਅਸੰਭਵ ਹੈ।
- **ਸਬਰ** ਇਕ ਹੋਰ ਗੁਣ ਹੈ ਜੋ ਕਿ ਸਿੱਖ ਲਈ ਗ੍ਰਹਿਣ ਕਰਨਾ ਜ਼ਰੂਰੀ ਹੈ। ਸਬਰ ਰਾਹੀਂ ਹੀ ਕਿਸਮਤ ਦੇ ਮਾਰੂ ਹੱਲਿਆਂ ਦਾ ਟਾਕਰਾ, ਦਲੇਰੀ ਤੇ ਬਹਾਦਰੀ ਨਾਲ ਕੀਤਾ ਜਾ ਸਕਦਾ ਹੈ। **ਧੀਰਜ** ਬੜੀ ਵੱਡੀ ਪੂੰਜੀ ਹੈ, ਖਾਸ ਤੌਰ ਤੇ ਉਦੋਂ ਜਦ ਕਿ ਕੋਈ ਆਪਣੇ ਵਿਰੋਧੀ ਨੂੰ ਸਜ਼ਾ ਦੇਣ ਦੀ ਸਮਰਥਾ ਰੱਖਦਾ ਹੋਵੇ। **ਸਤਿਗੁਰੂ ਤੇ ਪੂਰਨ ਭਰੋਸਾ** ਹੋਣਾ ਇਕ ਹੋਰ ਸਦਗੁਣ ਹੈ ਜੋ ਕਿ ਸਿੱਖ ਲਈ ਅਤਿ-ਜ਼ਰੂਰੀ ਹੈ। ਸਿੱਖ ਦਾ ਸਤਿਗੁਰੂ ਦੇ ਬਚਨਾਂ ਤੇ ਦ੍ਰਿੜ ਵਿਸ਼ਵਾਸ ਹੋਵੇ ਅਤੇ ਉਹ ਉਨ੍ਹਾਂ ਤੋਂ ਕਦੇ ਵੀ ਨਾ ਥਿੜਕੇ, ਸਗੋਂ ਗੁਰੂ ਦੇ ਹੁਕਮਾਂ ਨੂੰ ਅਮਲੀ ਜੀਵਨ ਵਿਚ ਨਿੱਤ ਕਮਾਉਂਦਾ ਰਹੇ। ਸਤਿਗੁਰੂ ਵਲੋਂ ਸਮੇਂ ਸਮੇਂ ਪਰਖ ਹੁੰਦੀ ਰਹਿੰਦੀ ਹੈ, ਪਰ ਸਿੱਖ ਕਦੇ ਵੀ ਨਹੀਂ ਡੋਲਦਾ ਅਤੇ ਸਤਿਗੁਰੂ ਤੋਂ ਬਿਨਾਂ ਹੋਰ ਕਿਸੇ ਤੇ ਈਮਾਨ ਨਹੀਂ ਲਿਆਉਂਦਾ। ਕੱਚੇ ਪਿੱਲੇ ਸਿੱਖ ਸਤਿਗੁਰੂ ਦੀ ਖੁਸ਼ੀ ਨਹੀਂ ਲੈ ਸਕਦੇ ਅਤੇ ਨਾ ਹੀ ਉਹ ਆਤਮਿਕ ਅਨੰਦ ਪ੍ਰਾਪਤ ਕਰ ਸਕਦੇ ਹਨ।

ਇਸ ਤੋਂ ਅਗਲਾ ਗੁਣ '**ਦਇਆ**' ਹੈ—ਦੂਜਿਆਂ ਦੇ ਦੁਖਾਂ-ਦਰਦਾਂ ਨੂੰ ਆਪਣਾ ਸਮਝਣਾ ਅਤੇ ਉਨ੍ਹਾਂ ਦੀ ਪੀੜਾ ਨੂੰ ਦੂਰ ਕਰਨ ਲਈ ਹਰ ਹੀਲਾ ਕਰਨਾ 'ਦਇਆ' ਹੈ। ਇਸੇ ਤਰ੍ਹਾਂ ਦੂਜਿਆਂ ਦੀਆਂ ਭੁੱਲਾਂ ਤੇ ਖਾਮੀਆਂ ਨੂੰ ਅਣਡਿੱਠ ਕਰਨਾ ਵੀ 'ਦਇਆ' ਹੈ, ਕਿਉਂਕਿ ਹਰ ਮਨੁੱਖ ਭੁਲਣਹਾਰ ਹੈ। ਸਤਿਗੁਰੂ ਨੇ ਸਿੱਖਾਂ ਦੀਆਂ ਭੁੱਲਾਂ ਬਖ਼ਸ਼ੀਆਂ ਅਤੇ ਉਨ੍ਹਾਂ ਦੇ ਪਰਦੇ ਕੱਜੇ।

ਇਕ ਸਿੱਖ ਇਨ੍ਹਾਂ ਗੁਣਾਂ ਨੂੰ ਅਸਲ ਮਨੋਰਥ ਦੀ ਪ੍ਰਾਪਤੀ ਦਾ ਸਾਧਨ ਸਮਝਦਾ ਹੈ ਅਤੇ ਅਸਲ ਮਨੋਰਥ ਹੈ—ਸੁਚੱਜਾ ਤੇ ਸਦਾਚਾਰੀ ਜੀਵਨ ਬਤੀਤ ਕਰਕੇ ਪ੍ਰਭੂ ਨਾਲ ਇਕ-ਮਿਕ ਹੋ ਜਾਣਾ।

ਮਸਕੀਨ ਜੀ ਦਾ ਕੌਮ ਨੂੰ ਆਖ਼ਰੀ ਸੁਨੇਹਾ......(ਪੰਨਾ 32 ਦੀ ਬਾਕੀ)

ਯਾਦ ਰੱਖਣਾ ਚਾਹੀਦਾ ਹੈ ਕਿ ਨਨਕਾਣਾ ਸਾਹਿਬ ਨੂੰ ਆਜ਼ਾਦ ਕਰਾਉਣ ਲੱਗਿਆਂ ਜੋ ਖੂਨ-ਖਰਾਬਾ ਹੋਇਆ ਸੀ, ਸ਼ਾਇਦ ਉਸ ਤੋਂ ਹਜ਼ਾਰਾਂ ਗੁਣਾਂ ਇਹ ਪ੍ਰਬੰਧਕ ਖੂਨ-ਖਰਾਬਾ ਕਰਨ, ਕਿਉਂਕਿ ਇਨ੍ਹਾਂ ਦੇ ਹੱਥ ਨਨਕਾਣਾ ਸਾਹਿਬ ਦੇ ਮਹੰਤ ਨਰਾਇਣ ਦਾਸ ਤੋਂ ਜ਼ਿਆਦਾ ਮਜ਼ਬੂਤ ਨੇ, ਇਹ ਜ਼ਿਆਦਾ ਤਾਕਤਵਰ ਹਨ। ਇਸ ਤਰ੍ਹਾਂ ਦੇ ਦੂਸ਼ਣ ਉਸ ਪ੍ਰਚਾਰਕ ਤੇ ਲਾਉਣਗੇ, ਜੋ ਅਣਖੀਲਾ ਹੋਵੇ, ਗੁਰਮਤਿ ਉਸਾਰੀ ਦਾ ਜਜ਼ਬਾ ਰੱਖਦਾ ਹੋਵੇ ਔਰ ਉਸ ਨੂੰ ਦਿੱਸ ਪਿਆ ਹੋਵੇ ਕਿ ਪ੍ਰਬੰਧਕੀ ਢਾਂਚਾ ਗਲਤ ਹੈ। ਅਕਸਰ ਦੁਨੀਆਂ ਵਿਚ ਜਦ ਵੀ ਕ੍ਰਾਂਤੀਆਂ ਹੋਈਆਂ ਨੇ ਇਸੇ ਢੰਗ ਨਾਲ ਹੋਈਆਂ ਨੇ। ਸੋ ਉਹ ਸੱਜਣ, ਜੋ ਉਸਾਰੂ ਜਜ਼ਬੇ ਰੱਖਦੇ ਹਨ, ਪਹਿਲਾਂ ਪ੍ਰਬੰਧਕਾਂ ਦੀ ਚੋਟ ਸਹਾਰਨ ਦਾ ਹਿਰਦਾ ਬਣਾ ਲੈਣ। ਉਹ ਜਿਥੇ ਜਿਥੇ ਖੂਨ-ਖਰਾਬੇ ਤੇ ਉਤਾਰੂ ਹੋਵਣ, ਅਸੀਂ ਸ਼ਾਂਤਮਈ ਢੰਗ ਨਾਲ ਪੇਸ਼ ਆਉਣਾ ਹੈ।

(7) ਉਹ ਬਜ਼ੁਰਗ ਜੋ ਰੱਬੀ ਤੜਪ ਰੱਖਦੇ ਹਨ ਤੇ ਆਪਣਾ ਜੀਵਨ ਗੁਰਮਤਿ ਪ੍ਰਚਾਰ ਲਹਿਰ ਨੂੰ ਸਮਰਪਿਤ ਕਰ ਸਕਦੇ ਹੋਣ, ਉਨ੍ਹਾਂ ਦੀ ਸੇਧ ਵਿਚ ਨੌਜੁਆਨ ਸੰਗਠਤ ਹੋ ਕੇ ਹਰ ਸ਼ਹਿਰ ਵਿਚ ਇਕ ਸੁਧਾਰਕ ਲਹਿਰ ਚਲਾਉਣ ਦਾ ਯਤਨ ਕਰਨ। ਜੀਵਨ ਹੰਢਾ ਚੁੱਕੇ ਗ੍ਰਿਹਸਥੀ ਜੋ ਗੁਰਮਤਿ ਦਾ ਦਰਦ ਤੇ ਜਾਣਕਾਰੀ ਰੱਖਦੇ ਹੋਵਣ, ਇਸ ਉਸਾਰੂ ਲਹਿਰ ਵਿਚ ਸ਼ਾਮਿਲ ਕੀਤੇ ਜਾਣ। ਉਮਰ ਟੱਪ ਚੁੱਕੀਆਂ ਬੀਬੀਆਂ ਦਾ ਸਹਿਯੋਗ ਅਵੱਸ਼ ਲੈਣਾ ਚਾਹੀਦਾ ਹੈ। ਸਾਧੂ ਸਮਾਜ ਦੇ ਰਸਿਕ ਪੁਰਸ਼ਾਂ ਨੂੰ ਸਤਿਕਾਰ ਸਹਿਤ ਨਾਲ ਲਿਆ ਜਾਵੇ। ਅੱਜ ਤੱਕ ਪ੍ਰਚਾਰ ਦੇ ਸੰਬੰਧ ਵਿਚ ਆਪਾ ਖੋ ਚੁੱਕੀਆਂ ਧਾਰਾਵਾਂ ਨੂੰ ਮੁੜ ਸੁਰਜੀਤ ਕੀਤਾ ਜਾਵੇ।....ਇਹ ਠੀਕ ਹੈ ਕਿ ਜਿਤਨੀ ਸਿੱਖ ਪੰਥ ਦੀ ਉਮਰ ਹੈ, ਇਤਨੀ ਉਮਰ ਤਾਂ ਈਸਾਈਆਂ ਨੇ ਲੜਦਿਆਂ ਹੀ ਲੰਘਾ ਦਿੱਤੀ। ਇਹ ਸਾਰੀ ਲੜਾਈ ਰਾਜਨੀਤੀ ਕਰ ਕੇ ਹੁੰਦੀ ਸੀ।...ਪਰ ਸੈਂਕੜੇ ਸਾਲਾਂ ਦੀ ਭਟਕਣ ਤੇ ਖੂਨੀ ਸੰਘਰਸ਼ ਤੋਂ ਬਾਅਦ ਈਸਾਈਆਂ ਨੇ ਜੋ ਧਰਮ ਪ੍ਰਚਾਰ ਦਾ ਸੁਧਾਰਕ ਢਾਂਚਾ ਬਣਾਇਆ ਹੈ, ਉਸ ਦੀ ਸੇਧ ਲੈ ਲੈਣੀ ਚਾਹੀਦੀ ਹੈ। ਆਪਣਾ ਫ਼ਰਜ਼ ਜਾਣਦਿਆਂ ਹੋਇਆਂ, ਲਿਖ ਕੇ ਤੇ ਬੋਲ ਕੇ ਇਹ ਸੇਵਾ ਮੈਂ ਕਰ ਦਿੱਤੀ ਹੈ, ਬਾਕੀ ਸਾਰਾ ਕੰਮ ਉਹ ਆਪਣੇ ਹੱਥਾਂ ਵਿਚ ਸੰਭਾਲ ਲੈਣ, ਜਿਨ੍ਹਾਂ ਦੇ ਹੱਥਾਂ ਵਿਚ ਗੁਰੂ ਦਾ ਦਾਮਨ ਹੈ। ਸਤਿਗੁਰੂ ਜੀ ਸਹਾਈ ਹੋਵਣ, ਮੇਰੀ ਅਰਦਾਸ ਹੈ।

(ਮਸਕੀਨ ਜੀ ਦੀ ਲਿਖਤ ਪੁਸਤਕ 'ਦੇਸ਼-ਵਿਦੇਸ਼ ਦੇ ਗੁਰਦੁਆਰਿਆਂ ਦਾ ਪ੍ਰਬੰਧਕੀ ਢਾਂਚਾ ਅਤੇ ਪ੍ਰਚਾਰਕ ਸ਼੍ਰੇਣੀ' ਵਿਚੋਂ)

ਸਾਡੀ ਅਣਖ ਚੇਤਨਾ ਨੂੰ ਵੰਗਾਰ

ਸਿੱਖ ਕੌਮ ਦੀ ਤ੍ਰਾਸਦੀ : ਬਹਾਰ ਤੋਂ ਪਤਝੜ ਵੱਲ

ਸਿੱਖਾਂ ਦਾ ਇਤਿਹਾਸ ਗੌਰਵਮਈ ਇਤਿਹਾਸ ਹੈ। ਕੀ ਫੌਜ ਵਿਚ ਸੂਰਮਗਤੀ, ਤੇ ਕੀ ਖੇਡ ਦੇ ਮੈਦਾਨ ਵਿਚ ਜਿੱਤਾਂ, ਤੇ ਖੇਤੀ ਵਿਚ ਹਰਾ ਇਨਕਲਾਬ ਲਿਆ ਕੇ ਪੰਜਾਬ ਦੇ ਸਿੱਖ ਹਿੰਦੁਸਤਾਨ ਦੇ ਅੰਨਦਾਤਾ ਹੋ ਨਿਬੜੇ ਹਨ। ਹਿੰਦੁਸਤਾਨ ਦੀ ਆਜ਼ਾਦੀ ਦੇ ਘੋਲ ਵਿਚ ਸਭ ਤੋਂ ਵੱਧ ਸ਼ਹੀਦੀਆਂ ਤੇ ਫਾਂਸੀ ਦੇ ਤਖ਼ਤੇ ਇਨ੍ਹਾਂ ਦੇ ਹਿੱਸੇ ਆਏ। ਇਹ ਸਭ ਪ੍ਰਾਪਤੀਆਂ ਦਸਮੇਸ਼ ਪਿਤਾ ਦੇ ਬਖ਼ਸ਼ੇ ਕੇਸ ਤੇ ਦਸਤਾਰਧਾਰੀ ਸਿੰਘਾਂ ਦੀਆਂ ਸਨ। ਪਰ ਹੁਣ ਹਾਲਤ ਕੀ ਹੈ? ਸਪੋਰਟਸ ਵਿਚ ਤੇ ਫੌਜ ਵਿਚ ਟਾਵੇਂ-ਟਾਵੇਂ ਸਿੱਖ ਸਰੂਪ ਨਜ਼ਰ ਆਉਂਦੇ ਹਨ, ਭਾਵੇਂ ਸਿੰਘ ਨਾਂਵਾਂ ਵਾਲੇ ਖਿਡਾਰੀਆਂ ਤੇ ਫੌਜੀਆਂ ਦੀ ਗਿਣਤੀ ਬੇਅੰਤ ਹੈ। ਪੰਜਾਬ ਦੇ ਪਿੰਡਾਂ ਦੀ ਹਾਲਤ ਹੋਰ ਵੀ ਤਰਸਯੋਗ ਹੈ। ਪਿੰਡਾਂ ਵਿਚ ਸ਼ਾਨਦਾਰ ਹੇਅਰ ਕਟਿੰਗ ਸੈਲੂਨ, ਸ਼ਰਾਬ ਦੇ ਠੇਕੇ, ਜ਼ਰਦਾ, ਬੀੜੀ ਤੇ ਗੁਟਕਾ ਤੰਬਾਕੂ ਦੇ ਖੋਖੇ ਬੇਅੰਤ ਨਜ਼ਰ ਆਉਂਦੇ ਹਨ। ਕੈਮਿਸਟ, ਜਿਨ੍ਹਾਂ ਨੇ ਜੀਵਨ ਦਾਨ ਦੇਣ ਵਾਲੀਆਂ ਦਵਾਈਆਂ ਦੇਣੀਆਂ ਹਨ ਨਸ਼ੇ, ਡਰੱਗ ਤੇ ਕੈਪਸੂਲ ਟੀਕੇ ਆਦਿ ਚੋਰੀ ਛਿਪੇ ਆਮ ਵੇਚ ਰਹੇ ਹਨ। ਪਿੰਡ ਦੀ ਪੰਚਾਇਤ ਤੇ ਗੁਰਦੁਆਰਿਆਂ ਦੇ ਪ੍ਰਬੰਧਕ ਤੇ ਸਰਕਾਰੀ ਸਟਾਫ਼ ਇਸ ਗੱਲੋਂ ਬਿਲਕੁਲ ਅਵੇਸਲੇ ਹਨ ਤੇ ਅੱਖਾਂ ਮੀਟੀ ਬੈਠੇ ਹਨ। ਦਸਤਾਰਧਾਰੀ ਬੱਚੇ ਪਿੰਡਾਂ ਵਿਚ ਟਾਵੇਂ-ਟਾਵੇਂ ਹੀ ਨਜ਼ਰ ਆਉਂਦੇ ਹਨ। ਸਾਡੇ ਪਿੰਡ ਬਿਹਾਰ ਤੇ ਯੂ. ਪੀ. ਦੇ ਪਿੰਡ ਹੀ ਨਜ਼ਰ ਆਉਂਦੇ ਹਨ। ਪਿੰਡਾਂ ਵਿਚ ਬਹਾਰ ਦੀ ਥਾਂ ਹੁਣ ਪਤਝੜ ਹੀ ਰਹਿ ਗਈ ਹੈ। ਕੋਈ ਸਮਾਂ ਸੀ ਪਿੰਡਾਂ ਵਿਚ ਕੇਸਾਧਾਰੀ ਹੋਣਾ ਸਿੱਖ ਦਾ ਇਕ ਸਵੈ-ਚਲਣ ਦੀ। ਇਸ ਵਿਚ ਕੋਈ ਕਿਸੇ ਨੂੰ ਉਪਦੇਸ਼ ਨਹੀਂ ਸੀ ਦਿੰਦਾ। ਮਹਾਨ ਗੁਰਸਿੱਖ ਮਾਵਾਂ ਦੇ ਮਨ ਵਿਚ ਇਹ ਗੱਲ ਦ੍ਰਿੜ੍ਹ ਸੀ ਕਿ ਉਨ੍ਹਾਂ ਦੇ ਬੱਚੇ ਕੇਸਾਧਾਰੀ ਰੂਪ ਤੋਂ ਬਗੈਰ ਕਿਸੇ ਹੋਰ ਰੂਪ ਵਿਚ ਹੋ ਹੀ ਨਹੀਂ ਸਕਦੇ। ਛੋਟੇ ਬੱਚਿਆਂ ਦੇ ਕੇਸਾਂ ਦੀ ਸੰਭਾਲ ਮਾਵਾਂ ਕਰਦੀਆਂ ਸਨ। ਜਿਉਂ-ਜਿਉਂ ਬੱਚੇ ਸਿਆਣੇ ਹੁੰਦੇ ਜਾਂਦੇ, ਉਹ ਕੇਸਾਂ ਦੀ ਸੰਭਾਲ ਆਪ ਕਰਦੇ। ਆਪ ਹੀ ਕੇਸ ਵਾਹੁੰਦੇ ਤੇ ਆਪ ਹੀ ਪੱਗ ਬੰਨ੍ਹਦੇ ਸਨ। ਸਿੱਖ ਬੱਚੇ ਜਦੋਂ ਪੱਗ ਬੰਨ੍ਹਣੀ ਸ਼ੁਰੂ ਕਰਦੇ, ਉਨ੍ਹਾਂ ਦੇ ਮਨ ਵਿਚ ਮੁਹਾਰਤ ਹਾਸਲ ਕਰਨ ਦਾ ਚਾਅ ਹੁੰਦਾ ਸੀ। ਇਸ ਤਰ੍ਹਾਂ ਸਿੱਖ ਸਮਾਜ ਦੇ ਫੁੱਲਾਂ ਰੂਪੀ ਬੱਚਿਆਂ ਦਾ ਪਾਲਣ-ਪੋਸ਼ਣ ਸਿੱਖੀ ਸਰੂਪ ਵਿਚ ਹੀ ਹੁੰਦਾ ਸੀ ਪਰ ਹੁਣ ਬਹਾਰ ਲੰਘ ਚੁੱਕੀ ਹੈ। **ਅੱਜ ਤੇ ਪਤਝੜ ਹੀ ਹੈ, ਜਿਸ ਵਿਚ ਫੁੱਲ ਮੁਰਝਾ ਚੁੱਕੇ ਹਨ, ਪਰ ਕੰਡੇ ਹੀ ਕੰਡੇ ਹਨ ਜਿਨ੍ਹਾਂ ਦੀ ਪੀੜ ਦੁਖਦਾਈ ਵੀ ਹੈ ਤੇ ਸ਼ਰਮਿੰਦਾ ਕਰਨ ਵਾਲੀ ਵੀ।** ਸਿੱਖੀ ਸਰੂਪ ਤੇ ਦਸਤਾਰ ਵਲੋਂ ਅਣਗਹਿਲੀ ਦੇ ਕਾਰਨ ਕੀ ਹਨ? ਪ੍ਰਮੁੱਖ ਕਾਰਣ ਮਾਤਾ-ਪਿਤਾ ਦੀ ਲਾਪ੍ਰਵਾਹੀ ਤੇ ਦੂਸਰਾ ਬਾਹਰੀ ਪ੍ਰਭਾਵ। ਇਹ ਕੀ ਭਾਣੇ ਵਰਤੇ ਜੋ ਪੰਜਾਬ ਦੇ ਪਿੰਡਾਂ ਵਿਚ ਸਕੂਲੀ ਬੱਚੇ ਕੇਸਾਂ ਤੋਂ ਬਗੈਰ ਨਜ਼ਰ ਆਉਂਦੇ ਹਨ। ਮਾਂ ਪਿਉ ਦੀ ਅਣਗਹਿਲੀ, ਮੀਡੀਏ ਦਾ ਅਸਰ ਤੇ ਟੀ. ਵੀ. ਨੇ ਵੀ ਬੀਮਾਰੀ ਫੈਲਾਉਣ ਵਿਚ ਆਪਣਾ ਪੂਰਾ ਹਿੱਸਾ ਪਾਇਆ ਹੈ। ਪੰਜਾਬ ਵਿਚ ਸ਼ਰਾਬ ਦੀ ਖਪਤ ਇੰਨੀ ਵਧ ਗਈ ਹੈ ਜੋ 85% ਨੌਜੁਆਨ ਨਸ਼ਿਆਂ ਦੇ ਸ਼ਿਕਾਰ ਹਨ। ਸਾਡੀ ਅਣਖ ਅਤੇ ਚੇਤਨਾ ਕਮਜ਼ੋਰ ਪੈ ਚੁੱਕੀ ਹੈ। ਵੀਰੋ ਆਓ ਕੁਝ ਕਰੀਏ! ਭਾਗਾਂ ਵਾਲੇ ਪਰਿਵਾਰਾਂ ਨੂੰ ਜਿਥੇ ਸਿੱਖੀ ਰਹਿਤ ਕਾਇਮ ਹੈ, ਆਪ ਮਿਸਾਲ ਵਲੋਂ ਉਜਾਗਰ ਹੋ ਕੇ ਭਟਕੇ ਵੀਰਾਂ ਨੂੰ ਸੰਸਾਰਕ ਸੁਖਾਂ ਦਾ ਮਹਾਂਮੰਤਰ ਗੁਰਬਾਣੀ ਦਾ ਅਧਿਐਨ, ਗੁਰਸਿੱਖੀ ਰਹਿਤ ਮਰਯਾਦਾ ਦਰਸਾਉਣੀ ਚਾਹੀਦੀ ਹੈ।...ਤੇ ਇਹ ਕੰਮ ਜੰਗੀ ਪੱਧਰ ਤੇ ਹੋਣਾ ਚਾਹੀਦਾ ਹੈ। ਆਓ! ਸਾਰੇ ਰਲ ਕੇ ਇਸ ਪਵਿੱਤਰ ਤੇ ਅਤੀ ਜ਼ਰੂਰੀ ਕਾਰਜ ਵਿਚ ਜੁਟ ਜਾਈਏ।

ਬੇਨਤੀਕਾਰ : ਹਰਭਜਨ ਸਿੰਘ,
ਗੁਰਮਤਿ ਪੁਸਤਕ ਸੈਂਟਰ, 369-ਆਰ,
ਮਾਡਲ ਟਾਊਨ, ਲੁਧਿਆਣਾ

ਸਿੱਖ ਦੀ ਤਾਰੀਫ਼

ਜੋ ਇਸਤਰੀ ਜਾਂ ਪੁਰਸ਼ ਇਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤੱਕ), ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿੱਖਿਆ ਅਤੇ ਦਸਮੇਸ਼ ਜੀ ਦੇ ਅੰਮ੍ਰਿਤ ਉੱਤੇ ਨਿਸ਼ਚਾ ਰੱਖਦਾ ਹੈ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ।

ਖ਼ਬਰਨਾਮਾ ਅਤੇ ਸਰਗਰਮੀਆਂ

ਵੇਦਾਂ ਦੇ ਵਿਸ਼ੇ 'ਤੇ ਐਮ. ਏ. ਕਰਨ ਵਾਲੇ ਸੰਨਿਆਸੀ ਸ਼ੁਧਾ ਨੰਦ ਨੇ ਅੰਮ੍ਰਿਤਪਾਨ ਕੀਤਾ

ਅੰਮ੍ਰਿਤਸਰ, 12 ਅਕਤੂਬਰ—'ਮੈਂ ਲੰਬਾ ਅਰਸਾ ਵੇਦਾਂ, ਪੁਰਾਣਾਂ ਤੇ ਜੋਤਿਸ਼ ਦਾ ਅਧਿਐਨ ਕੀਤਾ ਹੈ ਪਰ ਸਿਧਾਂਤਕ ਸੱਚਾਈ ਕੇਵਲ ਸਿੱਖ ਧਰਮ ਤੇ ਗੁਰਬਾਣੀ ਸਿਧਾਂਤ ਵਿਚ ਹੀ ਨਜ਼ਰ ਆਈ ਹੈ।' ਇਸ ਗੱਲ ਦਾ ਪ੍ਰਗਟਾਵਾ ਰਾਜਸਥਾਨ ਦੇ ਸ਼ਹਿਰ ਭਰਤਪੁਰ ਤੋਂ ਆਏ ਪੜ੍ਹੇ-ਲਿਖੇ ਸੰਨਿਆਸੀ ਸਵਾਮੀ ਸ਼ੁਧਾਨੰਦ ਪੁਰੀ ਨੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਖੰਡੇ ਬਾਟੇ ਦਾ ਅੰਮ੍ਰਿਤਪਾਨ ਕਰਕੇ ਸਿੰਘ ਸਜਣ ਉਪਰੰਤ ਸ੍ਰੀ ਹਰਿਮੰਦਰ ਸਾਹਿਬ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦੇ ਜੀਵਨ ਦਾ ਉਦੇਸ਼ ਹੁਣ ਆਪਣੇ ਇਲਾਕੇ ਵਿਚ ਗੁਰਦੁਆਰਾ ਸਥਾਪਿਤ ਕਰਕੇ ਉਥੋਂ ਦੇ ਲੋਕਾਂ ਨੂੰ ਸਿੱਖ ਧਰਮ ਦੀਆਂ ਸਿੱਖਿਆਵਾਂ ਤੋਂ ਜਾਣੂ ਕਰਵਾਉਣਾ ਰਹੇਗਾ ਤੇ ਉਹ ਉਥੋਂ ਦੇ ਬੱਚਿਆਂ ਨੂੰ ਗੁਰਮੁਖੀ ਸਿਖਾ ਕੇ ਗੁਰਬਾਣੀ ਨਾਲ ਜੋੜਨ ਦਾ ਉਪਰਾਲਾ ਵੀ ਕਰਨਗੇ। (ਅਜੀਤ)

ਹਿੰਦੂ ਤੋਂ ਸਿੱਖ ਬਣੇ ਅਮਨਦੀਪ ਸਿੰਘ ਨੇ ਹਰਿਮੰਦਰ ਸਾਹਿਬ ਮੱਥਾ ਟੇਕਿਆ

ਅੰਮ੍ਰਿਤਸਰ, 18 ਅਕਤੂਬਰ—ਹਿੰਦੂ ਤੋਂ ਸਿੱਖ ਬਣੇ ਬੰਗਲੌਰ ਵਾਸੀ ਸ. ਅਮਨਦੀਪ ਸਿੰਘ ਕਰੀਬ ਪੰਜ ਮਹੀਨਿਆਂ ਵਿਚ ਸਾਈਕਲ ਤੇ 5 ਹਜ਼ਾਰ ਕਿਲੋਮੀਟਰ ਦਾ ਸਫਰ ਤੈਅ ਕਰਕੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਪੁੱਜੇ ਹਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਇਸ ਅਮਨ ਸ਼ਾਂਤੀ ਸਾਈਕਲ ਯਾਤਰਾ ਦਾ ਮੁੱਖ ਮੰਤਵ ਸਿੱਖ ਨੌਜਵਾਨਾਂ ਨੂੰ ਪਤਿਤਪੁਣੇ ਤੋਂ ਦੂਰ ਕਰਨ ਲਈ ਜਾਗਰੂਕ ਕਰਨਾ ਹੈ, ਅਤੇ ਉਹ ਇਸ ਸੰਬੰਧ ਵਿਚ ਰਸਤੇ ਵਿਚ ਠਹਿਰਾਅ ਸਮੇਂ ਗੁਰਦੁਆਰਿਆਂ ਵਿਚ ਨੌਜਵਾਨਾਂ ਨੂੰ ਪ੍ਰੇਰਦੇ ਵੀ ਰਹੇ ਹਨ।

ਕੈਨੇਡਾ ਵਿਚ ਕਿਰਪਾਨਧਾਰੀ ਸਿੱਖ ਵਿਦਿਆਰਥੀ ਨੂੰ ਗੱਡੀ 'ਚੋਂ ਲਾਹਿਆ

ਟੋਰਾਂਟੋ, 28 ਅਕਤੂਬਰ—ਵਿਦੇਸ਼ਾਂ ਵਿਚ ਸਿੱਖਾਂ ਦੇ ਧਾਰਮਿਕ ਚਿੰਨ੍ਹ ਪਗੜੀ ਤੇ ਕਿਰਪਾਨ ਉੱਪਰ ਲਈ ਪਾਬੰਦੀ ਦਾ ਮਸਲਾ ਉਸ ਵੇਲੇ ਹੋਰ ਡੂੰਘਾ ਹੋ ਗਿਆ ਜਦੋਂ ਇਥੇ ਇਕ ਕਿਰਪਾਨਧਾਰੀ ਵਿਦਿਆਰਥੀ ਬਲਪ੍ਰੀਤ ਸਿੰਘ ਨੂੰ ਗੱਡੀ ਵਿਚੋਂ ਉਤਾਰ ਦਿੱਤਾ ਗਿਆ। ਬਲਪ੍ਰੀਤ ਸਿੰਘ ਨੇ ਆਪਣਾ ਅਪਮਾਨ ਮਹਿਸੂਸ ਕਰਦਿਆਂ ਇਹ ਮਾਮਲਾ ਹੁਣ ਓਂਟਾਰੀਓ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਲੈ ਕੇ ਜਾਣ ਦਾ ਫੈਸਲਾ ਕੀਤਾ ਹੈ।

(ਪੰਜਾਬੀ ਟ੍ਰਿਬਿਊਨ)

ਪ੍ਰਧਾਨ ਮੰਤਰੀ ਬਲੇਅਰ ਵਲੋਂ ਸਿੱਖਾਂ ਦੀ ਪ੍ਰਸੰਸਾ

ਮਾਨਹਾਈਮ—ਪਿਛਲੇ ਦਿਨੀਂ ਬਰਤਾਨੀਆ ਦੇ ਪ੍ਰਧਾਨ ਮੰਤਰੀ ਟੋਨੀ ਬਲੇਅਰ ਨੇ ਆਪਣੀ ਇੱਛਾ ਅਨੁਸਾਰ ਬਰਤਾਨੀਆ 'ਚ ਸਿੱਖਾਂ ਦੇ ਵੱਡੇ ਕੇਂਦਰੀ ਅਸਥਾਨ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਦਰਸ਼ਨ-ਦੀਦਾਰੇ ਕੀਤੇ। ਪ੍ਰਧਾਨ ਮੰਤਰੀ ਨੇ ਸਿੱਖਾਂ ਵਲੋਂ ਪਹਿਲੀ ਵਿਸ਼ਵ ਜੰਗ ਤੋਂ ਲੈ ਕੇ ਅੱਜ ਤੱਕ ਨਿਭਾਏ ਜਾ ਰਹੇ ਰੋਲ ਦੀ ਭਰਪੂਰ ਸ਼ਲਾਘਾ ਕੀਤੀ। ਪ੍ਰਧਾਨ ਮੰਤਰੀ ਗੁਰੂ ਘਰ ਦੀ ਲੰਗਰ ਪ੍ਰਥਾ ਤੋਂ ਕਾਫੀ ਪ੍ਰਭਾਵਿਤ ਹੋਏ।

(ਅਜੀਤ)

ਚੁਰਾਸੀ ਦੇ ਦੰਗਾ ਪੀੜਤਾਂ ਪਰਿਵਾਰਾਂ ਲਈ ਇਕ ਹਜ਼ਾਰ ਕਰੋੜ ਰੁਪਏ ਵਾਧੂ ਮੁਆਵਜ਼ਾ ਦੇਣ ਦੀ ਸਿਫ਼ਾਰਿਸ਼

ਨਵੀਂ ਦਿੱਲੀ, 30 ਅਕਤੂਬਰ—1984 ਵਿਚ ਸਿੱਖ ਵਿਰੋਧੀ ਦੰਗਿਆਂ ਦੇ ਸ਼ਿਕਾਰ ਹੋਏ ਲੋਕਾਂ ਨੂੰ ਦਿੱਤੇ ਜਾਣ ਵਾਲੇ ਮੁਆਵਜ਼ੇ ਦੀ ਹੱਦ ਮਿੱਥਣ ਲਈ ਅਤੇ ਉਨ੍ਹਾਂ ਨੂੰ ਰੁਜ਼ਗਾਰ ਮੁਹੱਈਆ ਕਰਨ ਲਈ ਗ੍ਰਹਿ ਮੰਤਰਾਲੇ ਵਲੋਂ ਬਣਾਈਆਂ ਹੋਈਆਂ ਦੋ ਕਮੇਟੀਆਂ ਨੇ ਦੰਗਿਆਂ ਦੇ ਸ਼ਿਕਾਰ ਹੋਏ ਪਰਿਵਾਰਾਂ ਨੂੰ 1000 ਕਰੋੜ ਰੁਪਏ ਵਾਧੂ ਮੁਆਵਜ਼ੇ ਵਜੋਂ ਦੇਣ ਦੀ ਸਿਫ਼ਾਰਿਸ਼ ਕੀਤੀ ਹੈ।

ਇਨ੍ਹਾਂ ਕਮੇਟੀਆਂ ਨੇ ਆਪਣੀਆਂ ਰਿਪੋਰਟਾਂ ਵਿਚ ਕਿਹਾ ਹੈ ਕਿ ਕੇਂਦਰ ਨੂੰ ਚਾਹੀਦਾ ਹੈ ਕਿ ਉਹ ਪ੍ਰਭਾਵਿਤ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਸ਼ਾਂਤ ਕਰਨ ਲਈ ਅਤੇ ਇਨ੍ਹਾਂ ਦੁਖੀ ਪਰਿਵਾਰਾਂ ਨੂੰ ਦਰਪੇਸ਼ ਸਮੱਸਿਆਵਾਂ ਦੂਰ ਕਰਨ ਲਈ ਇਹ ਵਾਧੂ ਮੁਆਵਜ਼ਾ ਜਲਦੀ ਵੰਡੇ।

(ਪੰਜਾਬੀ ਟ੍ਰਿਬਿਊਨ)

ਗੁਰੂ ਗ੍ਰੰਥ ਸਾਹਿਬ ਤੋਂ ਸੇਧ ਲੈ ਕੇ ਨਿਬੜ ਸਕਦੇ ਨੇ ਦੁਨੀਆਂ ਭਰ ਦੇ ਰੱਫੜ

ਨਵੀਂ ਦਿੱਲੀ, 30 ਅਕਤੂਬਰ—ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਨੇ ਕਿਹਾ ਹੈ ਕਿ ਦੁਨੀਆਂ ਭਰ ਵਿਚ ਪਏ ਰੱਫੜ ਕੇਵਲ ਤੇ ਕੇਵਲ ਗੁਰੂ ਗ੍ਰੰਥ ਸਾਹਿਬ ਜਿਹੀਆਂ ਰੂਹਾਨੀ ਕ੍ਰਿਤਾਂ ਨਾਲ ਹੀ ਨਜਿੱਠੇ ਜਾ ਸਕਦੇ ਹਨ ਤੇ ਇਹ ਪਾਵਨ ਗ੍ਰੰਥ ਵਿਸ਼ਵ ਭਰ ਨੂੰ ਸੇਧ ਦੇਣ ਦੀ ਸਮਰੱਥਾ ਰੱਖਦਾ ਹੈ।

ਪ੍ਰਧਾਨ ਮੰਤਰੀ ਨੇ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਹ ਮਹਾਨ ਗ੍ਰੰਥ ਹਲੀਮੀ ਰਾਜ ਦੀ ਸਿੱਖਿਆ ਦਿੰਦਾ ਹੈ ਤੇ ਅੱਜ ਮੈਂ ਜੋ ਹਾਂ, ਇਸ ਰੂਹਾਨੀ ਗ੍ਰੰਥ ਦੀ ਪ੍ਰੇਰਨਾ ਦੀ ਬਦੌਲਤ ਹੀ ਹਾਂ। (ਪੰਜਾਬੀ ਟ੍ਰਿਬਿਊਨ)

'84 ਦੀਆਂ ਵਿਧਵਾਵਾਂ ਹੁਣ ਨਸ਼ਿਆਂ ਪੱਟੀ ਔਲਾਦ ਤੋਂ ਦੁਖੀ

ਨਵੀਂ ਦਿੱਲੀ, 2 ਨਵੰਬਰ—ਇਥੋਂ ਦੇ ਤਿਲਕ ਵਿਹਾਰ ਵਿਚ ਸਥਿਤ ਗੁਰਦੁਆਰਾ ਸ਼ਹੀਦਾਂ ਦੀਆਂ ਜ਼ਮੀਨਦੋਜ਼ ਗੈਲਰੀ ਵੱਲ ਜਾਂਦੀਆਂ ਤੰਗ ਜਿਹੀਆਂ ਪੌੜੀਆਂ ਉਤਰਦਿਆਂ, 1984 ਦੇ ਸਿੱਖ ਕਤਲੇਆਮ ਦੀਆਂ ਵਿਧਵਾਵਾਂ ਨਾ ਸਿਰਫ 21 ਸਾਲ ਪਹਿਲਾਂ ਮਾਰੇ ਗਏ ਆਪਣੇ ਸਕੇ-

ਸੰਬੰਧੀਆਂ ਦੀ ਯਾਦ ਵਿਚ ਅਰਦਾਸ ਕਰਨ ਲਈ ਜੁੜਦੀਆਂ ਹਨ, ਸਗੋਂ ਨਸ਼ਿਆਂ ਵਿਚ ਡੁੱਬੀ ਦੂਸਰੀ ਪੀੜ੍ਹੀ ਦੇ ਬਚਾਅ ਲਈ ਵੀ ਅਰਦਾਸਾਂ ਕਰਦੀਆਂ ਹਨ। ਇਨ੍ਹਾਂ ਵਿਧਵਾਵਾਂ ਦੀ ਰਿਹਾਇਸ਼ੀ ਕਲੋਨੀ ਦੇ ਹਜ਼ਾਰਾਂ ਨੌਜਵਾਨ ਬੇਰੁਜ਼ਗਾਰ ਹਨ, ਜਿਨ੍ਹਾਂ ਕਦੇ ਸਕੂਲ ਦਾ ਮੂੰਹ ਤੱਕ ਨਹੀਂ ਦੇਖਿਆ ਤੇ ਹੁਣ ਨਸ਼ਿਆਂ ਵਿਚ ਗਲਤਾਨ ਹੋਏ ਪਏ ਹਨ।

1984 ਦੇ ਸਿੱਖ ਸ਼ਹੀਦਾਂ ਦੀ ਯਾਦ ਵਿਚ ਧਾਰਮਿਕ ਸਮਾਗਮ ਵਿਚ ਹਿੱਸਾ ਲੈਣ ਆਈ ਮਾਈ ਭਾਗ ਕੌਰ ਦੱਸਦੀ ਹੈ ਕਿ ਪਹਿਲੀ ਪੀੜ੍ਹੀ 1984 ਵਿਚ ਲੁੱਟੀ ਗਈ ਤੇ ਅਗਲੀ ਨਸ਼ਿਆਂ ਨੇ ਪੱਟ ਸੁੱਟੀ। (ਪੰਜਾਬੀ ਟ੍ਰਿਬਿਊਨ)

ਬੰਗਲਾਦੇਸ਼ ਦੇ ਗੁਰਦੁਆਰਾ ਨਾਨਕਸ਼ਾਹੀ 'ਤੇ ਇਕ ਗ਼ੈਰ-ਸਿੱਖ ਵਲੋਂ ਕਬਜ਼ਾ

ਅੰਮ੍ਰਿਤਸਰ, 3 ਨਵੰਬਰ—ਬੰਗਲਾ ਦੇਸ਼ ਸਥਿਤ ਗੁਰਦੁਆਰਾ ਨਾਨਕਸ਼ਾਹੀ 'ਤੇ ਇਕ ਗ਼ੈਰ-ਸਿੱਖ ਅਤੇ ਗੈਰ ਬੰਗਲਾਦੇਸ਼ੀ ਨਾਗਰਿਕ ਵਲੋਂ ਇਹ ਗੁਰਦੁਆਰਾ ਸੰਗਤ ਦੇ ਦਰਸ਼ਨਾਂ ਲਈ ਬੰਦ ਕਰ ਦਿੱਤੇ ਜਾਣ ਕਾਰਨ ਚਿੰਤਤ ਸ਼੍ਰੋਮਣੀ ਕਮੇਟੀ ਨੇ ਇਸ ਮਾਮਲੇ ਵਿਚ ਭਾਰਤ ਸਰਕਾਰ ਦੇ ਘੱਟ-ਗਿਣਤੀ ਕਮਿਸ਼ਨ ਦੇ ਚੇਅਰਮੈਨ ਸ. ਤ੍ਰਿਲੋਚਨ ਸਿੰਘ ਨੂੰ ਇਸ ਮਾਮਲੇ ਵਿਚ ਬੰਗਲਾ ਦੇਸ਼ ਸਰਕਾਰ ਨਾਲ ਗੱਲਬਾਤ ਕਰਕੇ ਇਸ ਗੁਰਦੁਆਰੇ ਨੂੰ ਕਬਜ਼ਾ-ਮੁਕਤ ਕਰਵਾਉਣ ਲਈ ਕਿਹਾ। (ਅਜੀਤ)

ਸਰਗਰਮੀਆਂ

ਸਰਕਲ ਬੁਰਜ ਨਕਲੀਆਂ— ਸਰਕਲ ਵਲੋਂ 4-5-6 ਅਗਸਤ ਅਤੇ 12-13-14 ਸਤੰਬਰ ਨੂੰ ਪਿੰਡ ਵਜੀਦ-ਕੇ-ਖੁਰਦ ਵਿਖੇ ਧਾਰਮਿਕ ਦੀਵਾਨਾਂ ਤੇ ਸਟਾਲ ਲਗਾਏ ਗਏ ਅਤੇ ਸੰਗਤ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗਣ ਲਈ ਪ੍ਰੇਰਿਆ। ਇਨ੍ਹਾਂ ਦੀਵਾਨਾਂ ਤੇ 100 ਪ੍ਰਾਣੀ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ।

ਸਰਕਲ ਅਜਨਾਲਾ— ਸਰਕਲ ਵਲੋਂ 21 ਅਗਸਤ ਨੂੰ ਅਜਨਾਲਾ ਵਿਖੇ ਬੱਚਿਆਂ ਦੇ ਮੁਕਾਬਲੇ ਕਰਵਾਏ ਗਏ ਜਿਸ ਵਿਚ 20 ਸਕੂਲਾਂ ਦੇ ਬੱਚਿਆਂ ਨੇ ਭਾਗ ਲਿਆ। ਗੁਰਦੁਆਰਾ ਕਮੇਟੀ ਅਤੇ ਸੰਗਤਾਂ ਵਲੋਂ ਭਰਪੂਰ ਸਹਿਯੋਗ ਦਿੱਤਾ ਗਿਆ ਅਤੇ ਪ੍ਰੋਗਰਾਮ ਦੀ ਸਰਾਹਨਾ ਕੀਤੀ ਗਈ। ਪਹਿਲੀਆਂ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਬੱਚਿਆਂ ਨੂੰ ਇਨਾਮ ਦਿੱਤੇ ਗਏ।

ਸਰਕਲ ਇਸਮਾਈਲਬਾਦ— ਸਰਕਲ ਵਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਵਿਖੇ ਧਾਰਮਿਕ ਮੁਕਾਬਲੇ ਕਰਵਾਏ ਗਏ ਜਿਸ ਵਿਚ ਵੱਖ-ਵੱਖ ਸਕੂਲਾਂ ਦੇ ਬੱਚਿਆਂ ਨੇ ਭਾਗ ਲਿਆ। ਗੁਰਦੁਆਰਾ ਸਾਹਿਬ ਦੀ ਕਮੇਟੀ ਵਲੋਂ ਸਮੂਹ ਵਿਦਿਆਰਥੀਆਂ ਨੂੰ ਸਨਮਾਨ ਨਿਸ਼ਾਨੀ ਦਿੱਤੀ ਗਈ ਅਤੇ ਸਨਮਾਨਿਤ ਕੀਤਾ ਗਿਆ।

ਸਰਕਲ ਹਲਦਵਾਨੀ— ਸਰਕਲ ਦੇ ਇਸਤ੍ਰੀ ਵਿੰਗ ਵਲੋਂ 17 ਜੁਲਾਈ ਤੋਂ ਸਹਿਜ ਪਾਠ ਦੀ ਲੜੀ ਆਰੰਭ ਕੀਤੀ ਗਈ ਜਿਸ ਵਿਚ 25 ਬੀਬੀਆਂ ਨੇ ਸਹਿਜ ਪਾਠ ਆਰੰਭ ਕੀਤੇ। ਇਹ ਲੜੀ ਹਰ ਵੀਰਵਾਰ ਤੇ ਸ਼ੁੱਕਰਵਾਰ ਗੁਰਦੁਆਰਾ ਗੁਰੂ ਨਾਨਕ ਪੁਰਾ ਵਿਖੇ ਸਵੇਰੇ 11-15 ਤੋਂ 12-30 ਵਜੇ ਤੱਕ ਚਲਾਈ ਜਾ ਰਹੀ ਹੈ। 19 ਜੁਲਾਈ ਤੋਂ ਮਹੀਨੇ ਦੇ ਹਰ ਐਤਵਾਰ 3-30 ਤੋਂ 5-30 ਤੱਕ ਗੁਰਮਤਿ ਟ੍ਰੇਨਿੰਗ ਕੈਂਪ ਲਗਾਇਆ ਜਾ ਰਿਹਾ ਹੈ।

ਸਰਕਲ ਅਨੰਤਨਾਗ— ਸਰਕਲ ਵਲੋਂ ਰੰਬੇਰਪੁਰ ਵਿਖੇ ਸ. ਚਰਨ ਸਿੰਘ ਟ੍ਰਾਂਸਪੋਰਟਰ ਦੇ ਗ੍ਰਹਿ ਵਿਖੇ 28 ਅਗਸਤ ਨੂੰ ਗੁਰਮਤਿ ਸਮਾਗਮ ਕੀਤਾ ਗਿਆ ਜਿਸ ਦੀ ਸੰਗਤ ਵਲੋਂ ਬਹੁਤ ਸਰਾਹਨਾ ਕੀਤੀ ਗਈ। ਸ. ਚਰਨ ਸਿੰਘ ਜੀ ਵਲੋਂ ਧਰਮ ਪ੍ਰਚਾਰ ਲਈ ਕਾਲਜ ਨੂੰ 1000/- ਰੁਪਏ ਸਹਾਇਤਾ ਦਿੱਤੀ ਗਈ।

ਸਰਕਲ ਫਤਹਿਗੜ੍ਹ ਸਾਹਿਬ— ਸਰਕਲ ਵਲੋਂ 17-9-2005 ਅਤੇ 24-9-2005 ਨੂੰ ਕ੍ਰਮਵਾਰ ਪਿੰਡ ਦਮਹੇੜੀ ਅਤੇ ਪਿੰਡ ਫਤਹਿਪੁਰ ਰਾਈਆ ਵਿਖੇ ਗੁਰਮਤਿ ਸਮਾਗਮ ਕੀਤੇ ਗਏ ਜਿਸ ਵਿਚ ਕਥਾ, ਕੀਰਤਨ ਅਤੇ ਲੈਕਚਰ ਦੇ ਪ੍ਰੋਗਰਾਮ ਦਿੱਤੇ ਗਏ। ਸੰਗਤਾਂ ਵਲੋਂ ਸਮਾਗਮਾਂ ਦੀ ਭਰਪੂਰ ਸ਼ਲਾਘਾ ਕੀਤੀ ਗਈ ਅਤੇ ਅਜਿਹੇ ਸਮਾਗਮ ਅੱਗੇ ਤੋਂ ਵੀ ਕਰਨ ਲਈ ਬੇਨਤੀ ਕੀਤੀ ਗਈ।

ਅਕਤੂਬਰ ਮਹੀਨੇ ਵਿਚ ਸਰਕਲ ਵਲੋਂ 8-10-2005 ਅਤੇ 15-10-2005 ਨੂੰ ਪਿੰਡ ਦੇਦੜਾਂ ਅਤੇ ਪਿੰਡ ਬਹੇੜੂ ਵਿਖੇ ਗੁਰਮਤਿ ਸਮਾਗਮ ਕੀਤੇ ਗਏ ਜਿਸ ਵਿਚ ਮਿਸ਼ਨਰੀ ਵੀਰਾਂ ਵਲੋਂ ਕਥਾ, ਕੀਰਤਨ ਅਤੇ ਲੈਕਚਰ ਦੇ ਪ੍ਰੋਗਰਾਮ ਦਿੱਤੇ ਗਏ ਅਤੇ ਕਾਲਜ ਦੇ ਪ੍ਰੋਜੈਕਟਾਂ ਬਾਰੇ ਜਾਣਕਾਰੀ ਦਿੱਤੀ ਗਈ।

ਸਰਕਲ ਨੂਰਪੁਰ ਬੇਦੀ— ਸਰਕਲ ਵਲੋਂ ਗੁਰਦੁਆਰਾ ਸ਼ਹੀਦਾਂ ਪਿੰਡ ਰਾਏਪੁਰ ਮੁੰਨੇ ਵਿਖੇ 7-ਰੋਜ਼ਾ ਸ਼ੁੱਧ ਗੁਰਬਾਣੀ ਉਚਾਰਨ ਅਤੇ ਗੁਰਮਤਿ ਟ੍ਰੇਨਿੰਗ ਕੈਂਪ ਲਾਇਆ ਗਿਆ ਜਿਸ ਵਿਚ 200 ਦੇ ਕਰੀਬ ਬੱਚਿਆਂ, ਨੌਜਵਾਨਾਂ ਅਤੇ ਬਜ਼ੁਰਗਾਂ ਨੇ ਭਾਗ ਲਿਆ। ਸਮਾਪਤੀ ਤੇ ਗੁਰਮਤਿ ਸਮਾਗਮ ਕੀਤਾ ਗਿਆ ਜਿਸ ਵਿਚ ਭਾਗ ਲੈਣ ਵਾਲਿਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ।

ਮਿਸ਼ਨਰੀ ਵੀਰ ਦਾ ਵਿਛੋੜਾ

ਸ. ਗੁਰਜੀਤ ਸਿੰਘ ਸਪੁੱਤਰ ਸ. ਸਵਿੰਦਰ ਸਿੰਘ ਮਿਸ਼ਨਰੀ ਪਿੰਡ ਰਾਜਾਸਾਂਸੀ, (ਸਰਕਲ ਛੇਹਰਟਾ) ਦੇ ਮਿਸ਼ਨਰੀ ਵੀਰ ਕੁਝ ਸਮਾਂ ਪਹਿਲਾਂ ਟੀ.ਵੀ. ਕੇਬਲ ਦੀ ਤਾਰ ਵਿਚ ਕਰੰਟ ਲੱਗਣ ਕਾਰਨ ਅਕਾਲ ਚਲਾਣਾ ਕਰ ਗਏ ਸਨ। ਆਪ ਧਰਮ ਪ੍ਰਚਾਰ ਦੀ ਸੇਵਾ ਬਹੁਤ ਲਗਨ ਅਤੇ ਉਤਸ਼ਾਹ ਨਾਲ ਕਰਦੇ ਸਨ ਅਤੇ ਕਾਲਜ ਦੇ ਹਰ ਪ੍ਰੋਗਰਾਮ ਵਿਚ ਨਿਯਮਿਤ ਤੌਰ ਤੇ ਹਿੱਸਾ ਲੈਂਦੇ ਸਨ। ਸਤਿਗੁਰੂ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

ਨਵੀਂ ਕਲਮ

ਸਿੱਖ ਪੰਥ ਦੀ ਉਸਾਰੀ ਵਿਚ ਬੀਬੀਆਂ ਦਾ ਯੋਗਦਾਨ

✍ ਬੀਬੀ ਰਜਿੰਦਰ ਕੌਰ 'ਖਾਲਸਾ', ਲੁਧਿਆਣਾ

ਸਿੱਖੀ ਦਾ ਮਹਾਨ ਗੌਰਵਮਈ ਵਿਰਸਾ ਇਸਤਰੀ ਜਾਤੀ ਦੇ ਬਲੀਦਾਨ, ਤਪ, ਤਿਆਗ, ਰੂਹਾਨੀਅਤ, ਪਿਆਰ, ਸੇਵਾ-ਸਿਮਰਨ ਅਤੇ ਪੰਥ ਦੀ ਚੜ੍ਹਦੀ ਕਲਾ ਲਈ ਕੀਤੀਆਂ ਜਾਂਦੀਆਂ ਬੇਮਿਸਾਲ ਅਤੇ ਬੇਅੰਤ ਕੁਰਬਾਨੀਆਂ ਦੀ ਦਾਸਤਾਨ ਹੈ। ਸਦੀਆਂ ਤੋਂ ਲਤਾੜੀ-ਕੁਚਲੀ ਜਾਂਦੀ ਔਰਤ ਦੇ ਹੱਕ ਵਿਚ ਆਵਾਜ਼ ਬੁਲੰਦ ਕਰਨ ਵਾਲੇ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਸਨ। ਉਨ੍ਹਾਂ ਲੋਕਾਂ ਨੂੰ ਸਮਝਾਇਆ ਕਿ ਮਨੁੱਖ ਇਸਤਰੀ ਤੋਂ ਜਨਮ ਲੈਂਦਾ ਤੇ ਫਿਰ ਇਸਤਰੀ ਨਾਲ ਹੀ ਵਿਆਹਿਆ ਜਾਂਦਾ ਹੈ। ਇਸਤਰੀ ਬਚਪਨ ਵਿਚ ਮਾਂ ਦੇ ਰੂਪ ਵਿਚ, ਫਿਰ ਭੈਣ ਦੇ ਰੂਪ ਵਿਚ, ਅੰਤ ਵਹੁਟੀ ਦੇ ਰੂਪ ਵਿਚ, ਧੀ ਦੇ ਰੂਪ ਵਿਚ ਜ਼ਿੰਦਗੀ ਦੇ ਆਖ਼ਰੀ ਪੜਾਅ ਤੱਕ ਸਹਾਈ ਹੁੰਦੀ ਹੈ। ਇਸੇ ਇਸਤਰੀ ਰਾਹੀਂ ਸਾਡੀ ਹੋਰਨਾਂ ਨਾਲ ਰਿਸ਼ਤੇਦਾਰੀ ਬਣਦੀ ਹੈ ਤੇ ਜਿਸ ਔਰਤ ਨੇ ਰਾਜਿਆਂ, ਭਗਤਾਂ, ਪੀਰਾਂ-ਪੈਗੰਬਰਾਂ ਨੂੰ ਜਨਮ ਦਿੱਤਾ ਉਸ ਨੂੰ ਮੰਦਾ ਨਹੀਂ ਆਖਿਆ ਜਾ ਸਕਦਾ :

ਭੰਡਿ ਜੰਮੀਐ, ਭੰਡਿ ਨਿੰਮੀਐ,
ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ
ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ
ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ
ਜਿਤੁ ਜੰਮਹਿ ਰਾਜਾਨ॥ *(੪੭੩)*

ਸਿੱਖ ਪੰਥ ਨੂੰ ਚੜ੍ਹਦੀ ਕਲਾ ਵਿਚ ਰੱਖਣ (ਲਿਜਾਣ) ਲਈ ਔਰਤਾਂ ਦਾ ਬੇਹੱਦ ਯੋਗਦਾਨ ਹੈ। ਸਿੱਖ ਪੰਥ ਦੀ ਪਹਿਲੀ ਬੀਬੀ **ਬੇਬੇ ਨਾਨਕੀ** ਹੈ ਜਿਸ ਨੂੰ ਸਾਰੇ ਪੰਥ ਦੀ ਭੈਣ ਦਾ ਮਾਣ ਹਾਸਲ ਹੋਇਆ ਹੈ। ਬੇਬੇ ਨਾਨਕੀ ਜੋ ਗੁਰੂ ਨਾਨਕ ਦੇਵ ਜੀ ਦੀ ਵੱਡੀ ਭੈਣ ਸੀ। ਜਿਸ ਨੇ ਗੁਰੂ ਜੀ ਦਾ ਮਿਸ਼ਨ ਪੂਰਾ ਕਰਨ ਵਿਚ ਵੱਡਮੁੱਲਾ ਯੋਗਦਾਨ ਪਾਇਆ। ਗੁਰੂ ਅੰਗਦ ਦੇਵ ਜੀ ਦੀ ਸੁਪਤਨੀ **ਮਾਤਾ ਖੀਵੀ ਜੀ** ਨੇ ਘਰ ਦੀ ਚਾਰ ਦੀਵਾਰੀ ਵਿਚੋਂ ਬਾਹਰ ਨਿਕਲ ਕੇ ਨਾ ਸਿਰਫ਼ ਔਰਤ ਜਾਤੀ ਨੂੰ ਸੁਤੰਤਰ ਕਰਨ ਦੀ ਪਹਿਲ ਕੀਤੀ ਸਗੋਂ ਗੁਰੂ ਜੀ ਦੁਆਰਾ ਚਲਾਈ ਲੰਗਰ ਪ੍ਰਥਾ ਨੂੰ ਬੜੇ ਸੋਹਣੇ ਢੰਗ ਨਾਲ ਚਲਾਇਆ। ਸਿੱਖ ਇਤਿਹਾਸ ਵਿਚ ਕੇਵਲ ਇਕ ਹੀ ਇਸਤਰੀ 'ਮਾਤਾ ਖੀਵੀ ਜੀ' ਹਨ ਜਿਨ੍ਹਾਂ ਦਾ ਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ :

ਬਲਵੰਡ, ਖੀਵੀ ਨੇਕ ਜਨ,
ਜਿਸੁ ਬਹੁਤੀ ਛਾਉ ਪਤ੍ਰਾਲੀ॥
ਲੰਗਰਿ ਦਉਲਤਿ ਵੰਡੀਐ,
ਰਸੁ ਅੰਮ੍ਰਿਤੁ ਖੀਰਿ ਘਿਆਲੀ॥
(ਰਾਮਕਲੀ ਕੀ ਵਾਰ-੯੬੭)

(**ਜਨ**—ਜ਼ਨ (ਫ਼ਾਰਸੀ) ਔਰਤ। ਛਾਉ—ਛਾਂ। **ਪਤ੍ਰਾਲੀ**—ਪੱਤਿਆਂ ਵਾਲੀ, ਸੰਘਣੀ)।

ਮਾਤਾ ਖੀਵੀ ਜੀ ਤੋਂ ਮਗਰੋਂ **ਬੀਬੀ ਅਮਰੋ** ਜੀ ਦਾ ਨਾਂ ਆਉਂਦਾ ਹੈ ਜੋ ਕਿ ਮਾਤਾ ਖੀਵੀ ਜੀ ਦੀ ਸਿਖਿਆ (ਛਤਰ ਛਾਇਆ ਹੇਠ) ਤੇ ਸੰਗਤ ਸਦਕਾ ਸਿੱਖ ਪੰਥ ਦੀ ਪਹਿਲੀ ਪ੍ਰਚਾਰਕ ਬਣੀ।

ਗੁਰੂ ਅਰਜਨ ਦੇਵ ਜੀ ਦੀ ਜਨਮਦਾਤੀ **ਬੀਬੀ ਭਾਨੀ ਜੀ** ਜਿਨ੍ਹਾਂ ਦਾ ਕਿ ਸਾਰਾ ਸਰਬੰਸ ਸ਼ਹੀਦ ਹੋਇਆ। ਕਿਸ-ਕਿਸ ਦਾ ਨਾਮ ਲਈਏ—ਪਤੀ ਸ਼ਹੀਦ, ਪੁੱਤਰ ਸ਼ਹੀਦ, ਪੋਤਰੇ ਸ਼ਹੀਦ। ਇਸੇ ਕਰਕੇ ਉਨ੍ਹਾਂ ਨੂੰ ਸਿੱਖ ਧਰਮ ਵਿਚ ਪਹਿਲੀ ਸ਼ਹੀਦ ਦੀ ਪਤਨੀ, ਸ਼ਹੀਦ ਮਾਤਾ, ਸ਼ਹੀਦ ਦੀ ਦਾਦੀ ਕਹਾਉਣ ਦਾ ਮਾਣ ਹਾਸਲ ਹੋਇਆ। **ਮਾਤਾ ਗੁਜਰੀ ਜੀ**, ਗੁਰੂ ਗੋਬਿੰਦ ਸਿੰਘ ਜੀ ਦੀ ਮਾਤਾ ਤੇ ਗੁਰੂ ਤੇਗ ਬਹਾਦਰ ਸਾਹਿਬ ਦੀ ਸੁਪਤਨੀ ਜਿਨ੍ਹਾਂ ਨੂੰ **'ਪਹਿਲੀ ਸ਼ਹੀਦ'** (ਇਸਤਰੀ) ਹੋਣ ਦਾ ਮਾਣ ਹਾਸਲ ਹੈ। ਧਰਮ ਤੇ ਕੌਮ ਖਾਤਰ ਆਪਣਾ ਸਰਬੰਸ ਵਾਰ ਦੇਣ ਦਾ ਜਿਗਰਾ ਰੱਖਣ ਵਾਲੀ ਮਾਤਾ ਗੁਜਰੀ ਹੀ ਹਨ, ਨਹੀਂ ਤਾਂ ਕਿਹੜੀ ਮਾਂ ਹੈ ਜਿਸਨੇ (ਸਰਬੰਸ) ਹੀਰੇ ਵਰਗੇ ਪੋਤਰਿਆਂ ਨੂੰ ਹੱਸ ਕੇ ਕੌਮ ਤੋਂ ਨਿਛਾਵਰ ਹੋਣ ਲਈ ਤੋਰ ਦਿੱਤਾ ਹੋਵੇ। ਗੁਰੂ ਸਾਹਿਬ ਜੇਕਰ ਇਸਤਰੀ ਦੇ ਹੱਕ ਵਿਚ ਆਵਾਜ਼ ਨਾ ਉਠਾਉਂਦੇ ਤਾਂ ਸ਼ਾਇਦ ਸਾਡੀ (ਬੀਬੀਆਂ ਦੀ) ਹਾਲਤ ਮਰਦ ਦੇ ਹੱਥ ਦੀ ਕਠਪੁਤਲੀ ਤੋਂ ਵੱਧ ਕੁਝ ਨਾ ਹੁੰਦੀ। ਕਲਗੀਧਰ ਪਿਤਾ ਨੇ ਖੰਡੇ ਬਾਟੇ ਦਾ ਅੰਮ੍ਰਿਤ ਛਕਾਉਣ ਸਮੇਂ ਬੀਬੀਆਂ ਨੂੰ ਵੀ ਸਿੰਘਾਂ ਦੇ ਨਾਲ ਬੈਠ ਕੇ ਅੰਮ੍ਰਿਤਪਾਨ ਕਰਨ ਲਈ ਕਿਹਾ ਤੇ ਖਾਲਸਾ ਪੰਥ ਦੀ ਮਾਤਾ ਦਾ ਦਰਜਾ **ਮਾਤਾ ਸਾਹਿਬ ਕੌਰ** ਨੂੰ ਬਖ਼ਸ਼ ਕੇ ਗੁਰੂ ਜੀ ਨੇ ਜੋ ਮਾਣ ਸਿੱਖ ਇਸਤਰੀ ਨੂੰ ਬਖ਼ਸ਼ਿਆ ਹੈ ਉਹ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਇਸੇ ਬਖ਼ਸ਼ਸ਼ ਨੂੰ ਨਾ ਭੁਲਾਉਂਦੇ ਹੋਏ ਪੁਰਾਤਨ ਸਿੱਖ ਬੀਬੀਆਂ ਨੇ ਸਿੱਖ ਮਰਦਾਂ ਦੇ ਬਰਾਬਰ ਜੰਗਾਂ-ਯੁੱਧਾਂ ਵਿਚ ਜੂਝ ਕੇ, ਸ਼ਹੀਦੀਆਂ ਪ੍ਰਾਪਤ ਕਰਕੇ ਸਾਬਤ ਕਰ ਦਿੱਤਾ ਕਿ ਜੇਕਰ ਸਿੱਖ ਪੰਥਕ ਆਗੂਆਂ ਨੇ ਉਹਨਾਂ ਨੂੰ ਮਾਣ ਬਖ਼ਸ਼ਿਆ ਹੈ ਤਾਂ ਉਹ ਭੀੜ ਪੈਣ ਤੇ ਪੰਥ (ਕੌਮ) ਲਈ ਕੁਰਬਾਨੀ ਦੇਣ ਤੋਂ ਪਿਛੇ ਨਹੀਂ ਹਟਣਗੀਆਂ ਸਗੋਂ ਮਰਦਾਂ ਵਾਂਗ ਹੀ ਧਰਮ ਲਈ ਅਸਹਿ ਤੇ ਅਕਹਿ ਕਸ਼ਟ ਸਹਾਰ ਕੇ ਸਿੱਖੀ ਸਿਦਕ ਨਿਭਾ ਜਾਣਗੀਆਂ।

ਪਰ ਜਦੋਂ ਅੱਜ ਦੀਆਂ ਇਸਤਰੀਆਂ ਦੀ ਹਾਲਤ ਦੇਖੀਦੀ ਹੈ ਤਾਂ ਅੱਖਾਂ ਅੱਥਰੂਆਂ ਨਾਲ ਭਰ ਆਉਂਦੀਆਂ ਹਨ ਕਿ ਇਕ **ਮਹਾਰਾਣੀ ਜਿੰਦ ਕੌਰ** ਸੀ ਜਿਸ ਦੀ ਇਕ ਮੁਲਾਕਾਤ (ਸਿਖਿਆ) ਨੇ ਹੀ ਦਲੀਪ ਸਿੰਘ ਦੇ ਉਪਰ ਸਾਲਾਂ ਤੋਂ ਪਏ ਅੰਗ੍ਰੇਜ਼ੀ ਪਰਵਰਿਸ਼ ਤੇ ਇਸਾਈ ਵਾਤਾਵਰਤਨ ਦੇ ਪ੍ਰਭਾਵ ਨੂੰ ਹੂੰਝਾ ਫੇਰ ਦਿੱਤਾ ਤੇ ਮਾਂ ਦੀ ਆਵਾਜ਼ ਦਾ ਦਲੀਪ

ਸਿੰਘ ਉਪਰ ਇੰਨਾ ਅਸਰ ਹੋਇਆ ਕਿ ਉਸ ਨੇ 25 ਮਈ 1886 ਨੂੰ ਅੰਮ੍ਰਿਤ ਛਕ ਲਿਆ। ਪਰ ਅੱਜ ਇਸਤਰੀਆਂ ਆਪਣੇ ਪਰਿਵਾਰਾਂ/ਘਰਾਂ ਵਿਚ ਹੀ ਸਿੱਖੀ ਕਾਇਮ ਰੱਖਣ ਵਿਚ ਅਸਮਰਥ ਹੁੰਦੀਆਂ ਜਾ ਰਹੀਆਂ ਹਨ। ਇਸ ਦੀਆਂ ਜ਼ਿੰਮੇਵਾਰ ਵੀ ਕਿਸੇ ਹੱਦ ਤੱਕ ਉਹ ਖੁਦ ਹੀ ਹਨ।

ਕਿਸੇ ਧਰਮ ਦੇ ਭਵਿੱਖ ਦੀ ਜ਼ਿੰਮੇਵਾਰ ਮਾਂ ਦੀ ਦਿੱਤੀ ਬਚਪਨ ਦੀ ਸਿਖਿਆ ਹੀ ਹੁੰਦੀ ਹੈ ਕਿਉਂਕਿ ਮਾਂ ਬੱਚੇ ਦਾ ਪਹਿਲਾ ਅਧਿਆਪਕ ਹੈ, ਜਿਥੋਂ ਕਿ ਬੱਚੇ ਨੂੰ ਦਿਸ਼ਾ ਮਿਲਦੀ ਹੈ। ਮਨੁੱਖ ਦੇ ਜੀਵਨ ਨੂੰ ਸੰਵਾਰਨ ਤੇ ਸ਼ਖਸੀਅਤ ਨੂੰ ਨਿਖਾਰਨ ਵਿਚ ਮਾਂ ਦਾ ਵੱਡਮੁੱਲਾ ਯੋਗਦਾਨ ਹੈ। ਬਚਪਨ ਤੋਂ ਹੀ ਜੇਕਰ ਬੱਚੇ ਨੂੰ ਸਿੱਖੀ ਦੀ ਜਾਗ ਲਗਾਈ ਜਾਵੇ ਤਾਂ ਸ਼ਾਇਦ ਕਦੇ ਸਿੱਖੀ ਦੀ ਇਸ ਸਪਿਰਟ ਨੂੰ ਕੋਈ ਹੋਰ ਧਰਮ ਆਪਣੇ ਵੱਲ ਆਕਰਸ਼ਿਤ ਨਹੀਂ ਕਰ ਸਕੇਗਾ। ਕਿਸੇ ਫਸਲ ਦੀ ਉਪਜ ਵਾਸਤੇ ਅਨੁਕੂਲ ਪੌਣ-ਪਾਣੀ, ਧੁੱਪ-ਛਾਂ ਦੀ ਲੋੜ ਹੁੰਦੀ ਹੈ, ਨਹੀਂ ਤਾਂ ਪੌਦਾ ਸਹੀ ਫਲ ਤੇ ਫੁੱਲ ਨਹੀਂ ਦਿੰਦਾ, ਇਸੇ ਤਰ੍ਹਾਂ ਧਰਮ ਨੂੰ ਵਧਣ-ਫੁੱਲਣ ਲਈ ਤੇ ਬੱਚਿਆਂ ਨੂੰ ਧਰਮ ਵਿਚ ਦ੍ਰਿੜ ਰੱਖਣ ਲਈ ਘਰਾਂ ਦਾ ਵਾਤਾਵਰਨ, ਰੋਜ਼ਾਨਾ ਜੀਵਨ ਜਿਉਣ ਦਾ ਢੰਗ, ਗੁਰਮਤਿ ਅਨੁਸਾਰ ਹੋਣਾ ਲਾਜ਼ਮੀ ਹੈ।

ਇਹ ਅਜ਼ਮਾਈ ਹੋਈ ਗੱਲ ਹੈ ਕਿ ਜੇ ਬਚਪਨ ਵਿਚ ਗੁਰਸਿੱਖੀ ਦਾ ਰੰਗ ਚੜ੍ਹਿਆ ਹੋਵੇ ਤਾਂ ਜੇ ਵੱਡੇ ਹੋ ਕੇ ਕੁਸੰਗਤ ਮਿਲ ਵੀ ਜਾਏ ਤਾਂ ਬੱਚਾ ਦ੍ਰਿੜ੍ਹ ਰਹਿੰਦਾ ਹੈ, ਉਹ ਖੁਦ ਬਦਲਣ ਦੀ ਬਜਾਏ ਦੂਸਰਿਆਂ ਨੂੰ ਵੀ ਪ੍ਰੇਰ ਕੇ ਸਿੱਖੀ ਵਿਚ ਲੈ ਆਉਂਦਾ ਹੈ।

ਸਿੱਖ ਇਸਤਰੀ ਦੇ ਹੱਥ ਵਿਚ ਕੌਮ ਦਾ ਭਵਿੱਖ ਹੈ। ਇਸੇ ਕਰਕੇ ਇਸਤਰੀਆਂ ਨੂੰ ਚਾਹੀਦਾ ਹੈ ਕਿ ਫੈਸ਼ਨ ਪ੍ਰਸਤੀ ਨੂੰ ਛੱਡ ਕੇ ਆਪਣੇ ਅੰਦਰਲੇ ਗੁਣਾਂ ਸ਼ਹਿਸ਼ੀਲਤਾ, ਦਇਆ, ਹਮਦਰਦੀ ਆਦਿ ਨੂੰ ਸੰਭਾਲਣ ਤਾਂ ਜੋ ਕੌਮ ਦਾ ਭਵਿੱਖ ਅੰਧੇਰੇ ਰਾਹੋਂ ਪੈਣ ਤੋਂ ਬਚਾਇਆ ਜਾ ਸਕੇ।

ਅੱਜ ਅਸੀਂ ਦੇਖਦੇ ਹਾਂ ਕਿ ਔਰਤ ਕਿਸੇ ਵੀ ਪਾਸਿਓਂ ਮਰਦ ਨਾਲੋਂ ਘੱਟ ਨਹੀਂ ਹੈ। ਇਸ ਲਈ ਉਹ ਜੀਵਨ ਦੇ ਹਰ ਖੇਤਰ ਵਿਚ ਮਰਦਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਉਸਾਰੂ ਸਮਾਜ ਸਿਰਜਣ ਵਿਚ ਯੋਗਦਾਨ ਪਾ ਸਕਦੀ ਹੈ। ਇਸ ਮੰਤਵ ਨੂੰ ਪੂਰਾ ਕਰਨ ਲਈ ਇਸਤਰੀਆਂ ਨੂੰ ਨਾਮ ਬਾਣੀ ਦਾ ਅਭਿਆਸ ਕਰਨਾ ਚਾਹੀਦਾ ਹੈ, ਇਸ ਸਦਕਾ ਨਿਰਭੈਤਾ, ਨਿਰਵੈਰਤਾ, ਦ੍ਰਿੜ੍ਹਤਾ ਤੇ ਪਰਉਪਕਾਰ ਜਿਹੇ ਗੁਣ ਆਪੇ ਹੀ ਮਨ ਵਿਚ ਆ ਨਿਵਾਸ ਕਰਨਗੇ। ਜੇਕਰ ਅਜਿਹਾ ਨਾ ਕੀਤਾ ਗਿਆ ਤਾਂ ਉਹ ਦਿਨ ਦੂਰ ਨਹੀਂ ਜਦੋਂ ਔਰਤ ਦੀ ਦਸ਼ਾ ਪਹਿਲਾਂ ਨਾਲੋਂ ਵੀ ਬਦਤਰ ਹੋਵੇਗੀ ਤੇ ਉਸ ਨੂੰ ਮਰਦ ਦੇ ਮਨ-ਪ੍ਰਚਾਵੇ ਦੇ ਸਾਧਨ ਤੋਂ ਸਿਵਾਏ ਕੁਝ ਵੀ ਨਹੀਂ ਸਮਝਿਆ ਜਾਵੇਗਾ।

ਸੋ, ਆਪਣੀ ਸੁਤੰਤਰਤਾ ਕਾਇਮ ਰੱਖਣ ਤੇ ਕੌਮ ਦਾ ਭਵਿੱਖ ਉਜਲਾ ਕਰਨ ਲਈ, ਨੌਜੁਆਨ ਪੀੜ੍ਹੀ ਨੂੰ ਗਲਤ ਰਾਹੇ ਪੈਣ ਤੋਂ ਵਰਜਣ ਤੋਂ ਪਹਿਲਾਂ ਬੀਬੀਆਂ ਨੂੰ ਖੁਦ ਆਪਣੇ ਅੰਦਰ ਝਾਤ ਪਾਉਣੀ ਪਵੇਗੀ ਤੇ ਖੁਦ ਨੂੰ ਬਿਊਟੀ-ਪਾਰਲਰ ਤੇ ਜਾ ਕੇ ਕੇਸਾਂ ਦੀ, ਰੋਮਾਂ ਦੀ ਬੇਅਦਬੀ ਤੋਂ ਪਿਛੇ ਹਟਣਾ ਪਵੇਗਾ, ਤਾਂ ਹੀ ਉਨ੍ਹਾਂ ਦੇ ਬੱਚੇ ਸਾਬਤ-ਸੂਰਤ ਰਹਿ ਸਕਣਗੇ। ਜੇਕਰ ਮਾਵਾਂ ਨੂੰ ਦੇਖ ਕੇ ਉਹ ਵੀ ਕੇਸ ਕਤਲ ਕਰਵਾ, ਆਪਣੇ ਵਿਰਸੇ ਨੂੰ ਤਿਲਾਂਜਲੀ ਦੇ ਰਹੇ ਹਨ ਤਾਂ ਇਸ ਵਿਚ ਉਨ੍ਹਾਂ ਦਾ ਕੀ ਕਸੂਰ?

ਸੋ, ਆਓ ਸਾਰੇ ਰਲ-ਮਿਲ ਕੇ ਯਤਨ ਕਰੀਏ ਤੇ ਗੁਰੂ ਸਾਹਿਬਾਨ ਦੇ ਪਰਉਪਕਾਰਾਂ ਨੂੰ ਭੁਲਾ ਕੇ ਅਕ੍ਰਿਤਘਣ ਬਣਨ ਦੀ ਬਜਾਏ, ਮਾਈ ਭਾਗੋ ਵਾਂਗ ਆਪਣੇ ਬੱਚਿਆਂ ਨੂੰ, ਪਤੀਆਂ ਨੂੰ ਜੋ ਸਿੱਖੀ ਤੋਂ ਦੂਰ ਜਾ ਰਹੇ ਹਨ ਵੰਗਾਰ ਕੇ ਸਿੱਖੀ ਦੇ ਰਾਹ ਵਾਪਿਸ ਲੈ ਆਈਏ। •

ਲਘੂ ਕਥਾ

ਸੂਤਕ

"ਵੇ ਪੁੱਤ ਬਿੰਦਿਆ! ਆਹ ਗੜਵੀ ਲੈ ਤੇ ਨਲਕੇ ਤੋਂ ਪਾਣੀ ਭਰ ਕੇ ਗੁਰਦੁਆਰੇ ਦੇ ਭਾਈ ਕੋਲੋਂ ਜਲ ਕਰਾ ਲਿਆ।" ਮਾਂ ਨੇ ਪੁੱਤ ਨੂੰ ਕਿਹਾ।

"ਕਿਉਂ ਮਾਂ?" ਪੁੱਤ ਨੇ ਸਵਾਲ ਕੀਤਾ।

"ਅੱਜ ਸੂਰਜ ਗ੍ਰਹਿਣ ਲੱਗਾ ਹੈ ਤੇ ਘਰ ਨੂੰ ਸੂਤਕ ਲੱਗ ਗਿਆ ਹੈ। ਘਰ ਵਿਚ ਜਲ ਦੇ ਛਿੱਟੇ ਮਾਰਨੇ ਹਨ ਤਾਂ ਕਿ ਪਵਿੱਤਰ ਹੋ ਜਾਵੇ।" ਮਾਂ ਨੇ ਕਿਹਾ।

"ਸੂਤਕ? ਮਾਂ ਇਹ ਸੂਤਕ ਕੀ ਹੁੰਦਾ ਹੈ? ਸੂਰਜ ਗ੍ਰਹਿਣ ਤੋਂ ਇਲਾਵਾ ਹੋਰ ਵੀ ਕਿਸੇ ਨਾਲ ਸੂਤਕ ਲੱਗ ਜਾਂਦਾ ਹੈ?" ਬਿੰਦੇ ਨੇ ਮਾਂ ਨੂੰ ਸਵਾਲ ਕੀਤਾ।

"ਹਾਂ! ਲਗਦਾ ਹੈ—ਜਨਮ ਲੈਣ ਨਾਲ, ਮਰਨ ਹੋਣ ਤੇ ਮੈਂ ਤਾਂ ਏਨਾ ਕੁ ਜਾਣਦੀ ਹਾਂ।" ਮਾਂ ਨੇ ਕਿਹਾ।

"ਪਰ ਆਸਾ ਕੀ ਵਾਰ ਵਿਚ ਅਸੀਂ ਰੋਜ਼ ਪੜ੍ਹਦੇ ਹਾਂ "**ਸਭੋ ਸੂਤਕੁ ਭਰਮੁ ਹੈ** (ਪੰਨਾ ੪੭੨-੭੩) ਫਿਰ ਇਹ ਭਰਮ ਕਿਉਂ? ਪਰ ਮਾਂ ਜੇ ਜਨਮ ਲੈਣ ਨਾਲ ਸੂਤਕ ਹੋ ਜਾਂਦਾ ਹੈ ਤਾਂ ਫਿਰ ਜਨਮ ਕਿਉਂ? ਚਲੋ ਜੇ ਸੂਰਜ ਗ੍ਰਹਿਣ ਨਾਲ ਸੂਤਕ ਲੱਗ ਵੀ ਗਿਆ ਤਾਂ ਪਾਣੀ ਇਸ ਸੂਤਕ ਤੋਂ ਕਿਵੇਂ ਬਚਿਆ ਰਹਿ ਸਕਦਾ ਹੈ? ਸੂਤਕ ਲੱਗਣ ਨਾਲ ਤਾਂ ਹਰ ਵਸਤੂ ਹੀ ਅਸ਼ੁਭ ਹੋ ਗਈ; ਫਿਰ ਮੰਤਰ ਫੂਕ ਕੇ ਕੀਤਾ ਜਲ ਕਿਵੇਂ ਪਵਿੱਤਰ ਹੋ ਗਿਆ?"

ਪੁੱਤ ਦੇ ਕੀਤੇ ਸਵਾਲਾਂ ਅੱਗੇ ਮਾਂ ਦੀਆਂ ਅੱਖਾਂ ਖੁਲ੍ਹ ਗਈਆਂ ਤੇ ਉਹ ਸੋਚਣ ਲੱਗੀ ਕਿ ਕਿਵੇਂ ਅਗਿਆਨਤਾ ਵੱਸ ਅਸੀਂ ਅਜਿਹੇ ਕਰਮ ਕਰਦੇ ਜਾ ਰਹੇ ਹਾਂ ਜਿਨ੍ਹਾਂ ਦਾ ਸਾਡੇ ਜੀਵਨ ਨਾਲ ਕੋਈ ਵਾਸਤਾ ਹੀ ਨਹੀਂ।

—ਸ: ਗੁਰਪ੍ਰੀਤ ਸਿੰਘ, ਏ-145, ਤਾਰਾ ਨਗਰ, ਝੋਤਵਾੜਾ, ਜੈਪੁਰ-302012

CONCERN FOR THE POOR IN SIKHISM

Bibi Jasbir Kaur

Guru Nanak Dev Ji, the founder of the Sikh religion was born at Talwandi, a town near Lahore, in 1469 AD. He was born at a time when ethical values had disappeared from society and falsehood was reigning supreme. Brahmins (Hindu priests) and Mulla (Muslim priests) had both forgotten their holy books, had given up their duties and were fascinated by the devil. People had become selfish, narrow-minded and cynical. Under the spell of the ego, they never thought of the welfare of the weaker sections of society, the poor and the suffering.

In such a situation, Guru Nanak Dev Ji showed the Way to all and bestowed peace upon the Sikhs and protected them. By his teachings, the depressed and oppressed people picked up courage and strength to stand on their own feet against social evils. 'He belonged to the higher classes but fraternized with and reformend, the lowly and the lost in the Hindu Society."[1] He sang the Gospel of Truth, universal love and brotherhood of man.

No religion can be complete without an effective theology for the welfare of the poor, the needy and the suffering humanity, as well as for all creatures of God. Guru Nanak Dev Ji said : 'Nakak seeks the company of the lowly and the lowest of the low born; for, emulation of the high born is not his ambition. Where the weak are cared for, there does Thy grace flow.[2]

The teachings of Guru Nanak Dev Ji relate most to the spiritual uplift of mankind, social goodwill and under standing among people of different castes and creeds, based on the common brotherhood of man and fatherhood of God. His concept of the Supreme Being is of a universal, all embracing, all proweful, all knowing, all merciful and ever kind, eternal God.

Guru Nanak Dev Ji did not recognize any distinction between the high and the low castes, the rich and the poor, even the ruler and the subject. He equated the low caste *Sudra* with the high, caste *Brahmin*, and the subject non-Muslim with the ruling Muslim. He wanted social harmony to replace social rivalry and hatred, and social unity to take the place of social disunity, But the unity he cherished was unity in diversity. William Irvine writes in his *Late Mughals* :

In all the *parganas* occupied by the Sikhs, the reversal of previous customs was striking and complete. A low scavenger or leather dresser, the lowest of the low in Indian estimation, had only to leave home and join the Guru (Sikh Leader–Baba Banda Singh) when in a short space of time he would return to his birth place as its ruler, with his order of appointment in his hand. As soon as he set foot within the boundaries, the well born and wealthy went out to greet him and excort him home.[3]

An incident clearly shows how much he respected the poor people and rejected the notion of *superiority* of the economically rich over the poor. Once he was invited by Malik Bhago, a prominent rich man, for a feast. But he did not go there. He rather went to his disciple Bhai Lalo's place, and took a coarse loaf of ordinary bread. When asked to justify his action, he explained that the invitation was based on consideration of caste; secondly, Malik had accumulated wealth by exploiting others, while Lalo earned his bread by the sweet of his brow. Guru Nanak Dev Ji also said that the poor ought not to be treated as low. All are equal members of society, irrespective of their material resources. That is why he preferred the meals earned by honest means with the labour of love. Giving away ill-gotten wealth in charity is of no value. At the same time, he said, - "Be rich, but by honest means and always remember God."

Guru Nanak Dev Ji said that the laws of nature do not act differently with regard to the higher and lower castes, the rich and the poor, the Hindus and Muslims. 'In each being is the same Supreme light hidden. All hearts are illumined by the light

of the same Supreme Lord. By the Master's teachings, the adamant doors of ignorance are opened.[4]

The third Sikh Guru, Guru Amar Dass Ji advises against the caste system. He pointed out, 'Everybody says, there are four castes. but they should understand that all creation has arisen from the same divine essence. The same is the clay from which the whole universe. has appeared. The potter moulds the clay into various forms. From the five elements is made the form of the body. Who can say, which has less or more of these?[5] So he advises us that none should entertain the pride of caste. Rather one ought to see the light within all.

Keeping in view the harmonious relatioships of all the devotees, Guru Nanak Dev Ji organized them into a Sangat (congregation) at Kartarpur. He also started the free Community Kitchen, popularly known as Guru-Ka-Langar, where all are treated equally. All sit together in a line (Pangat) and take food without any distinction of caste, class or creed. Distribution of Langar in the Gurudwaras upto this date has made Sikhism one of the most progressive religions of the world. This concept reveals the fact that no one should remain hungry in the Kingdom of God. Initially Guru Nanak Dev Ji spent, all his income from cultivation of land to establish this institution. Now all Sikhs contribute their money and service to it.

Guru Nanak Dev Ji was not a visionary idealist or a speculative theorist. He spoke to the people in their own language and explained his ideas to them with examples drawn from every day life.

Guru Nanak Dev Ji's laboratories, both for the demonstration and practice of his teachings were the institutions of Sangat and Pangat. Wherever he went, he established Sangats or congregations of his followers and admirers. There they met daily, generally in the evenings, to hear the Guru's teachings, sing his hymns, pray to God, and discuss and solve their common problems.[6]

An example from Dabistan - E-Mazahib is worth quoting here. Maubid Zulfiquar Ardistanti, its Parsi author, who had seen Sikhism in practice at Kiratpur under the guidanceof the sixth Sikh Guru, Guru Har Gobind Sahib Ji and the seventh Guru, Guru Har Rai Ji in the seventeenth century, writes:

There is no restriction among them, that a Brahmin may not become the disciple of a Khatri, for Guru Nanak Dev Ji was a Khatri, and no Guru among them was from Brahmins. Similarly they placed Khatris under the authority of the Jats who belong to the low caste of the Vaishyas, as the big Masands of the Guru are mostly Jats. The Brahmins and Khatris become pupils and disciples of the Guru through the medium of Masands and are accepted into the tutelage and discipleship of the Guru.[7]

The position of women was not respectable in the mediaeval society. She was considered weak and her status was low. In fact they were in a pitiable condition.

In the opinion of Guru Nanak Dev Ji, women is an honourable part of society. He protested against any idea of women being considered inferior or low. He said : Why call woman inferior when she is demonstrably the mother of all human beings, even the kings and emperors? From the woman is a man born, in her womb is he concevied. She is the mother of all mankind. Contempt for womanhood is great imprориety because she is indispensable for the creation of society.[8]

These teachings led to the restoration of equal status to women in Sikhism. Dorothy Field writes :

The most noteable social improvement was the emancipation of women. Many women found salvation through the Guru's teachings.[9]

Shri Guru Granth Sahib Ji, the holy scripture of the Sikhs is cosmopolitan in out look and contains compositions and utterances of high-born Brahmins, the esteemed Kshatriyas, the lowly Shudras and the unlettered Jats as well, along with the hymns of the six Sikhs Gurus. The prevalent contemporary dialect is used by the poets and writers and the examples are drawn from everyday life. Some of the popular saints whose hymns the fifth Guru, Guru Arjan Dev Ji, incorporated into the Sri Guru

Granth Sahib Ji, came from the lowest of the low Hindu and Muslim classes. He included the hymns of his predecessors as well as some of the other Indian Saints imbued with divine love, for example, Sadana, a Muslim butcher; Kabir, a weaver; Ravidas, an untochable cobbler; Sain Ji, a low caste messenger; in addition to the Mulsim Mirasis,drummers and Bhattas.

The tenth Guru Sri Guru Gobind Singh Ji, declared caste a taboo in the order of the Khalsa created by him. He said that true service is service of the common people. He was not inclined to serve people of the higher castes and classes. According to him, 'Charity will bear fruit only if given to worthy dserving people. Feeding the poor man is an offering to God.' (Garib Da Mooh-Guru di Golak.) Of his first five beloved ones (Panj Piare), whom he calls "Khalsa", four belonged to the lowest classes: Dharam Das was a Jat; Mohakam Chand was a washerman; Himmat Rai, a cook and Sahib Chand a barber. According to him, mankind is all one, (Manas Ki Jat Sabe Eke Pahchanbo). After baptism, they had only one caste i.e. Singh (lion). Guru Gobind Singh Ji invested all his powers among them ceremonisously and became their disciple. He himself took Amrit (baptism) from them in the manner in which he himself had baptized them. Rare example indeed, of the Guru himself becoming the disciple of his disciples!

Some hymns from Sri Guru Granth Sahib Ji of the saints who belonged to the so called low and the poor classes are quoted below. **Kabir** declares, 'I am a weaver by caste but content in nature and yet I contemplate on the attributes of His holy Name slowly and steadily in docile manner.[10]

A similar lack of concern for any stigma of the low caste is shown by ***Bhagat Ravidas*** : 'Low is my caste, low is my rank and I am low by birth as well. The Divine Lord 'I have not served, says Ravidas, the cobbler.[11]

Sri Guru Granth Sahib Ji contains the hymns of six Sikh Gurus. But it contains the sermons of various saints of different religions and castes as well. When we bow our head to Sri Guru Granth Sahib Ji, we revere the hymns of Bhagats as 'Guru'.

The Sikh Gurus were aware that justice without social equality is meaningless. Social equality includes respect for the rights of others as well as non-exploitation of others.

Let's conclude with a fitting tribute in the words of Swami Ram Tirth, "The Sikh heritage reminds the spiritual seeker of social obligations, that the spiritual quest is not only vertical but horizontal as well. The affairs of human life are essential considerations to a spiritually aware individual.[12]

Undoubtedly, Sikhism is a humane, caring and altruistic faith that embraces all humanity and provides unfailing succour to the needy and the neglected.

References :

1. Swami Ranganathananda, Eternal Values for a Changing-Society, Vol II. Fourth Edition, Bharatiya Vidya Bhavan, Bombay. p.193.

2. ਨੀਚਾ ਅੰਦਰਿ ਨੀਚ ਜਾਤਿ
ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ
ਵਡਿਆ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨਿ
ਤਿਥੈ ਨਦਰਿ ਤੇਰੀ ਬਖਸੀਸ ॥
—Sri Guru Granth Sahib Ji,
Sri Rag, M,-I., P.15.

3. Quoted by Dr. Ganda Singh, in Guru Nanak's Impact of History, Punjab Past and Present, Vol. III, Punjabi University, Patiala, 1969, p. 415.

4. Guru Granth Sahib, op. cit.Rag Sorath, M.I, p. 597.

5. Ibid., Rag Bahiron, M.3, p.1128.,

6. Ganda Singh, op. cit. p. 414.

7. Ibid., p 415.

8. Guru.Granth Sahib, op. cit.-Rag Asa M.1., p. 473.

9. Religion of the Sikhs (London: Murphy, 1914) p. 59. Quoted by Dr. Avtar Singh in, Ethics of the Sikhs, Punjabi University, Patiala, 1991, p.174.

10. Guru Granth Sahib, op. cit. Gauri Kabir, p. 328.

11. Ibid., Ravidas, Asa, p. 486.

12. Panchbati Sandesh, Oct. 96, Swami Ram Tirth, Philosophy of Sikhism, (Extract from Gobind Geet), PP 4-5.

(Courtesy :
Sachkand Patra, Sept. 2003)